# ਕੈਨੇਡਾ ਦਰਪਣ

ਅਗਸਤ 14, 1987

**August 14, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ WEEKENDING AUGUST 14, 1987 Vol. 6 No. 30 Out of Greater Vanc... 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਸ੍ਰੀ ਲੰਕਾ ਦੇ ਟੋਟੇ ਕਰਨ ਦੀ

# ਅਮਰੀਕਨ ਸਾਜ਼ਿਸ਼ ਫ਼ੇਲ

## ਤਾਮਿਲ ਵਿਦਰੋਹੀ ਹਥਿਆਰ ਹਵਾਲੇ ਕਰਨ ਲੱਗੇ

ਕੋਲੰਬੋ — ਖਬਰ ਪੁੱਜੀ ਹੈ ਕਿ ਸ੍ਰੀ ਲੰਕਾ ਵਿਚ ਪਿਛਲੇ ਚਾਰ ਸਾਲਾਂ ਤੋਂ ਤਾਮਿਲਾਂ ਅਤੇ ਸਰਕਾਰੀ ਫੌਜਾਂ ਵਿਚ ਚੱਲ ਰਹੀ ਲੜਾਈ ਖਤਮ ਹੋ ਗਈ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਸ੍ਰੀ ਲੰਕਾ ਦੇ ਪ੍ਰਧਾਨ ਸ੍ਰੀ ਜੈਵਰਧਨੇ ਵਿਚਕਾਰ ਹੋਏ ਅਮਨ ਸਮਝੌਤੇ ਕਾਰਨ ਜੰਗਬੰਦੀ ਹੋ ਚੁਕੀ ਹੈ। ਸਮਝੌਤੇ ਨੂੰ ਲਾਗੂ ਕਰਨ ਲਈ ਸ੍ਰੀ ਲੰਕਾ ਸਰਕਾਰ ਦੀ ਬੇਨਤੀ ਉਪਰ ਭਾਰਤ ਨੇ ਚਾਰ ਹਜ਼ਾਰ ਦੇ ਕਰੀਬ ਫੌਜ ਲੜਾਈ ਵਾਲੇ ਤਾਮਿਲ ਇਲਾਕੇ ਜਾਫਨਾ ਵਿਚ ਭੇਜੀ ਹੈ।

ਯਾਦ ਰਹੇ ਕਿ ਪਿਛਲੇ ਚਾਰ ਸਾਲਾਂ ਤੋਂ ਚੱਲ ਰਹੀ ਇਸ ਲੜਾਈ ਵਿਚ ਛੇ ਹਜ਼ਾਰ ਤੋਂ ਉਪਰ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ ਹਨ।

ਇਹ ਗੱਲ ਕਿਸੇ ਤੋਂ ਗੁੱਝੀ ਨਹੀਂ ਕਿ ਸ੍ਰੀ ਲੰਕਾ ਦੇ ਟੋਟੇ ਕਰਨ ਵਿਚ ਅਮਰੀਕੀ ਸੀ. ਆਈ. ਏ. ਨੇ ਤਾਮਿਲਾਂ ਅਤੇ ਸਨਿਹਾਲੀਆਂ ਵਿਚੋਂ ਵੀ ਲੋਕਾਂ ਨੂੰ ਕੰਟਰੋਲ ਕੀਤਾ ਹੋਇਆ ਸੀ। ਭਾਰਤ ਦੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਅਤੇ ਸਰਕਾਰ ਸ੍ਰੀ ਲੰਕਾ ਦੀ ਏਕਤਾ ਵਿਚ ਹੀ ਕੋਈ ਸਮਝੌਤਾ ਹੋਇਆ ਦੇਖਣਾ ਚਾਹੁੰਦੀਆਂ ਸਨ।

ਤਾਮਲ ਟਾਈਗਰਾਂ ਦੇ ਆਗੂ ਸ੍ਰੀ ਪ੍ਰਭਾਕਰਮ ਇਹ ਡਰ ਮਹਿਸੂਸ ਕਰਦਾ ਸੀ ਕਿ ਕਿਧਰੇ ਸਮਝੌਤੇ ਤੋਂ ਮਗਰੋਂ ਸ੍ਰੀ ਲੰਕਾ ਦੀ ਸਰਕਾਰ ਤਾਮਿਲਾਂ ਉਪਰ ਤਸ਼ੱਦਦ ਜਾਰੀ ਨਾ ਰੱਖੇ। ਏਸੇ ਲਈ ਹੀ ਭਾਰਤੀ ਫੌਜੀ ਅਮਨ ਦੀ ਬਹਾਲੀ ਲਈ ਅਤੇ ਜੰਗਬੰਦੀ ਲਾਗੂ ਕਰਨ ਲਈ ਪੁਜੀ ਹੈ ਜਿਸ ਉਪਰ ਕਿ ਤਾਮਲਾਂ ਨੂੰ ਵਿਸ਼ਵਾਸ਼ ਸੀ। ਏਸੇ ਲਈ ਹੀ ਤਾਮਲ ਲੜਾਕੇ ਆਪਣੇ ਹਥਿਆਰ ਭਾਰਤੀ ਫੌਜਾਂ ਦੇ ਹਵਾਲੇ ਕਰ ਰਹੇ ਹਨ।

ਸ੍ਰੀ ਲੰਕਾ ਦੇ ਹੋਏ ਸਮਝੌਤੇ ਅਨੁਸਾਰ ਤਾਮਿਲ ਵਸੋਂ ਵਾਲੇ ਇਲਾਕੇ ਨੂੰ ਅੰਦਰੂਨੀ ਖੁਦਇਖਤਿਆਰੀ ਦੇ ਕੇ ਸ੍ਰੀ ਲੰਕਾ ਦੇ ਅੰਦਰ ਇਕ ਸੂਬੇ ਦਾ ਦਰਜਾ ਮਿਲ ਜਾਵੇਗਾ।

**ਅੰਦਰ ਪੜ੍ਹੋ :**

- ਕੈਨੇਡੀਅਨ ਪੰਜਾਬੀ ਸਾਹਿਤ ਅੰਕ
- ਵਿਸ਼ੇਸ਼ ਸਪਲੀਮੈਂਟ : ਫ਼ਖਰ ਜ਼ਮਾਨ

## ਐਡਮਿੰਟਨ ਵਿਚ ਭਿਆਨਕ ਤੂਫਾਨ ਨੇ 34 ਜਾਨਾਂ ਲਈਆਂ

### ਅਜਮੇਰ ਧਾਲੀਵਾਲ ਦੀ ਜਾਨ ਗਈ



ਐਡਮਿੰਟਨ — 31 ਜੁਲਾਈ ਨੂੰ ਐਡਮਿੰਟਨ ਨੂੰ ਭਿਆਨਕ ਤੂਫਾਨ ਨੇ ਆ ਘੇਰਿਆ। ਕਾਲੀ ਹਨੇਰੀ ਨੇ ਘਰਾਂ ਅਤੇ ਫੈਕਟਰੀਆਂ ਦਾ ਬਹੁਤ ਨੁਕਸਾਨ ਕੀਤਾ। ਮਲੀਆਮੇਟ ਕਰਦੀ ਹਨੇਰੀ ਨੇ 34 ਜਾਨਾਂ ਲਈਆਂ ਜਿਨ੍ਹਾਂ ਵਿਚ ਇਕ ਪੰਜਾਬੀ ਅਜਮੇਰ ਧਾਲੀਵਾਲ ਵੀ ਸ਼ਾਮਲ ਹੈ। ਉਹ ਆਪਣੇ ਕੰਮ ਤੋਂ ਕੈਨੇਡਾ ਪੈਕਰਜ਼ ਤੋਂ ਕਾਰ ਵਿਚ ਆ ਰਿਹਾ ਸੀ ਕਿ ਇਸ ਕਾਲੀ ਹਨੇਰੀ ਦੀ ਲਪੇਟ ਵਿਚ ਆ ਗਿਆ। ਕਰੋੜਾਂ ਡਾਲਰਾਂ ਦਾ ਨੁਕਸਾਨ ਹੋਇਆ। ਕਿਹਾ ਜਾਂਦਾ ਹੈ ਕਿ ਇਹ ਤੂਫਾਨ 1954 ਤੋਂ ਪਿਛੋਂ ਕੈਨੇਡਾ ਵਿਚ ਸਭ ਤੋਂ ਭਿਆਨਕ ਸੀ।

ਐਡਮਿੰਟਨ ਦੇ ਪੂਰਬੀ ਹਿੱਸੇ ਤੋਂ ਸ਼ੁਰੂ ਹੋਇਆ ਤੂਫਾਨ ਇਕ ਮੋਬਾਈਲ ਪਾਰਕ ਦਾ ਮਲੀਆਮੇਟ ਕਰ ਗਿਆ। ਇਕ ਪੰਜਾਬੀ ਇਸ ਤੂਫਾਨ ਵਿਚ ਜ਼ਖਮੀ ਹੋਇਆ। ਸਰਕਾਰ ਨੇ ਸਹਾਇਤਾ ਦਾ ਐਲਾਨ ਕਰ ਦਿੱਤਾ ਹੈ।

BERNARD SIMPSON & COMPANY

PRACTICE **RESTRICTED** TO INJURIES SUFFERED DUE TO CAR ACCIDENTS (ICBC CLAIMS)

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE (IF NO RECOVERY NO LEGAL FEE)

NO CHARGE FOR INITIAL CONSULTATION

SITUATED IN THE AUTOMOBILE ASSOCIATION BUILDING

734-2272

999 West Broadway, Vancouver, B.C. V5Z 1K5

ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨੑ ਮਨਿ ਭਉ ਤਿਨਾ ਮਨਿ ਭਾਉ ॥

ਦੋਸਤੀ ਪਹਿਲਾਂ, ਮੁਕਾਬਲਾ ਪਿਛੋਂ

# ਗੁਰੂ ਨਾਨਕ ਸਿੱਖ ਟੈਂਪਲ ਸੁਸਾਇਟੀ, ਵਿਲੀਅਮਜ਼ ਲੇਕ

ਵਲੋਂ

# 15, 16 ਅਗਸਤ, 1987

ਨੂੰ

# ਸ਼ਾਨਦਾਰ ਸਾਲਾਨਾ ਟੂਰਨਾਮੈਂਟ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰੂ ਨਾਨਕ ਸਿੱਖ ਟੈਂਪਲ ਸੁਸਾਇਟੀ 3024 ਗਲੈਂਡੇਲ ਡਰਾਈਵ, ਵਿਲੀਅਮਜ਼ ਲੇਕ, ਬੀ. ਸੀ. ਵਲੋਂ **15 ਤੇ 16 ਅਗਸਤ ਦਿਨ ਸ਼ਨਿਚਰਵਾਰ ਅਤੇ ਐਤਵਾਰ ਨੂੰ** ਐਨਸਟੀਵਨਸਨ ਜੂਨੀਅਰ ਸੈਕੰਡਰੀ ਸਕੂਲ 1250 ਵੈਸਟਰਨ ਐਵੇਨਿਊ ਵਿਲੀਅਮਜ਼ ਲੇਕ ਵਿਚ ਸ਼ਾਨਦਾਰ ਟੂਰਨਾਮੈਂਟ ਹੋ ਰਿਹਾ ਹੈ। ਇਸ ਸਾਲ ਟੂਰਨਾਮੈਂਟ ਵਿਚ ਹੇਠ ਲਿਖੀਆਂ ਖੇਡਾਂ ਦੇ ਮੁਕਾਬਲੇ ਹੋਣਗੇ :—

1. ਕਬੱਡੀ ਓਪਨ 155 ਪੌਂਡ
2. ਸੌਕਰ (ਓਪਨ)
3. ਵਾਲੀਵਾਲ (ਲੜਕੇ ਓਪਨ)
4. ਬਾਸਕਟਬਾਲ (ਲੜਕੇ ਓਪਨ)
5. ਰੱਸਾ ਕਸ਼ੀ (Tug of war) Mens Open
6. ਬੋਰੀ ਚੁੱਕਣਾ
7. ਘੋਲ (Wrestling) ਓਪਨ 180 ਪੌਂਡ, 160 ਪੌਂਡ, 140 ਪੌਂਡ।
8. ਬੈਂਚ ਪਰੈੱਸ (Bench Press) ਓਪਨ 180 ਪੌਂਡ, 150 ਪੌਂਡ।
9. ਵੇਟ ਲਿਫਟਿੰਗ (Weight Lifting) ਓਪਨ 180 ਪੌਂਡ, 150 ਪੌਂਡ।
10. ਬੌਡੀ ਬਿਲਡਿੰਗ (Body Building) ਓਪਨ।
11. ਦੌੜਾਂ (Track and Field)

## ਐਂਟਰੀਆਂ

11 ਅਗਸਤ, ਦਿਨ ਮੰਗਲਵਾਰ ਤੱਕ ਗੁਰਦੁਆਰਾ ਸਾਹਿਬ ਜਾਂ ਹੇਠ ਲਿਖੇ ਸੇਵਾਦਾਰਾਂ ਪਾਸ ਪਹੁੰਚ ਜਾਣੀਆਂ ਚਾਹੀਦੀਆਂ ਹਨ। ਕ੍ਰਿਪਾ ਕਰਕੇ ਐਂਟਰੀ ਸਮੇਂ ਆਪਣਾ ਫੋਨ ਨੰਬਰ ਤੇ ਨਾਮ ਜ਼ਰੂਰ ਦਿਓ। ਟਾਈਆਂ ਗੁਰਦੁਆਰਾ ਸਾਹਿਬ ਵਿਖੇ 12 ਅਗਸਤ, ਦਿਨ ਬੁੱਧਵਾਰ 12 ਵਜੇ ਪਾਈਆਂ ਜਾਣਗੀਆਂ।

## ਜ਼ਰੂਰੀ ਸੂਚਨਾਵਾਂ

1. ਗੇਮ ਤੋਂ ਪਹਿਲਾਂ ਟੀਮ ਦੇ ਨਾਮ ਰੈਫਰੀ ਪਾਸ ਦਿਤੇ ਜਾਣੇ ਜ਼ਰੂਰੀ ਹਨ।
2. ਇਕ ਟੀਮ ਵਿਚ ਖੇਡਿਆ ਖਿਡਾਰੀ ਉਸੇ ਕਲਾਸ ਦੀ ਦੂਸਰੀ ਟੀਮ ਵਿਚ ਹਿੱਸਾ ਨਹੀਂ ਲੈ ਸਕਦਾ।
3. ਆਖਰੀ ਸੀਟੀ ਵੱਜਣ ਤੋਂ 10 ਮਿੰਟ ਤੱਕ ਨਾ ਆਉਣ ਵਾਲੀ ਟੀਮ ਸਕਰੈਚ ਕੀਤੀ ਜਾਵੇਗੀ।
4. ਰੈਫਰੀ ਅਤੇ ਜੱਜ ਦਾ ਫੈਸਲਾ ਆਖਰੀ ਫੈਸਲਾ ਹੋਵੇਗਾ।
5. ਰੱਸਾ ਕਸ਼ੀ ਸਮੇਂ ਕਿਸੇ ਨੂੰ ਕਿਸੇ ਕਿਸਮ ਦੇ ਬੂਟ ਪਾਉਣ ਦੀ ਇਜ਼ਾਜਤ ਨਹੀਂ ਹੋਵੇਗੀ।
6. ਦੌੜਾਂ ਵਿਚ ਉਮਰ ਵਾਸਤੇ ਕੋਈ ਨਾ ਕੋਈ ਉਮਰ ਦਾ ਸਬੂਤ ਜ਼ਰੂਰ ਪਾਸ ਚਾਹੀਦਾ ਹੈ। ਜੋ ਕਿ ਸੇਵਾਦਾਰਾਂ ਪਾਸੋਂ ਮੰਗ ਕਰਨ ਤੇ ਦਿਖਾਉਣਾ ਪਵੇਗਾ। ਉਮਰ ਪੂਰੀ ਕਰਨ ਲਈ ਅਗਸਤ 87 ਤੱਕ ਉਮਰ ਮੰਗੀ ਜਾਵੇਗੀ।
7. ਵਾਲੀਵਾਲ ਵਿਚ ਸਿਰਫ਼ One Guest Player ਤੇ ਸੌਕਰ ਵਿਚ Three Guest Player ਤੇ ਬਾਸਕਟ ਬਾਲ ਵਿਚ One Guest Player ਹੀ ਲਏ ਜਾ ਸਕਣਗੇ ਜ਼ਿਆਦਾ ਨਹੀਂ। ਇਨਾਮ ਲੈਣ ਵਾਸਤੇ ਮੁਕਾਬਲਾ ਹੋਣਾ ਜ਼ਰੂਰੀ ਹੈ।

## ਜ਼ਰੂਰੀ ਬੇਨਤੀ

ਸਾਰੇ ਦਰਸ਼ਕਾਂ ਅਤੇ ਖਿਡਾਰੀਆਂ ਅਗੇ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੀਆਂ ਕਾਰਾਂ ਠੀਕ ਪਾਰਕਿੰਗ ਵਾਲੀਆਂ ਥਾਵਾਂ ਤੇ ਖੜੀਆਂ ਕਰਨ। ਸ਼ਰਾਬ ਦੀ ਵਰਤੋਂ ਨਾ ਕੀਤੀ ਜਾਵੇ। ਸਾਨੂੰ ਆਸ ਹੈ ਕਿ ਆਪਣੇ ਪ੍ਰਬੰਧਕਾਂ ਨੂੰ ਪੂਰਾ ਸਹਿਯੋਗ ਦਿਉਗੇ ਤਾਂ ਕਿ ਆਪਾਂ ਆਪਣੀ ਕੌਮ ਦੇ ਖਿਡਾਰੀਆਂ ਦੀ ਠੀਕ ਰੂਪ ਵਿਚ ਹੌਂਸਲਾ ਅਫਜ਼ਾਈ ਕਰ ਸਕੀਏ ਅਤੇ ਟੂਰਨਾਮੈਂਟ ਦੀ ਰੌਣਕ ਨੂੰ ਹੋਰ ਵੀ ਚੰਗਾ ਰੂਪ ਦੇ ਸਕੀਏ। ਇਸ ਤਰ੍ਹਾਂ ਅਸੀਂ ਆਪਣੀ ਕਮਿਊਨਿਟੀ ਵਿਚੋਂ ਚੰਗੇ ਖਿਡਾਰੀ ਪੈਦਾ ਕਰ ਸਕਦੇ ਹਾਂ ਅਤੇ ਪੱਛਮੀ ਦੁਨੀਆਂ ਵਿਚ ਆਪਣੀ ਕੌਮ ਦੀ ਡਸਿਪਲਨ, ਸਹਿਯੋਗ ਅਤੇ ਖੇਡਾਂ ਪ੍ਰਤੀ ਚੰਗੀ ਤਸਵੀਰ ਪੇਸ਼ ਕਰ ਸਕਦੇ ਹਾਂ।

ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ :—

ਕੁਲਵਰਨ ਸਿੰਘ ਪ੍ਰਮਾਰ- (ਪ੍ਰਧਾਨ) — 392-7275    ਦਲਜੀਤ ਸਿੰਘ ਉੱਪਲ - (ਮੀਤ ਪ੍ਰਧਾਨ) — 398-7479

ਚਰਨਜੀਤ ਸਿੰਘ ਬੋਹਨੀਵਾਲ - (ਸਪੋਰਟਸ ਡਾਇਰੈਕਟਰ) — 398-6287

# ਨਵੇਂ ਰਾਸ਼ਟਰਪਤੀ ਰਾਜੀਵ ਵਿਰੁਧ ਦੋਸ਼ਾਂ ਦੀ ਘੋਖ ਕਰਨ, ਨੰਬੂਦਰੀਪਾਦ

ਨਵੀਂ ਦਿੱਲੀ — ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜਨਰਲ ਸਕੱਤਰ ਸਾਥੀ ਈ. ਐਮ. ਐਸ. ਨੰਬੂਦਰੀਪਾਦ ਨੇ ਨਵੇਂ ਰਾਸ਼ਟਰਪਤੀ ਸ੍ਰੀ ਰਾਮਾਸਵਾਮੀ ਵੈਂਕਟਰਮਨ ਨੂੰ ਅਪੀਲ ਕੀਤੀ ਹੈ ਕਿ ਉਹ ਭਰਿਸ਼ਟਾਚਾਰ ਦੇ ਦੋਸ਼ਾਂ ਦੀ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਸਿੱਧੇ ਸਬੰਧਤ ਹੋਣ ਦਾ ਮਾਮਲਾ ਵੀ ਸ਼ਾਮਲ ਹੈ, ਪੜਤਾਲ ਕਰਾਉਣ।

ਸੀ. ਪੀ. ਆਈ. (ਐਮ) ਦੀ ਕੇਂਦਰੀ ਕਮੇਟੀ ਦੇ ਤਰਜਮਾਨ 'ਪੀਪਲਜ਼ ਡੈਮੋਕਰੇਸੀ' ਦੇ ਤਾਜ਼ਾ ਅੰਕ ਵਿਚ ਲਿਖੇ ਲੇਖ ਵਿਚ ਸਾਥੀ ਨੰਬੂਦਰੀਪਾਦ ਨੇ ਕਿਹਾ ਕਿ ਰਾਸ਼ਟਰਪਤੀ ਚੋਣਾਂ ਵਿਚ ਆਪੋਜ਼ੀਸ਼ਨ ਉਮੀਦਵਾਰ ਸ੍ਰੀ ਕਰਿਸ਼ਨ ਆਇਰ ਨੇ ਵੋਟਰਾਂ ਦੇ ਨਾਂਅ ਅਪੀਲ ਵਿਚ ਕਿਹਾ ਸੀ ਕਿ ਜਦੋਂ ਸਭ ਤੋਂ ਉਪਰਲੇ ਪੱਧਰ ਤੇ ਕੁਰਪਸ਼ਨ ਦੇ ਦੋਸ਼ਾਂ ਨਾਲ ਕੌਮੀ ਤੇ ਭਾਰੀ ਉਥਲ-ਪੁਥਲ ਹੋ ਰਹੀ ਹੈ ਉਦੋਂ ਰਾਸ਼ਟਰਪਤੀ ਅਹਿਮ ਸੂਚਨਾ ਤੋਂ ਬਿਨਾਂ ਹੱਥ ਤੇ ਹੱਥ ਟਿਕਾਏ ਬੈਠਾ ਨਹੀਂ ਰਹਿ ਸਕਦਾ। ਸੀ. ਪੀ. ਆਈ. (ਐਮ) ਦੇ ਜਨਰਲ ਸਕੱਤਰ ਨੇ ਸ੍ਰੀ ਆਇਰ ਦਾ ਇਹ ਕਹਿੰਦੇ ਹੋਏ ਹਵਾਲਾ ਦਿੱਤਾ ਹੈ ਕਿ ਨਿਰਸੰਦੇਹ ਰਾਸ਼ਟਰਪਤੀ ਕਾਹਲੀ ਵਿਚ ਕੋਈ ਕਦਮ ਨਹੀਂ ਚੁਕ ਸਕਦਾ ਸਗੋਂ ਉਸਨੂੰ ਆਪਣੇ ਅਹੁਦੇ ਦੀ ਵਰਤੋਂ ਇਸ ਗੱਲ ਨੂੰ ਯਕੀਨੀ ਬਨਾਉਣ ਲਈ ਕਰਨੀ ਚਾਹੀਦੀ ਹੈ ਤਾਂ ਕਿ ਪ੍ਰਸ਼ਾਸਨ ਵਿਚ ਭਰੋਸਾ ਕਾਇਮ ਰਹੇ। ਉਹਨਾਂ ਕਿਹਾ ਕਿ ਇਹ ਗੱਲ ਅਜ ਅਹਿਮੀਅਤ ਅਖਤਿਆਰ ਕਰ ਗਈ ਹੈ ਜਦੋਂ ਉਹ ਵਿਅਕਤੀ ਜਿਹੜੇ ਅਜੇ ਵੀ ਆਪਣੇ-ਆਪ ਨੂੰ ਕਾਂਗਰਸੀ ਕਹਿੰਦੇ ਹਨ ਪ੍ਰਧਾਨ ਮੰਤਰੀ ਤੇ ਕੁਰਪਸ਼ਨ ਵਿਚ ਸਿੱਧਾ ਹੱਥ ਹੋਣ ਦਾ ਇਲਜ਼ਾਮ ਲਾਉਂਦੇ ਹਨ। ਕੀ ਰਾਸ਼ਟਰਪਤੀ ਵੈਂਕਟਰਮਨ ਇਹਨਾਂ ਅਸਲੀਅਤਾਂ ਤੋਂ ਆਪਣੀਆਂ ਅੱਖਾਂ ਬੰਦ ਕਰ ਸਕਦੇ ਹਨ।

ਸਾਥੀ ਨੰਬੂਦਰੀਪਾਦ ਨੇ ਕਿਹਾ ਕਿ ਰਾਸ਼ਟਰਪਤੀ ਚੋਣਾਂ ਲਈ ਸ੍ਰੀ ਵੈਂਕਟਰਮਨ ਨੂੰ ਆਪਣਾ ਉਮੀਦਵਾਰ ਨਾਮਜ਼ਦ ਕਰਦੇ ਹੋਏ, ਪ੍ਰਧਾਨ ਮੰਤਰੀ ਤੇ ਉਹਨਾਂ ਦੀ ਵਜ਼ਾਰਤ ਨੇ ਆਸ ਪ੍ਰਗਟ ਕੀਤੀ ਸੀ ਕਿ ਉਹ ਰਬੜ ਦੀ ਮੋਹਰ ਹੋਣਗੇ। ਉਹਨਾਂ ਪੁੱਛਿਆ ਕਿ ਕੀ ਨਵਾਂ ਰਾਸ਼ਟਰਪਤੀ ਇਸ ਢੰਗ ਨਾਲ ਕੰਮ ਕਰ ਸਕਦਾ ਹੈ ਕਿ ਉਹ ਨਾਮਜ਼ਦ ਕਰਨ ਵਾਲਿਆਂ ਦੀਆਂ ਆਸਾਂ ਪੂਰੀਆਂ ਕਰ ਸਕੇ ਅਤੇ ਇਹਦੇ ਨਾਲ ਵੀ ਇਮਾਨਦਾਰ ਆਦਮੀ ਵਜੋਂ ਆਪਣਾ ਵਕਾਰ ਕਾਇਮ ਰਖ ਸਕੇ ? ਸੀ. ਪੀ. ਆਈ. (ਐਮ) ਦੇ ਨੇਤਾ ਨੇ ਕਿਹਾ ਕਿ ਨਵੇਂ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਨੂੰ ਬਰਤਰਫ ਕਰਨ ਜਾਂ ਉਸਤੇ ਮੁਕੱਦਮਾ ਚਲਾਉਣ ਦਾ ਹੁਕਮ ਦੇਣ ਦਾ ਅਧਿਕਾਰ ਮੰਗਣ ਦੀ ਲੋੜ ਨਹੀਂ ਹੈ ਜਿਵੇਂ ਕਿ ਗਿਆਨੀ ਜ਼ੈਲ ਸਿੰਘ ਲਈ ਸਿਆਸੀ ਆਗੂਆਂ ਦੇ ਇਕ ਧੜੇ ਤੇ ਪ੍ਰੈਸ ਵਲੋਂ ਮੰਗ ਕੀਤੀ ਗਈ ਸੀ। ਪਰ ਨਾਲ ਹੀ ਕੀ ਉਹ ਉਹਨਾਂ ਸ਼ਰਮਨਾਕ ਘਟਨਾਵਾਂ ਬਾਰੇ ਲਾਚਾਰ ਦਰਸ਼ਕ ਬਣਿਆ ਰਹਿ ਸਕਦਾ ਹੈ ? ਜਿਹਨਾਂ ਕਾਰਨ ਅਮਿਤਾਭ ਬਚਨ ਨੂੰ ਲੋਕ ਸਭਾ ਤੋਂ ਅਸਤੀਫਾ ਦੇਣਾ ਪਿਆ ਹੈ ? ਉਹਨਾਂ ਕਿਹਾ ਕਿ ਇਹ ਕੰਮ ਰਾਸ਼ਟਰਪਤੀ ਦਾ ਹੈ ਕਿ ਉਹ ਕੁਰੱਪਸ਼ਨ ਦੇ ਉਹਨਾਂ ਦੋਸ਼ਾਂ ਨਾਲ ਨਿਬੜਨ ਸਬੰਧੀ ਢੰਗ-ਤਰੀਕੇ ਸੁਝਾਏ ਜਿਹੜੇ ਅਜ ਦੇਸ਼ ਵਿਚ ਸਭ ਤੋਂ ਭਖਵੇਂ ਰਾਜਸੀ ਮੁੱਦੇ ਬਣ ਗਏ ਹਨ।

## 44 ਲੱਖ ਰੁਪਏ ਦਾ ਸੋਨਾ ਫੜਿਆ

ਨਵੀਂ ਦਿੱਲੀ — ਨਸ਼ੀਲੀਆਂ ਵਸਤਾਂ ਨੂੰ ਕੰਟਰੋਲ ਕਰਨ ਵਾਲੇ ਬਿਊਰੋ (ਐਨ. ਸੀ. ਬੀ.) ਨੇ ਦਿੱਲੀ ਹਵਾਈ ਅੱਡੇ ਦੇ ਕਸਟਮ ਅਧਿਕਾਰੀਆਂ ਦੇ ਸਹਿਯੋਗ ਨਾਲ ਸੋਨੇ ਦੇ 132 ਬਿਸਕੁਟ ਕਾਬੂ ਕੀਤੇ ਗਏ ਹਨ। ਇਹ ਸੋਨਾ ਬੰਬਈ ਦੇ ਲੰਡਨ ਤੋਂ ਆ ਰਹੇ ਇਕ ਵਪਾਰੀ ਤੋਂ ਫੜਿਆ ਗਿਆ। ਬਦੇਸ਼ੀ ਮਾਰਕੇ ਦੇ ਕਾਬੂ ਕੀਤੇ ਇਹਨਾਂ ਬਿਸਕੁਟਾਂ ਦਾ ਹਰੇਕ ਦਾ ਭਾਰ 110 ਗਰਾਮ ਹੈ। ਐਨ. ਸੀ. ਬੀ. ਵਲੋਂ ਇਹ ਕਾਰਵਾਈ ਸੂਹ ਮਿਲਣ ਤੇ ਕੀਤੀ ਗਈ। ਸ਼ੱਕੀ ਮੁਸਾਫਰ ਨੂੰ ਫੌਰਨ ਪਹਿਚਾਨ ਕੇ ਉਸ ਉਪਰ ਤੇਜ਼ ਨਜ਼ਰ ਰੱਖੀ ਗਈ। ਜਿਉਂ ਹੀ ਉਸਨੇ ਗਰੀਨ ਚੈਨਲ ਰਾਹੀਂ ਬਾਹਰ ਜਾਣ ਦੀ ਕੋਸ਼ਿਸ਼ ਕੀਤੀ ਉਸ ਨੂੰ ਰੋਕ ਲਿਆ ਗਿਆ। ਐਨ. ਸੀ. ਬੀ. ਦੇ ਇਕ ਅਧਿਕਾਰੀ ਨੇ ਦੱਸਿਆ ਕਿ ਮੁਸਾਫਰ ਦੇ ਸਮਾਨ ਦੀ ਤਲਾਸ਼ੀ ਵਿਚੋਂ ਕੁਝ ਨਾ ਮਿਲਿਆ। ਉਸ ਦੀ ਨਿਜੀ ਤਲਾਸ਼ੀ ਕਰਨ ਤੇ ਕੱਪੜੇ ਦੀ ਇਕ ਭਾਰੀ ਪੇਟੀ ਉਸਦੇ ਲੱਕ ਦੁਆਲਿਓ ਮਿਲੀ ਜੋ ਉਸਨੇ ਆਪਣੇ ਕਪੜਿਆਂ ਹੇਠ ਬੰਨ ਰੱਖੀ ਸੀ। ਪੇਟੀ ਦੀ ਜਾਂਚ ਮਗਰੋਂ ਸੋਨੇ ਦੇ 132 ਬਿਸਕੁਟ ਮਿਲੇ ਜਿਨਾਂ ਦਾ ਕੁਲ ਭਾਰ 15.5 ਕਿਲੋ ਹੈ ਬਿਸਕੁਟਾਂ ਉਪਰ ਸਵਿਸ ਮਾਰਕੇ ਹਨ।

## ਪੰਜਾਬ ਵਿਚ ਚਾਰ ਕਤਲ

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ 4 ਅਗਸਤ ਨੂੰ ਲੁਧਿਆਣੇ ਕਾਲਜ ਦਾ ਇਕ ਪ੍ਰੋਫੈਸਰ ਅਤੇ ਇਕ ਡਾਕਟਰ ਦਹਿਸ਼ਤਪਸੰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ।

ਸਾਹਨੇਵਾਲ ਨੇੜੇ ਇਕ ਵਪਾਰੀ ਦੀ ਵੀ ਮੌਤ ਦੀ ਸੂਚਨਾ ਮਿਲੀ ਹੈ ਇਕ ਕਤਲ ਗੁਰਦਾਸਪੁਰ ਵਿਚ ਹੋਇਆ ਦੱਸਿਆ ਗਿਆ ਹੈ।

---

ਜਿਸ ਨੇ ਆਪ ਆਪਣਾ ਬਣਾਇਆ ਘਰ ਬਾਰ ਹੁੰਦਾ ਹੈ,
ਉਸ ਦਾ ਉਸ ਦੇ ਨਾਲ ਤਹਿ ਦਿਲ ਤੋਂ ਪਿਆਰ ਹੁੰਦਾ ਹੈ।
ਗਮ ਵੇਲੇ ਉਹ ਤਾਂ ਕੀ ਉਸ ਦਾ ਖ਼ਤ ਵੀ ਨਹੀਂ ਆਂਦਾ,
ਪਰ ਖੁਸ਼ੀ ਵੇਲੇ ਮੇਰੇ ਕੋਲ ਬੈਠਾ ਮੇਰਾ ਯਾਰ ਹੁੰਦਾ ਹੈ।

---

# ਵੈਨਕੂਵਰ ਵਿਚ ਰਾਜੀਵ ਵਿਰੁਧ ਮੁਜ਼ਾਹਰਾ ਸ਼ਾਂਤਮਈ ਹੋਵੇਗਾ?

ਵੈਨਕੂਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਸਿੱਖ ਸੁਸਾਇਟੀਜ਼ ਆਫ ਕੈਨੇਡਾ ਦੇ ਪ੍ਰਧਾਨ ਸ. ਮੁਹਿੰਦਰ ਸਿੰਘ ਗੋਸਲ ਨੇ ਇਥੇ ਕਿਹਾ ਕਿ ਅਕਤੂਬਰ ਵਿਚ ਰਾਜੀਵ ਗਾਂਧੀ ਦੇ ਵੈਨਕੂਵਰ ਆਉਣ ਉਤੇ ਮੁਜ਼ਾਹਰੇ ਸ਼ਾਂਤਮਈ ਹੋਣਗੇ। ਪੱਤਰਕਾਰ ਨੇ ਸ: ਗੋਸਲ ਦੀ ਇੰਟਰਵੀਊ ਰੌਸ ਗੁਰੂ ਘਰ ਵਿਚ ਠਹਿਰੇ 56 ਸ਼ਰਨਾਰਥੀਆਂ ਨੂੰ ਮਿਲਣ ਗਏ ਸ: ਗੋਸਲ ਨਾਲ ਕੀਤੀ।

ਸਿੱਖ ਸੁਸਾਇਟੀਆਂ ਵਲੋਂ ਕੀਤੇ ਜਾ ਰਹੇ ਮੁਜ਼ਾਹਰੇ ਸਮੇਂ ਰਾਜੀਵ ਗਾਂਧੀ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ।

ਭਾਰਤ ਦੇ ਕੌਂਸਲਰ ਜਨਰਲ ਨੇ ਪੱਤਰਕਾਰ ਨੂੰ ਕਿਹਾ ਕਿ ਉਨ੍ਹਾਂ ਨੇ ਆਪਣੇ ਖਦਸ਼ੇ ਕੈਨੇਡਾ ਸਰਕਾਰ ਤੱਕ ਪੁਚਾ ਦਿੱਤੇ ਹਨ।

## ਅਮਰਜੀਤ ਸਿੰਘ ਗਰਚਾ ਨੂੰ ਪੁਲਸੀਏ ਦਾ ਪਤਾ ਨਾ ਲੱਗਿਆ

ਹੇਲੀਫੈਕਸ — ਜਿਹੜੇ ਛੇ ਬੰਦੇ ਇਥੇ ਅਜੇ ਜੇਲ੍ਹ ਵਿਚ ਬੰਦ ਹਨ ਉਨਾਂ ਵਿਚ ਅਮਰਜੀਤ ਸਿੰਘ ਗਰਚਾ ਵੀ ਸ਼ਾਮਲ ਹੈ ਜਿਸਨੇ ਇਕ ਪੁਲਸੀਏ ਕੋਲ ਮੰਨਿਆ ਸੀ ਕਿ ਜੇ ਫੈਡਰੇਸ਼ਨ ਉਸਨੂੰ ਕਤਲ ਕਰਨ ਲਈ ਕਹੇ ਤਾਂ ਉਹ ਝਿਜਕੇਗਾ ਨਹੀਂ। ਮੰਗਲਵਾਰ ਉਸਨੇ ਇਮੀਗਰੇਸ਼ਨ ਸੁਣਵਾਈ ਸਮੇਂ ਕਿਹਾ ਕਿ ਇਥੇ ਪਹੁੰਚਣ ਉਤੇ ਉਸ ਦੀ ਇੰਟਰਵੀਊ ਇਕ ਪੁਲਸੀਏ ਨਾਲ ਹੋਈ ਸੀ ਅਤੇ ਉਸ ਨੇ ਕਿਹਾ ਸੀ ਕਿ ਉਹ ਕੈਨੇਡਾ ਵਿਚ ਕਤਲ ਨਹੀਂ ਕਰੇਗਾ ਪਰ ਜੇ ਉਸਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜੇ ਤਾਂ ਉਹ ਭਾਰਤ ਵਿਚ ਕਤਲ ਕਰੇਗਾ।

ਗਰਚੇ ਨੇ ਕਿਹਾ ਕਿ ਉਸਨੂੰ ਨਹੀਂ ਸੀ ਪਤਾ ਕਿ ਉਹ ਪੁਲਸੀਏ ਨਾਲ ਗੱਲ ਕਰ ਰਿਹਾ ਹੈ ਕਿਉਂਕਿ ਪੁਲਸੀਏ ਨੇ ਵਰਦੀ ਨਹੀਂ ਸੀ ਪਾਈ ਹੋਈ। ਪਰ ਉਸਨੇ ਕਿਹਾ ਕਿ ਉਹ ਫੈਡਰੇਸ਼ਨ ਦਾ ਮੈਂਬਰ ਹੈ।

## ਪਾਠਕਾਂ ਪ੍ਰਤੀ ਸੂਚਨਾ

ਸਾਡਾ ਸਟਾਫ਼ ਅਗਲੇ ਹਫ਼ਤੇ ਛੁੱਟੀ ਉਤੇ ਹੋਣ ਕਾਰਨ 'ਕੈਨੇਡਾ ਦਰਪਣ' ਦਾ ਅਗਲੇ ਹਫਤੇ ਦਾ ਅੰਕ ਪ੍ਰਕਾਸ਼ਿਤ ਨਹੀਂ ਹੋਵੇਗਾ। ਪਾਠਕ ਸੱਜਣ ਅਤੇ ਵਪਾਰੀ ਵੀਰ ਨੋਟ ਕਰ ਲੈਣ। — ਸਰਕੂਲੇਸ਼ਨ ਮੈਨੇਜਰ


ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

TEL. 874-9525

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ROYAL FURNITURE

**Royal Furniture Ltd.**

2607 Main St. (at 10th Ave.) Vancouver, B.C.

ROYAL - THE NAME FRIENDS RECOMMEND



ਪਾਲ ਤੂਰ

ਹਰ ਸੱਤਾਂ ਮਿੰਟਾਂ ਵਿਚ ਸਾਡੀ ਕੰਪਨੀ ਘਰ ਵੇਚਦੀ ਹੈ — ਸਾਡੇ ਕੋਲ ਲਿਸਟ ਕਰੋ

7 MINUTES FROM NOW ROYAL LEPAGE WILL SELL A HOME

It could be yours if it is listed with us

If you are thinking of selling your home or any others type of property

Please give me at call to find out the one most important reason to sell through us

ROYAL LEPAGE



Daljit (Dale) Toor

Bus. 590-1321

Res. 594-7629

ਹੋਰ ਜਾਣਕਾਰੀ ਲਈ ਫੋਨ ਕਰੋ : ਦਲਜੀਤ ਤੂਰ

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਹਰਕਿਸ਼ਨ ਸਿੰਘ ਸੁਰਜੀਤ ਨਾਲ ਮੁਲਾਕਾਤ

ਦਰਸ਼ਨ ਗਿੱਲ



(ਪਿਛਲੇਰੇ ਹਫਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਦੇ ਮੈਂਬਰ ਤੇ ਸਾਬਕਾ ਰਾਜ ਸਭਾ ਮੈਂਬਰ ਸ੍ਰੀ ਸੁਰਜੀਤ ਵੈਨਕੂਵਰ ਆਏ ਸਨ। ਉਨ੍ਹਾਂ ਨਾਲ ਕੌਮਾਂਤਰੀ, ਕੌਮੀ ਅਤੇ ਪੰਜਾਬ ਦੇ ਮਸਲਿਆਂ ਉਪਰ ਇਕ ਲੰਮੀ ਵਾਰਤਾ ਕੀਤੀ ਗਈ ਸੀ। ਕਾਮਰੇਡ ਸੁਰਜੀਤ ਇਕ ਸੁਲਝੇ ਹੋਏ ਸਿਆਸਤਦਾਨ ਹਨ ਅਤੇ ਉਪਰੋਕਤ ਮਸਲਿਆਂ ਉਤੇ ਉਹ ਪਾਰਟੀ ਦੇ ਨੁਮਾਇੰਦੇ ਦੇ ਤੌਰ ਉਤੇ ਸਿਧੇ ਸਬੰਧਤ ਹਨ — ਸੰਪਦਕ)

? ਸੁਰਜੀਤ ਜੀ, ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਹੁਣੇ ਹੀ ਮੰਗੋਲੀਆ ਦੇ ਦੌਰੇ ਉਤੋਂ ਵਾਪਸ ਆਏ ਹੋ, ਇਸ ਦੌਰੇ ਦਾ ਮਕਸਦ ਕੀ ਸੀ ?

— ਉਥੇ ਕਾਨਫਰੰਸ ਸੀ ਏਸ਼ੀਅਨ ਪੈਸੇਫਿਕ ਰੀਜਨ ਦੀਆਂ ਕਮਿਊਨਿਸਟ ਪਾਰਟੀਆਂ ਦੀ — ਅਮਨ ਤੇ ਸੁਰੱਖਿਆ (Peace and security) ਦੇ ਮੁਆਮਲੇ ਉਤੇ। ਜਿਸ ਵਿਚ ਕੈਨੇਡਾ ਦੀ ਕਮਿਊਨਿਸਟ ਪਾਰਟੀ ਵੀ ਸ਼ਾਮਲ ਸੀ ਅਮਰੀਕਾ ਦੀ ਕਮਿਊਨਿਸਟ ਪਾਰਟੀ ਵੀ ਸੀ ਤੇ ਹੋਰ ਏਸ਼ੀਅਨ ਪੈਸੇਫਿਕ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਦੇ ਨੁਮਾਇੰਦੇ ਸਨ । 21 ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਸਨ । ਉਸ ਕਾਨਫਰੰਸ ਵਿਚ ਮੈਂ ਆਪਣੀ ਪਾਰਟੀ ਵਲੋਂ ਡੇਲੀਗੇਸ਼ਨ ਦੀ ਅਗਵਾਈ ਕੀਤੀ ਸੀ। ਮੈਨੂੰ ਇਕ ਸੈਸ਼ਨ ਦੀ ਪ੍ਰਧਾਨਗੀ ਕਰਨ ਦਾ ਵੀ ਮੌਕਾ ਮਿਲਿਆ । ਪੰਜ ਸੈਸ਼ਨ ਸੀ। ਹਰ ਰੀਜਨ ਦੇ ਨੁਮਾਇੰਦੇ ਨੂੰ ਪ੍ਰਧਾਨਗੀ ਦਿਤੀ ਗਈ ਸੀ । ਮੈਂ ਸਾਊਥ ਏਸ਼ੀਆ ਨੂੰ represent ਕੀਤਾ ਸੀ। ਸੋਵੀਅਤ ਡੇਲੀਗੇਸ਼ਨ ਵੀ ਪਹੁੰਚਿਆ ਹੋਇਆ ਸੀ। ਮੈਂ ਇਸ ਸਬੰਧ ਵਿਚ ਗਿਆ ਸੀ ।

? ਏਸ਼ੀਆ ਪੈਸੇਫਿਕ ਰਿਜਨ ਦੀਆਂ ਅਸਲ ਸਮੱਸਿਆਵਾਂ ਕੀ ਹਨ ?

— ਦੋਵੇਂ ਸੰਸਾਰ ਜੰਗਾਂ ਯੂਰਪ ਤੋਂ ਸ਼ੁਰੂ ਹੋਈਆਂ — ਇਸ ਲਈ ਸਾਰੇ ਲੋਕਾਂ ਦਾ ਧਿਆਨ ਹੁਣ ਤੱਕ ਯੂਰਪ ਤੇ ਹੀ ਕੇਂਦ੍ਰਿਤ ਰਿਹਾ। ਲੜਾਈ ਦੇ ਮਸਲੇ ਨੂੰ ਰੋਕਣ ਲਈ ਯੂਰਪ ਵੱਲ ਹੀ ਧਿਆਨ ਰਿਹਾ। Peace Movement ਤੇ Nuclear War ਦੇ ਖਿਲਾਫ ਏਥੇ ਹੀ ਉਠਦੇ ਰਹੇ। ਜੇ ਰੀਗਨ ਨੇ ਮੀਜ਼ਾਇਲਾਂ ਬੀੜੀਆਂ ਤਾਂ ਯੂਰਪ ਵਿਚ ਹੀ ਸ਼ਕਤੀਵਰ ਲਹਿਰਾਂ ਇਨ੍ਹਾਂ ਵਿਰੁੱਧ ਉਠੀਆਂ। ਏਸ਼ੀਆ ਪੈਸੇਫਿਕ ਰੀਜਨ ignore ਹੀ ਰਿਹਾ । ਇਕ ਤਾਂ ਏਸ ਨੇ ਲੜਾਈ ਦੇ devastating effect (ਮਾਰੂ ਪ੍ਰਭਾਵ) ਦੇਖੇ ਨਹੀਂ । ਦੂਜੀ ਗੱਲ ਇਸ ਰੀਜਨ ਵਿਚ ਗਰੀਬੀ ਬੜੀ ਹੈ, ਬੇਰੁਜ਼ਗਾਰੀ ਹੈ। ਭੁੱਖ ਤੇ ਬੇਕਾਰੀ ਦੇ ਮਾਮਲੇ ਨੇ। ਏਸ ਲਈ ਏਥੇ ਅਮਨ ਦੀ ਲਹਿਰ ਨੇ ਜ਼ੋਰ ਨਹੀਂ ਪਕੜਿਆ । ਹਾਲਾਂਕਿ ਯੂਰਪ ਨੂੰ ਛੱਡ ਕੇ ਅਮਰੀਕੀ ਸਾਮਰਾਜ ਦੀ ਪਕੜ ਏਥੇ ਵਧੇਰੇ ਹੈ । ਮਸਲਨ ਜਾਪਾਨ ਵਿਚ bases ਬੜੇ ਮਜ਼ਬੂਤ ਨੇ। ਦੱਖਣੀ ਕੋਰੀਆ ਵਿਚ bases ਬਹੁਤ ਮਜ਼ਬੂਤ ਨੇ । ਫਿਲਪਾਈਨ ਵਿਚ ਵੀ ਰਿਹਾ ਹੈ । ਹਿੰਦ ਮਹਾਂ ਸਾਗਰ ਵਿਚ ਨੇਵੀ ਬਹੁਤ ਜ਼ਿਆਦਾ ਵਧਾ ਦਿੱਤੀ ਹੈ । ਡੀਗੋ ਮਗਸ਼ੀਆ ਵਿਚ ਦਖਲ ਵਧ ਰਿਹਾ । ਪਾਕਿਸਤਾਨ ਨੂੰ

ਬਾਕੀ ਪੰਨਾ 6 'ਤੇ

# ਕੈਨੇਡੀਅਨ ਪੰਜਾਬੀ ਸਾਹਿਤ ਸੰਮੇਲਨ

ਵੈਨਕੂਵਰ ਦੀ ਸਾਹਿਤਕ ਸੰਸਥਾ ਪੰਜਾਬੀ ਲੇਖਕ ਮੰਚ ਵਲੋਂ 7,8,9 ਅਗਸਤ, 1987 ਨੂੰ ਇਕ ਸਾਹਿਤਕ ਤੇ ਸਭਿਆਚਾਰਕ ਸਮਾਗਮ ਕੀਤਾ ਜਾ ਰਿਹਾ ਹੈ ਜਿਸ ਵਿਚ ਪਿਛਲੇ 90 ਸਾਲਾਂ ਤੋਂ ਕੈਨੇਡਾ ਵਿਚ ਲਿਖੇ ਸਾਹਿਤ ਬਾਰੇ ਖੋਜ-ਪੱਤਰ ਪੜ੍ਹੇ ਜਾਣਗੇ ਅਤੇ ਉਨ੍ਹਾਂ ਉਤੇ ਵਿਚਾਰ-ਵਟਾਂਦਰਾ ਹੋਵੇਗਾ । ਇਹ ਸਮਾਗਮ ਇਸ ਲਈ ਸ਼ੁਭ ਸ਼ਗਨ ਵਾਲਾ ਹੈ ਕਿ ਪਹਿਲੀ ਵਾਰ ਸੰਜੀਦਾ ਕੋਸ਼ਿਸ਼ ਕੀਤੀ ਗਈ ਹੈ ਕਿ ਕੈਨੇਡਾ ਦੀ ਧਰਤੀ ਉਤੇ ਰਚੀ ਪੰਜਾਬੀ ਕਵਿਤਾ, ਕਹਾਣੀ, ਨਾਵਲ, ਨਾਟਕ ਉਤੇ ਖੋਜ ਕਰਕੇ ਪੱਤਰ ਲਿਖੇ ਗਏ ਹਨ । ਇਸ ਸਮਾਗਮ ਦਾ ਮੁਹਾਂਦਰਾ ਪਹਿਲਾਂ ਰਚੇ ਜਾਂਦੇ ਖੜਯੰਤਰਾਂ ਨਾਲੋਂ ਇਸ ਗੱਲ ਲਈ ਵੱਖਰਾ ਹੈ ਕਿ ਖੋਜ-ਪੱਤਰ ਬੜੀ ਮਿਹਨਤ ਨਾਲ ਲਿਖੇ ਗਏ ਹਨ ਤਾਂ ਸਮੁੱਚੇ ਕੈਨੇਡਾ ਦੇ ਸਾਹਿਤਕਾਰਾਂ ਨੇ ਇਸ ਵਿਚ ਆਪਣਾ ਯੋਗਦਾਨ ਪਾਇਆ ਹੈ। ਵਿਦੇਸ਼ਾਂ ਵਿਚ ਰਚੇ ਜਾਂਦੇ ਸਾਹਿਤ ਬਾਰੇ ਜਿਥੇ ਇੰਗਲੈਂਡ ਵਿਚ ਕੋਈ ਨਾ ਕੋਈ ਕਾਨਫਰੰਸ ਜਾਂ ਸਮਾਗਮ ਹੁੰਦੇ ਰਹਿੰਦੇ ਹਨ, ਉਥੇ ਕੈਨੇਡਾ ਵਿਚ 'ਕੌਮਾਂਤਰੀ ਖੜਯੰਤਰ' ਦੇ ਨਾਂ ਥੱਲੇ ਦੋ ਚਾਰ ਬੰਦੇ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਪੰਦਰਾਂ ਵੀਹ ਬੰਦੇ ਇਕੱਠੇ ਕਰਕੇ ਆਏ ਦਿਨ ਕੋਈ ਨਾ ਕੋਈ ਢਕੌਂਸਲਾ ਖੜ੍ਹਾ ਕਰੀ ਰੱਖਦੇ ਹਨ ਪਰ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਬਾਰੇ ਗੱਲ ਕਰਨ ਦੀ ਥਾਂ ਉਹ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਨੂੰ ਕੇਵਲ ਇਕ ਵਿਸ਼ੇਸ਼ ਫਿਰਕੇ ਨਾਲ ਜੋੜਨ ਦੀਆਂ ਅਸਫ਼ਲ ਕੋਸ਼ਿਸ਼ਾਂ ਵਿਚ ਗ਼ਲਤਾਨ ਰਹਿੰਦੇ ਹਨ ।

ਸਾਹਿਤਕ ਖੋਜ-ਪੱਤਰਾਂ ਦੇ ਨਾਲ ਕੈਨੇਡਾ ਵਿਚ ਪੰਜਾਬੀ ਬੋਲੀ ਦਾ ਭਵਿੱਖ, ਪੰਜਾਬੀ ਸਭਿਆਚਾਰ ਦਾ ਭਵਿੱਖ ਤੇ ਮੁੱਖ-ਧਾਰਾ ਸਾਹਿਤ ਅਤੇ ਬੋਲੀ ਨਾਲ ਇਸਦੇ ਸਬੰਧਾਂ ਪ੍ਰਤੀ ਵੀ ਖੋਜ-ਪੱਤਰ ਲਿਖੇ ਗਏ ਹਨ। ਕੈਨੇਡਾ ਵਿਚ ਵਸਦੇ ਪੰਜਾਬੀਆਂ ਲਈ ਇਹ ਮਸਲੇ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਦਾ ਸਬੰਧ ਪੰਜਾਬੀਅਤ ਦੀ ਹੋਂਦ ਨਾਲ ਜੁੜਿਆ ਹੋਇਆ ਹੈ । ਕੈਨੇਡਾ ਵਿਚ ਪੰਜਾਬੀਅਤ ਨੂੰ ਜਿਉਂਦਾ ਰੱਖਣਾ ਹੋਰ ਵੀ ਔਖਾ ਕੰਮ ਹੈ ਕਿਉਂਕਿ ਪੱਛਮੀ ਤੇ ਪੂਰਬੀ ਪੰਜਾਬਾਂ ਵਿਚ ਪੰਜਾਬੀ ਨੂੰ ਉਹ ਦਰਜਾ ਅਜੇ ਤੱਕ ਨਹੀਂ ਮਿਲਿਆ ਜਿਹੜਾ ਕਿਸੇ ਮਾਂ-ਬੋਲੀ ਨੂੰ ਮਿਲਣਾ ਚਾਹੀਦਾ ਹੈ । ਪੂਰਬੀ ਪੰਜਾਬ ਵਿਚ ਬੇਸ਼ਕ ਪੰਜਾਬੀ ਨੂੰ ਰਾਜ-ਭਾਸ਼ਾ ਦਾ ਦਰਜਾ ਕਾਨੂੰਨੀ ਤੌਰ ਉਤੇ ਮਿਲਿਆ ਪਰ ਇਸ ਨੂੰ ਲਾਗੂ ਕਿਸੇ ਨਹੀਂ ਕੀਤਾ । ਇਥੋਂ ਤੱਕ ਕਿ ਹਰ ਪਿੰਡ ਵਿਚ ਅੰਗਰੇਜ਼ੀ ਪੜ੍ਹਾਉਣ ਲਈ ਕਾਨਵੈਂਟ ਸਕੂਲ ਖੋਲ੍ਹੇ ਗਏ ਹਨ । ਪੱਛਮੀ ਪੰਜਾਬ ਵਿਚ ਜਿਥੇ ਪੰਜ ਕਰੋੜ ਲੋਕ ਪੰਜਾਬੀ ਬੋਲਦੇ ਹਨ ਉਥੇ ਰਾਜ-ਭਾਸ਼ਾ ਉਰਦੂ ਹੈ ।

ਉਪਰੋਕਤ ਹਾਲਤਾਂ ਵਿਚ ਕੈਨੇਡਾ ਵਿਚ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਪੰਜਾਬੀ ਸਭਿਆਚਾਰ ਨੂੰ ਜਿਉਂਦਾ ਰੱਖਣ ਲਈ ਪੰਜਾਬੀ ਲੋਕਾਂ ਨੂੰ ਚੇਤੰਨ ਕਰਵਾਉਣਾ ਸਾਹਿਤਕਾਰਾਂ ਦਾ ਕੰਮ ਹੈ। ਪੰਜਾਬੀ ਲੇਖਕ ਮੰਚ ਵੈਨਕੂਵਰ ਨੇ ਇਹ ਕਦਮ ਚੁਕ ਕੇ ਸ਼ਲਾਘਾਯੋਗ ਯਤਨ ਕੀਤਾ ਹੈ। ਇਸ ਸਮਾਗਮ ਦੇ ਵਿਚਾਰ-ਵਟਾਂਦਰੇ ਦੇ ਸਿੱਟੇ ਵਜੋਂ ਠੋਸ ਨਤੀਜੇ ਨਿਕਲਣੇ ਚਾਹੀਦੇ ਹਨ ਤੇ ਪੰਜਾਬੀਆਂ ਨੂੰ ਪੰਜਾਬੀਅਤ ਪ੍ਰਤੀ ਜਾਗਰੂਕ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ ।

ਪਿਛਲੇ ਅੰਕ ਵਾਂਗ ਅਸੀਂ ਇਹ ਅੰਕ ਵੀ ਇਸ ਸਮਾਗਮ ਦੀ ਨਜ਼ਰ ਕਰ ਰਹੇ ਹਾਂ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਪਾਕਿਸਤਾਨ ਦੇ ਪ੍ਰਸਿੱਧ ਲੇਖਕ ਫ਼ਖਰ ਜ਼ਮਾਨ ਇਸ ਸਮੇਂ ਵੈਨਕੂਵਰ ਵਿਚ ਹਨ ਤੇ ਉਹ ਇਸ ਸਮਾਗਮ ਵਿਚ ਹਿੱਸਾ ਲੈ ਕੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਨ ਵਿਚ ਆਪਣਾ ਅਹਿਮ ਰੋਲ ਅਦਾ ਕਰਨਗੇ। ਪਾਕਿਸਤਾਨ ਵਿਚ ਪੰਜਾਬੀ ਬੋਲੀ ਲਈ ਉਨ੍ਹਾਂ ਅਣਥੱਕ ਘਾਲ ਕੀਤੀ ਹੈ। ਅਸੀਂ ਫ਼ਖਰ ਜ਼ਮਾਨ ਹੋਰਾਂ ਨੂੰ ਵੀ ਇਸ ਸਮਾਗਮ ਸਮੇਂ ਜੀਅ ਆਇਆਂ ਕਹਿੰਦੇ ਹੋਏ ਖੁਸ਼ੀ ਮਹਿਸੂਸ ਕਰਦੇ ਹਾਂ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ । ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ਦਹਿਸ਼ਤਗਰਦਾਂ ਹੱਥੋਂ ਇਕ ਕਤਲ, ਇਕ ਫੱਟੜ, ਦੋ ਲੱਖ ਦਾ ਸਮਾਨ ਲੁੱਟਿਆ

ਚੰਡੀਗੜ੍ਹ — ਪਿਛਲੇ 24 ਘੰਟਿਆਂ ਦੌਰਾਨ ਅਤਿਵਾਦੀਆਂ ਨੇ ਪੰਜਾਬ ਵਿਚ ਇਕ ਵਿਅਕਤੀ ਹਲਾਕ ਤੇ ਇਕ ਹੋਰ ਨੂੰ ਜ਼ਖਮੀ ਕਰ ਦਿੱਤਾ। ਟਾਂਡਾ ਲਾਗੇ ਪਿੰਡ ਜਲਾਲਪੁਰ ਵਿਚੋਂ ਦੋ ਲੱਖ ਰੁਪਏ ਦੀ ਨਕਦੀ ਤੇ ਜੇਵਰਾਂ ਲੁੱਟਣ ਦੇ ਨਾਲ ਨਾਲ ਦੋ ਸਕੂਟਰ ਤੇ ਦੋ ਬੰਦੂਕਾਂ ਲੁਟਣ ਦੀਆਂ ਖਬਰਾਂ ਵੀ ਹਨ।

## ਕਿਸਾਨ ਜ਼ਖਮੀ

ਗੁਰਦਾਸਪੁਰ — ਸ੍ਰੀ ਹਰਗੋਬਿੰਦਪੁਰ ਥਾਣੇ ਦੇ ਪਿੰਡ ਕੋਟਲੀ ਲਹਿਲ ਦੇ ਇਕ ਕਿਸਾਨ ਨੂੰ ਅਤਿਵਾਦੀਆਂ ਨੇ ਉਸ ਸਮੇਂ ਛੁਰਾ ਮਾਰ ਕੇ ਜ਼ਖਮੀ ਕਰ ਦਿਤਾ ਜਦੋਂ ਉਹ ਆਪਣੇ ਟਿਊਵੇਲ ਤੇ ਸੁਤਾ ਹੋਇਆ ਸੀ।

## ਮਹੰਤ ਹਲਾਕ

ਅਤਿਵਾਦੀਆਂ ਨੇ ਤਰਨਤਾਰਨ ਸਦਰ ਥਾਣੇ ਅਲਾਦੀਨਪੁਰ ਪਿੰਡ ਵਿਚ ਗੋਲੀਆਂ ਮਾਰ ਕੇ ਮਹੰਤ ਲਾਲ ਚੰਦ ਬਾਗੜੀ ਨੂੰ ਹਲਾਕ ਕਰ ਦਿੱਤਾ।

## ਦੋ ਲੱਖ ਰੁਪਏ ਦੀ ਨਕਦੀ ਜ਼ੇਵਰ ਲੁਟੇ

ਪੁਲਸ ਹਲਕਿਆਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਲਗਪਗ ਢਾਈ ਵਜੇ ਰਾਤ ਨੂੰ ਥਾਣਾ ਟਾਂਡਾ ਦੇ ਪਿੰਡ ਜਲਾਲਪੁਰ ਵਿਚ ਚਾਰ ਹਥਿਆਰਬੰਦ ਦਹਿਸ਼ਤਪਸੰਦਾਂ ਨੇ ਠਾਕਰ ਸਿੰਘ ਸੁਨਿਆਰੇ ਦੇ ਘਰੋਂ ਪੰਜਾਹ ਹਜ਼ਾਰ ਰੁਪਏ ਦੀ ਨਕਦੀ, ਚਾਲੀ ਤੋਲੇ ਸੋਨਾ ਅਤੇ ਤੀਹ ਹਜ਼ਾਰ ਰੁਪਏ ਦੀ ਚਾਂਦੀ ਲੈ ਕੇ ਫਰਾਰ ਹੋ ਗਏ। ਕੁਲ ਮਿਲਾ ਕੇ ਉਹ ਦੋ ਲੱਖ ਦਾ ਮਾਲ ਲੈ ਗਏ ਜਿਸ ਵਿਚ ਪੰਜਾਹ ਹਜ਼ਾਰ ਦੀ ਨਕਦੀ ਵੀ ਸ਼ਾਮਲ ਹੈ। ਠਾਕਰ ਸਿੰਘ ਅਨੁਸਾਰ ਦਹਿਸ਼ਤਪਸੰਦਾਂ ਨੇ ਰਾਤ ਨੂੰ ਉਸ ਦੇ ਘਰ ਦਾ ਦਰਵਾਜ਼ਾ ਖੜਕਾਇਆ ਤੇ ਕਿਹਾ ਕਿ ਉਹਨਾਂ ਦੀ ਗੱਡੀ ਨਿਕਲ ਗਈ ਹੈ ਤੇ ਉਹ ਤੁਹਾਡੇ ਰਿਸ਼ਤੇਦਾਰ ਹਨ ਤੇ ਰਾਤ ਕੱਟਣਾ ਚਾਹੁੰਦੇ ਹਨ, ਜਿਸ ਤੇ ਜਦੋਂ ਠਾਕਰ ਸਿੰਘ ਨੇ ਦਰਵਾਜ਼ਾ ਖੋਲਿਆ ਤਾਂ ਉਹਨਾਂ ਚਾਰਾਂ ਵਿਚੋਂ ਇਕ ਪਾਸ ਸਟੇਨਗੰਨ ਅਤੇ ਤਿੰਨਾਂ ਪਾਸ ਪਿਸਤੌਲ ਸਨ ਨੇ ਉਸ ਨੂੰ ਹਥਿਆਰ ਦਿਖਾ ਕੇ ਸਾਰਾ ਮਾਲ ਹਵਾਲੇ ਕਰਨ ਲਈ ਕਿਹਾ ਜਿਸ ਤੇ ਉਸ ਨੇ ਉਕਤ ਨਕਦੀ, ਸੋਨਾ ਅਤੇ ਚਾਂਦੀ ਆਦਿ ਦੇ ਦਿੱਤੀ।

# ਤੁਹਾਡਾ ਪੈਸਾ ਖਾਲਸਾ ਕਰੈਡਿਟ ਯੂਨੀਅਨ ਵਿਚ ਸਦਾ ਸੁਰਖਿਅਤ ਹੈ

ਖਾਲਸਾ ਕਰੈਡਿਟ ਯੂਨੀਅਨ ਨੂੰ ਜਿੰਨੇ ਜ਼ਿਆਦਾ ਡਿਪਾਜ਼ਿਟ ਮਿਲਣਗੇ ਉਨੀ ਜ਼ਿਆਦਾ ਇਸਦੀ ਤਰੱਕੀ ਹੋਵੇਗੀ। ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਸ਼ੱਕ ਹੈ ਕਿ ਉਹਨਾਂ ਦਾ ਪੈਸਾ ਖਾਲਸਾ ਕਰੈਡਿਟ ਯੂਨੀਅਨ ਵਿਚ ਰਖਣ ਨਾਲ ਮਾਰਿਆ ਜਾਵੇਗਾ। ਅਸੀਂ ਹੇਠਾਂ ਇਕ ਲੈਟਰ ਛਾਪ ਰਹੇ ਹਾਂ ਜੋ ਕਰੈਡਿਟ ਯੂਨੀਅਨ ਡਿਪਾਜ਼ਿਟ ਇਨਸ਼ੋਰੈਂਸ ਵਲੋਂ ਖਾਲਸਾ ਕਰੈਡਿਟ ਯੂਨੀਅਨ ਦੇ ਮੈਂਬਰ ਨੂੰ ਉਹਨਾਂ ਦੀ ਤਸੱਲੀ ਲਈ ਲਿਖਿਆ ਸੀ ਅਸੀਂ ਹੇਠਾਂ ਇਸਦਾ ਅੰਗਰੇਜ਼ੀ ਵਿਚੋਂ ਕੀਤਾ ਅਨੁਵਾਦ ਛਾਪ ਰਹੇ ਹਾਂ।

ਅਸੀਂ ਇਹ ਲੈਟਰ ਆਪਦੀ ਉਸ ਲੈਟਰ ਦੇ ਉਤਰ ਵਿਚ ਲਿਖ ਰਹੇ ਹਾਂ ਜਿਸ ਵਿਚ ਤੁਸੀਂ ਪੁਛਿਆ ਹੈ ਕਿ ਕੀ ਤੁਹਾਡਾ ਪੈਸਾ ਖਾਲਸਾ ਕਰੈਡਿਟ ਯੂਨੀਅਨ ਵਿਚ ਸੁਰੱਖਿਅਤ ਹੈ।

ਜਿੰਨਾ ਵੀ ਪੈਸਾ ਤੁਸੀਂ ਕਿਸੇ ਵੀ ਕਰੈਡਿਟ ਯੂਨੀਅਨ ਵਿਚ ਜਮ੍ਹਾਂ ਕਰਵਾਉਂਦੇ ਹੋ ਜਾਂ ਨੌਨ ਐਕੁਟੀ ਸ਼ੇਅਰ ਵਿਚ ਇਨਵੈਸਟ ਕਰਦੇ ਹੋ ਉਹ ਸਾਰੇ ਪੈਸੇ ਦੀ ਕਰੈਡਿਟ ਯੂਨੀਅਨ ਡੀਪਾਜ਼ਿਟ ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬਰਿਟਿਸ਼ ਕੋਲੰਬੀਆ ਗਰੰਟੀ ਕਰਦੀ ਹੈ। ਇਹ ਗਰੰਟੀ ਨਾ ਸਿਰਫ ਤੁਹਾਡੇ ਡਿਪਾਜ਼ਿਟ ਤੇ ਨੌਨ ਐਕੁਟੀ ਸ਼ੇਅਰ ਦੀ ਗਰੰਟੀ ਕਰਦੀ ਹੈ ਬਲਕਿ ਸਾਰੇ ਵਿਆਜ ਦੀ ਵੀ ਗਰੰਟੀ ਕਰਦੀ ਹੈ। ਤੁਹਾਡੇ R.R.S.P. ਡੀਪਾਜ਼ਿਟ ਵੀ ਇਸੇ ਤਰ੍ਹਾਂ ਹੀ ਗਰੰਟੀਡ ਹਨ।

ਕਰੈਡਿਟ ਯੂਨੀਅਨ ਡਿਪਾਜ਼ਿਟ ਇਨਸ਼ੋਰੈਂਸ ਕਰੈਡਿਟ ਯੂਨੀਅਨ ਐਕਟ ਆਫ ਬਰਿਟਿਸ਼ ਕੋਲੰਬੀਆ ਦੇ ਕੰਟਰੋਲ ਹੇਠ ਕੰਮ ਕਰਦੀ ਹੈ। ਸਾਡੇ ਪੰਜ ਮੈਂਬਰੀ ਬੋਰਡ ਗੌਰਮਿੰਟ ਆਫ ਬੀ ਸੀ ਵਲੋਂ ਸਥਾਪਿਤ ਕੀਤੇ ਜਾਂਦੇ ਹਨ। ਡਿਪਾਜਿਟ ਇਨਸ਼ੋਰੈਂਸ ਦੇ ਨਾਲ ਨਾਲ ਅਸੀਂ ਕਰੈਡਿਟ ਯੂਨੀਅਨਜ ਆਰਥਿਕ ਤਰੱਕੀ ਵਿਚ ਵੀ ਮੱਦਦ ਕਰਦੇ ਹਾਂ। ਸਾਡੀ ਆਰਗੇਨਾਈਜੇਸ਼ਨ ਦਾ ਮਕਸਦ ਹੈ ਕਰੈਡਿਟ ਯੂਨੀਅਨ ਦੇ ਮੈਂਬਰਜ ਦੇ ਪੈਸੇ ਦੀ ਹਿਫਾਜਤ ਕਰਨਾ।

ਕਰੈਡਿਟ ਯੂਨੀਅਨ ਐਕਟ ਅਨੁਸਾਰ ਸਾਰੀਆਂ ਕਰੈਡਿਟ ਯੂਨੀਅਨਜ਼ ਇਨਸ਼ੋਰੈਂਸ ਫੰਡ ਵਿਚ ਆਪਨੇ ਹਿੱਸੇ ਦਾ ਪੈਸਾ ਦਿੰਦੀਆਂ ਹਨ। ਕਰੈਡਿਟ ਯੂਨੀਅਨਜ਼ ਸਾਡੇ ਪਾਸ ਹੋਰ ਵੀ ਪੈਸਾ ਜਮ੍ਹਾਂ ਕਰਵਾਉਂਦੀਆਂ ਹਨ। ਕਰੈਡਿਟ ਯੂਨੀਅਨ ਡਿਪਾਜਿਟ ਇਨਸ਼ੋਰੈਂਸ ਕਾਰਪੋਰੇਸ਼ਨ ਇਹ ਪੈਸਾ ਇਨਵੈਸਟ ਕਰਕੇ ਜੋ ਪੈਸਾ ਕਮਾਉਂਦੀ ਹੈ ਉਹ ਇਨਸ਼ੋਰੈਂਸ ਫੰਡ ਵਿਚ ਜਾਂਦਾ ਹੈ।

ਬੀ ਸੀ ਕਰੈਡਿਟ ਯੂਨੀਅਨਜ਼ ਦੇ ਟੋਟਲ ਐਸਿਟੇਜ਼ $6.5 ਬਿਲੀਅਨ ਹਨ। ਇਸ ਲਈ ਸਾਡੇ ਰੀਸੋਰਸਜ਼ ਕਾਫੀ ਹਨ। ਇਸ ਤੋਂ ਇਲਾਵਾ ਜੇ ਲੋੜ ਪਵੇ ਤਾਂ ਅਸੀਂ ਕੈਨੇਡਾ ਡਿਪਾਜਿਟ ਇਨਸ਼ੋਰੈਂਸ ਪਾਸੋਂ ਵੀ ਪੈਸਾ ਲੋੜ ਪੈਣ ਤੇ ਲੈ ਸਕਦੇ ਹਾਂ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ 1958 ਤੋਂ ਲੈ ਕੇ ਜਦੋਂ ਕਰੈਡਿਟ ਯੂਨੀਅਨ ਡੀਪਾਜਿਟ ਇਨਸ਼ੋਰੈਂਸ ਕਾਰਪੋਰੇਸ਼ਨ ਪੀ. ਸੀ. ਗੌਰਮਿੰਟ ਨੇ ਬਣਾਈ ਸੀ। ਅਜ ਤੱਕ ਕਦੇ ਵੀ ਕਿਸੇ ਮੈਂਬਰ ਦਾ ਕਿਸੇ ਵੀ ਕਰੈਡਿਟ ਯੂਨੀਅਨ ਵਿਚ ਪੈਸਾ ਨਹੀਂ ਮਾਰਿਆ ਗਿਆ। ਕਦੇ ਵੀ ਅਜ ਤੱਕ ਕੋਈ ਕਰੈਡਿਟ ਯੂਨੀਅਨ ਫੇਲ ਨਹੀਂ ਹੋਈ।

ਸੈਕਸ਼ਨ 136 ਅਤੇ 137 ਦੇ ਅਨੁਸਾਰ ਜੇ ਤੁਹਾਡਾ ਡਿਪਾਜ਼ਿਟ ਕੀਤਾ ਪੈਸਾ ਤੁਹਾਨੂੰ ਟਾਈਮ ਤੇ ਨਹੀਂ ਮਿਲਦਾ ਤਾਂ ਤੁਰੰਤ ਇਨਸ਼ੋਰੈਂਸ ਆਪਨੂੰ ਦਿੰਦੀ ਹੈ।

ਮੈਨੂੰ ਆਸ ਹੈ ਕਿ ਇਹ ਲੈਟਰ ਨਾਲ ਆਪਦੀ ਤਸੱਲੀ ਹੋ ਜਾਵੇਗੀ। ਅਸੀਂ ਬੇਨਤੀ ਕਰਦੇ ਹਾਂ ਕਿ ਜੇ ਅਜੇ ਵੀ ਆਪ ਨੂੰ ਕੋਈ ਸ਼ੱਕ ਹੈ ਤਾਂ ਮੈਨੂੰ ਫੋਨ ਕਰੋ

ਫੋਨ : 682-1737

ਆਪਦੀ ਸ਼ੁਭ ਚਿੰਤਕ
ਕਿਮ ਬੋਸਵੇਲ
ਸਪੈਸ਼ਲ ਸਰਵਿਸ ਆਫੀਸਰ ਇਨਸ਼ੋਰੈਂਸ ਅਤੇ ਸਪੈਸ਼ਲ ਸਰਵਿਸਜ਼

## ਸ਼ੋਕ ਸਮਾਚਾਰ

ਇਹ ਸੂਚਨਾ ਬੜੇ ਦੁੱਖ ਨਾਲ ਦਿੱਤੀ ਜਾਂਦੀ ਹੈ ਕਿ ਦਿਲਬਾਗ਼ ਸਿੰਘ ਕੰਗ ਦੇ ਪਿਤਾ ਸ. ਅਮਰ ਸਿੰਘ ਕੰਗ ਦਿਨ ਮੰਗਲਵਾਰ 4 ਅਗਸਤ ਚਲਾਣਾ ਕਰ ਗਏ ਹਨ। ਉਨ੍ਹਾਂ ਦੀ ਉਮਰ 96 ਸਾਲ ਸੀ। ਸ. ਅਮਰ ਸਿੰਘ ਕੰਗ ਬਹਾਦਰਪੁਰ ਜ਼ਿਲਾ ਹੁਸ਼ਿਆਰਪੁਰ ਦੇ ਨਿਵਾਸੀ ਸਨ।

## ਫਿਊਨਰਲ

ਅਮਰ ਸਿੰਘ ਕੰਗ ਹੋਰਾਂ ਦਾ ਫਿਊਨਰਲ ਹੈਮਿਲਟਨ ਮੋਰਚਰੀ (ਫਰੇਜ਼ਰ ਸਟਰੀਟ ਤੇ 41 ਐਵੇਨਿਊ) ਵਿਖੇ 12 ਵਜੇ ਦੁਪਹਿਰ ਹੋਵੇਗਾ।

ਇਸ ਸਬੰਧੀ ਹੋਰ ਜਾਣਕਾਰੀ ਇਸ ਫੋਨ ਤੋਂ ਲਈ ਜਾ ਸਕਦੀ ਹੈ : 272-5019


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

## ਬ੍ਰਿਟਿਸ਼ ਕੋਲੰਬੀਆ ਦੇ ਸਿਖਾਂ ਦੀ ਆਪਣੀ ਬੈਂਕਿੰਗ ਸੰਸਥਾ

# KHALSA CREDIT UNION

Says

**Why earn less interest in other Banks when you can earn more at your own Bank.**

LOOK AT THESE RATES AND COMPARE WITH RATES OF OTHER BANKS

**Your Money is Fully Insured By CUDIC**

| | DAYS | | | | | YEARS | | |
|---|---|---|---|---|---|---|---|---|
| | 30 | 60 | 90 | 180 | 270 | 1 | 2 | 3 |
| Under $ 5,000 | 6.00 | 6.00 | 6.00 | 6¼ | 6¼ | 7.00 | 7¼ | 7¼ |
| $5,000-$20,000 | 6¼ | 6¼ | 6¼ | 6½ | 7.00 | 8.00 | 8.00 | 8½ |

SPECIAL RATES FOR DEPOSITS OF 50000 SPECIAL SAVING 5%

For any enquiry call
682-1737
Mrs. Kim Boswell

Khalsa Credit Union Open
7 days a Week
Note :
You will be able to pay Utility Bills At K.C.U. very soon

FORMORE IN FORMATION
(604) 324-6747

ਖਾਲਸਾ ਕਰੈਡਿਟ ਯੂਨੀਅਨ

7247 MAIN ST. VANCOUVER, B.C. V5X 3J3

ਹਥਿਆਰਬੰਦ ਕਰ ਰਿਹਾ। Tension ਵੀ ਵਧਾਈ ਜਾ ਰਹੀ ਹੈ — ਚਾਹ ਈਰਾਨ — ਈਰਾਕ ਦੀ ਲੜਾਈ ਹੈ, ਚਾਹੇ ਅਫਗਾਨਿਸਤਾਨ ਦਾ ਸਵਾਲ ਹੈ, ਚਾਹੇ ਕੰਪੂਚੀਆ ਦਾ ਹੈ — ਏਹ ਵੀ ਉਥੇ ਹੀ ਕੇਂਦ੍ਰਿਤ ਹੈ। ਇਸ ਲਈ ਇਸ ਰੀਜਨ ਦੇ ਲੋਕਾਂ ਵਿਚ Awareness (ਜਾਗ੍ਰਿਤ) ਪੈਦਾ ਕਰਨੀ ਵੱਡੀ ਗੱਲ ਸੀ। ਗਰਬਾਚੋਵ ਨੇ ਇਕ ਤਜਵੀਜ਼ ਦਿਤੀ ਸੀ ਕਿ ਇਨ੍ਹਾਂ ਮੁਲਕਾਂ ਦੀ ਇਕ ਕਾਨਫਰੰਸ ਹੋਣੀ ਚਾਹੀਦੀ ਹੈ ਜਿਹੜੀ ਅਜੇ ਵਿਚਾਰ-ਅਧੀਨ ਹੈ। ਇਸ ਦਾ ਆਧਾਰ ਤਿਆਰ ਕਰਨ ਲਈ ਕਮਿਊਨਿਸਟ ਪਾਰਟੀਆਂ ਦੇ ਆਪਣਾ ਜ਼ਿਮਾ ਬਣਦਾ ਹੈ ਕਿਉਂਕਿ ਇਹ advanced guard ਹੈ। ਇਸ ਲਈ ਇਹ ਕਾਨਫਰੰਸ ਕਰਨ ਦਾ ਫੈਸਲਾ ਹੋਇਆ ਸੀ ਇਕ ਸਾਲ ਪਹਿਲਾਂ। ਇਸ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਮਾਸਕੋ ਵੀ ਹੋਈ ਸੀ। ਗਰਬਾਚੋਵ ਨੇ ਪਹਿਲਾਂ ਵੀ ਕਿਹਾ ਸੀ ਕਿ ਇਕੱਲੇ ਯੂਰਪ ਵੱਲ ਨਾ ਵੇਖੀ ਜਾਓ — ਏਸ਼ੀਆ ਪੈਸੇਫਿਕ ਰੀਜਨ ਵਿਚ ਵੀ ਬੜਾ ਕੁਝ ਖਤਰਨਾਕ ਵਾਪਰ ਰਿਹਾ ਹੈ। ਉਸ ਤੋਂ ਬਾਅਦ ਮੰਗੋਲੀਆ ਨੇ ਕਦਮ ਚੁਕਿਆ ਤਾਂ ਇਹ ਮੀਟਿੰਗ ਹੋਈ। ਏਸ ਲਈ ਬੜੀ ਜ਼ਰੂਰੀ ਮੀਟਿੰਗ ਸੀ।

? ਕੀ ਕਦਮ ਚੁਕਣ ਦਾ ਫੈਸਲਾ ਕੀਤਾ ਗਿਆ ?

— ਵੱਡੀ ਗੱਲ ਤਾਂ ਇਹ ਸੀ ਕਿ ਇਨ੍ਹਾਂ ਇਲਾਕਿਆਂ ਵਿਚ ਕਮਿਊਨਿਸਟ ਪਾਰਟੀਆਂ ਪਹਿਲ ਕਦਮੀ (Intiative) ਕਰਨ — ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ ਜਾਵੇ ਕਿ ਲੜਾਈ ਰੋਕਣੀ ਜ਼ਰੂਰੀ ਹੈ — ਪ੍ਰਮਾਣੂ ਹਥਿਆਰਾਂ ਦਾ ਵਿਰੋਧ ਕੀਤਾ ਜਾਵੇ — ਇਸ ਖਤਰੇ ਤੋਂ ਸਾਵਧਾਨ ਕੀਤਾ ਜਾਵੇ। ਅਮਰੀਕੀ ਸਾਮਰਾਜ ਦੀ Intervention ਰੋਕੀ ਜਾਵੇ। ਇਸ ਨੂੰ Peace Zone ਅਮਨ ਦਾ ਖਿਤਾ ਹੋਵੇ। ਏਨੇ ਨੂੰ ਸਮੁੰਦਰਾਂ ਨੂੰ ਅਮਨ ਦੇ ਖਿਤੇ ਸਮਝਿਆ ਜਾਵੇ। ਇਸ ਬਾਰੇ ਯੂ. ਐਨ. ਓ. ਦਾ ਰੈਜ਼ੂਲੇਸ਼ਨ ਹੈ ਪਰ ਅਮਰੀਕਾ ਦਸ ਬਾਰਾਂ ਸਾਲ ਤੋਂ ਸਾਬੋਤਾਜ ਕਰੀ ਜਾ ਰਿਹਾ। ਏਦਾਂ ਅਮਨ ਦੇ ਖਿਤੇ ਬਣਾਉਣ ਲਈ ਇਸ ਖਿਤੇ ਦੇ ਦੇਸ਼ਾਂ ਦੀ ਕਾਨਫਰੰਸ ਹੋਵੇ। ਇਕ ਰੀਜਨ ਦੀ ਕਾਨਫਰੰਸ ਹੋਵੇ ਕਿ ਇਸ ਨੂੰ ਹਥਿਆਰਾਂ ਦਾ ਅੱਡਾ ਨਾ ਬਣਨ ਦਿੱਤਾ ਜਾਵੇ। ਇਹ ਮੁੱਖ ਗੱਲ ਸੀ।

? ਹੁਣ ਤੱਕ ਇਹ ਖਿਤਾ ਬੇਧਿਆਨਾ ਕਿਉਂ ਰਿਹਾ ?

— ਇਕੱਲੇ Pacific region ਨਹੀਂ —ਏਸ਼ੀਆ ਵੱਲ ਵੀ ਕਿਸੇ ਨੇ ਬਹੁਤਾ ਧਿਆਨ ਨਹੀਂ ਦਿੱਤਾ। ਸਾਡੇ ਆਪਣੇ ਮੁਲਕ ਵਿਚ ਵੀ ਬੇਸ਼ਕ ਸਰਕਾਰ ਇਸ ਬਾਰੇ ਧਿਆਨ ਦਿੰਦੀ ਹੈ ਤੇ ਦੇਸ਼ ਦਾ ਇਸ ਮਾਮਲੇ ਵਿਚ Positive ਰੋਲ ਹੈ ਪਰ ਲੋਕਾਂ ਵਿਚ ਜਾਗ੍ਰਿਤੀ ਨਹੀਂ ਪੈਦਾ ਕੀਤੀ ਜਾਂਦੀ। ਜਿਹੜੀ ਸਾਡੀ ਅਮਨ ਲਹਿਰ ਹੈ ਉਹ ਬੁਧੀਜੀਵੀਆਂ ਤੱਕ ਸੀਮਤ ਹੈ। ਇਹ ਲਹਿਰ ਯੂਰਪ ਵਿਚ ਤਾਕਤਵਰ ਹੈ। ਪ੍ਰਮਾਣੂ ਜੰਗ ਬਾਰੇ ਤਾਂ ਇਹ ਹੈ ਕਿ ਇਸ ਵਿਚ ਕੋਈ ਜੇਤੂ ਹੋ ਹੀ ਨਹੀਂ ਸਕਦਾ। ਇਹ ਹੀ ਗਾਰਬਾਚੋਵ ਨੇ ਕਿਹਾ। ਇਹ ਤਾਂ ਮਨੁੱਖਤਾ ਦੀ ਤਬਾਹੀ ਹੈ। ਇਹ ਗੱਲ ਲੋਕਾਂ ਵਿਚ ਲਿਜਾਈ ਜਾਣੀ ਜ਼ਰੂਰੀ ਹੈ।

? ਕਾਮਰੇਡ ਜਿਹੜਾ ਅਫਗਾਨਿਸਤਾਨ ਦਾ ਮਸਲਾ ਹੈ — ਸੁਣਿਆ ਹੈ ਕਿ ਇਹਦੇ ਵਿਚ ਛੇ ਲੱਖ ਦੇ ਕਰੀਬ ਮੌਤਾਂ ਹੋ ਚੁਕੀਆਂ ਨੇ — ਕੀ ਇਹ ਸੱਚ ਹੈ ?

— ਮੈਂ ਏਥੇ ਆਉਣ ਤੋਂ ਪਹਿਲਾਂ 28 ਜੂਨ ਨੂੰ ਅਫਗਾਨਿਸਤਾਨ ਵਿਚ ਸੀ — ਮੈਨੂੰ ਉਥੋਂ ਦੀ ਪੀਪਲਜ਼ ਡੈਮੋਕਰੈਟਿਕ ਰੈਵੋਲਿਊਸ਼ਨਰੀ ਪਾਰਟੀ ਹੈ ਉਸ ਨੇ ਵਿਸ਼ੇਸ਼ ਸੱਦੇ 'ਤੇ ਸੱਦਿਆ ਸੀ। ਮੈਨੂੰ ਉਨ੍ਹਾਂ ਦੇ ਸਾਰੇ ਵੱਡੇ ਆਗੂਆਂ ਨਾਲ ਮਿਲਣ ਦਾ ਮੌਕਾ ਮਿਲਿਆ। ਨਜੀਬ ਨੂੰ ਮੈਂ ਢਾਈ ਘੰਟੇ ਮਿਲਿਆ। ਜਿਹੜਾ ਉਥੋਂ ਦਾ ਜਨਰਲ ਸੈਕਟਰੀ ਹੈ। ਬਦੇਸ਼ ਮੰਤਰੀ ਨੂੰ ਵੀ ਮਿਲਿਆ, ਡੀਫੈਂਸ ਮਨਿਸਟਰ ਨੂੰ ਵੀ ਮਿਲਿਆ। ਮੈਂ ਆਪ ਉਨ੍ਹਾਂ ਨੂੰ ਕਹਿ ਕੇ ਫਾਰਵਰਡ ਏਰੀਆਂ ਵਿਚ ਗਿਆ — ਜਿਥੋਂ ਇਹ ਮੁਜ਼ਾਹਦੀਨ ਮੁੜ ਕੇ ਆ ਕੇ ਇਨਕਲਾਬੀ ਫੌਜਾਂ ਵਿਚ ਸ਼ਾਮਲ ਹੋ ਗਏ ਹਨ। ਮੈਂ ਉਨ੍ਹਾਂ ਨੂੰ ਮਿਲਿਆ। ਓਥੇ ਜਿਹੜੇ ਪਿੰਡ ਬਾਗੀਆਂ ਕੋਲ ਸੀ ਪਰ ਹੁਣ ਮੁੜ ਇਨ੍ਹਾਂ ਨੇ ਲੈ ਲਏ ਹਨ, ਮੈਂ ਉਨ੍ਹਾਂ ਲੋਕਾਂ ਨਾਲ ਵੀ ਮੁਲਾਕਾਤਾਂ ਕੀਤੀਆਂ। ਮੌਤਾਂ ਵੀ ਹੋ ਰਹੀਆਂ ਹਨ — ਤਬਾਹੀ ਵੀ ਜ਼ਰੂਰ ਹੋ ਰਹੀ ਹੈ — ਇਸ ਵਿਚ ਤਾਂ ਸ਼ੱਕ ਨਹੀਂ। ਅਮਰੀਕਨ ਸਾਮਰਾਜ ਦੀ ਇਹ ਇੱਛਾ ਹੈ ਕਿ ਹਾਲਾਤ ਸੁਖਾਵੇਂ ਨਾ ਹੋਣ ਦਿੱਤੇ ਜਾਣ ਹਾਲਾਂ ਕਿ ਪਾਕਿਸਤਾਨ ਦੇ ਲੋਕ ਅਤੇ ਸਾਰੀਆਂ ਪਾਰਟੀਆਂ ਇਹ ਜ਼ੋਰ ਲਾ ਰਹੀਆਂ ਹਨ ਕਿ ਗੱਲ ਸਮਝੌਤੇ ਰਾਹੀਂ ਨਿਬੜਨੀ ਚਾਹੀਦੀ ਹੈ। ਪਰ ਪਾਕਿਸਤਾਨੀ ਸਰਕਾਰ ਜੋ ਜਨੇਵਾ ਵਿਚ ਇਸ ਪਾਸੇ ਕਦਮ


ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ

ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




SHAN

SAREES & DRAPERY LTD.

Serving you since 1970

ਸਾਡੇ ਤਜਰਬੇ ਦਾ ਲਾਭ ਉਠਾਉਣ ਲਈ

ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ

ਜਾਂ ਦਰਸ਼ਨ ਦਿਓ

6543 Main St., Vancouver, B.C.  R,B.C

Ph. 321-1955, 321-0847



IATA APPROVED OFFICE

Dunhill Travel LTD.

ਡਨਹਿਲ ਟਰੈਵਲ ਲਿਮ:

10 East Broadway, Vancouver, B.C., V5T 1V6

Ph. 875-9129

Toll Free B.C., Alberta — 1-800-663-5116

ATAC

ਆਥੋਰਾਈਜ਼ਡ ਟਿਕਟ ਏਜੰਟ

Singapore Airlines

ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ

ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ

Authorized Agents — PAN AM

Special London

$Special London Sale

from $279 U.S. One way



IATA

GABA TRAVELS

6612 Main St., Vancouver, B.C.

Ph. 324-3336

PAN AM ਦੀਆਂ ਨਵੀਆਂ ਉਡਾਨਾਂ ਬਾਰੇ ਹੋਰ ਜਾਣਕਾਰੀ ਗਾਬਾ ਟਰੈਵਲਜ਼ ਤੋਂ ਲਵੋ :

ਦਿੱਲੀ, ਬੰਬਈ, ਕਰਾਚੀ ਜਾਣ ਲਈ ਪੈਨ ਐਮ 'ਤੇ ਸਫ਼ਰ ਕਰੋ

ਦਿੱਲੀ ਜਾਣ ਲਈ ਬਹੁਤ ਘੱਟ ਕਿਰਾਏ



GLOBAL IMMIGRATION SERVICES



For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

WE ARE PROVIDING ALL IMMIGRATION SERVICES

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

ਪੁੱਟਦੀ ਹੈ ਤਾਂ ਅਮਰੀਕਾ ਦਬਾਅ ਪਾ ਕੇ ਰੋਕ ਦਿੰਦਾ ਹੈ। ਮਸਲਨ ਸੋਵੀਅਤ ਯੂਨੀਅਨ ਦੀ ਤਜ਼ਵੀਜ਼ ਸੀ ਕਿ ਉਹ ਫੌਜਾਂ ਤਿੰਨ ਸਾਲਾਂ ਵਿਚ ਕੱਢ ਲੈਣਗੇ। ਪਰ ਉਨ੍ਹਾਂ ਬਦਲ ਕੇ ਇਹ ਵੀ ਕਹਿ ਦਿੱਤਾ ਕਿ ਚਲੋ ਅਸੀਂ ਫੌਜਾਂ 18 ਮਹੀਨੇ ਦੇ ਅੰਦਰ ਹੀ ਕੱਢ ਲਵਾਂਗੇ। ਇਹ ਪੰਜਾਂ ਮਹੀਨਿਆਂ 'ਤੇ ਅੜੇ ਹੋਏ ਹਨ। ਪਰ ਜੇ ਇਹ ਠੀਕ ਕਦਮ ਪੁਟਣ ਤਾਂ ਅਫਗਾਨਿਸਤਾਨ ਵਾਲੇ ਸ਼ਾਇਦ 18 ਮਹੀਨੇ ਤੋਂ ਵੀ ਘੱਟ ਆ ਜਾਣ। ਲੇਕਿਨ ਹੁਣ ਅਫਗਾਨਿਸਤਾਨ ਦੀ ਸਰਕਾਰ ਨੇ ਨਵੀਂ ਪਾਲਿਸੀ ਅਪਣਾਈ ਹੈ ਉਹ ਹੈ National Reconcilitation ਦੀ। ਉਨ੍ਹਾਂ ਨੇ ਕਿਹਾ ਹੈ ਕਿ ਜੇ ਸਾਡੀ Unity ਤੇ Integrity ਤੇ ਰਜ਼ਾਮੰਦ ਹੋਣ, ਬੇਸ਼ੱਕ ਉਹ ਸਾਡੇ ਵਿਰੋਧੀ ਵੀ ਹੋਣ, ਅਸੀਂ ਉਨ੍ਹਾਂ ਨੂੰ ਸਰਕਾਰ ਵਿਚ ਲੈਣ ਲਈ ਤਿਆਰ ਹਾਂ। ਇਸਦਾ ਬਹੁਤ ਅਸਰ ਪਿਆ ਹੈ। ਉਨ੍ਹਾਂ ਇਕ ਪਾਸੜ ਐਲਾਨ ਕਰ ਦਿੱਤਾ ਹੈ ਕਿ ਅਸੀਂ ਹੁਣ ਮੁਜਮਦੀਨਾਂ ਦੇ ਖਿਲਾਫ਼ ਲੜਾਈ ਨਹੀਂ ਲੜਨੀ। ਇਹ ਪਹਿਲਾਂ ਛੇ ਮਹੀਨੇ ਲਈ ਕੀਤਾ ਸੀ — ਹੁਣ ਮਿਆਦ ਹੋਰ ਵਧਾ ਦਿੱਤੀ ਹੈ। ਇਹਦਾ ਨਤੀਜਾ ਇਹ ਹੋਇਆ ਕਿ 25,000 ਉਨ੍ਹਾਂ ਨੂੰ ਛੱਡ ਕੇ ਇਨ੍ਹਾਂ ਨਾਲ ਰਲ ਗਿਆ। 93,000 ਇਸ ਵੇਲੇ ਗੱਲਬਾਤ ਕਰ ਰਿਹਾ ਹੈ ਜਿਸਨੇ ਹਥਿਆਰਬੰਦ ਲੜਾਈ ਛੱਡ ਦਿੱਤੀ ਹੈ। ਹੁਣ ਮੁਸ਼ਕਲ ਰਹਿ ਜਾਂਦੀ ਹੈ ਪਾਕਿਸਤਾਨੀ ਸਰਹੱਦ 'ਤੇ — ਜਿਥੇ ਬਹੁਤ ਰੀਫੀਊਜ਼ੀ ਬੈਠਾ ਤੇ ਅਮਰੀਕਨ ਪੈਸਾ ਆ ਰਿਹਾ, ਹਥਿਆਰ ਬੜਾ ਆ ਰਿਹਾ ਹੈ। ਦੂਜੇ ਪਾਸੇ ਇਨ੍ਹਾਂ ਨੇ ਸੱਦਾ ਦਿੱਤਾ ਹੈ ਕਿ ਜਿੰਨੇ ਵੀ ਗਏ ਸ਼ਰਨਾਰਥੀ ਵਾਪਸ ਆ ਜਾਣਗੇ — ਉਨ੍ਹਾਂ ਨੂੰ ਦੁਬਾਰਾ ਸਥਾਪਤ ਕਰ ਦਿੱਤਾ ਜਾਵੇਗਾ। ਜਿਸ ਦਿਨ ਮੈਂ ਉਥੇ ਸੀ, 62,000 ਰੀਫੀਊਜ਼ੀ ਵਾਪਸ ਆ ਚੁਕਾ ਸੀ। ਹਾਲਾਂ ਕਿ ਕੈਂਪ ਵਿਚ ਏਨੀ ਸਖਤੀ ਕੀਤੀ ਹੋਈ ਹੈ ਕਿ ਕੋਈ ਰੀਫੀਊਜ਼ੀ ਨਿਕਲ ਨਾ ਜਾਏ। 62,000 'ਚੋਂ 40000 ਈਰਾਨ 'ਚੋਂ ਆਇਆ ਸੀ। ਈਰਾਨ ਵਿਚ ਪੰਜ ਲੱਖ ਰੀਫੀਊਜ਼ੀ ਹੈ ਤੇ 25 ਲੱਖ ਰੀਫੀਊਜ਼ੀ ਪਾਕਿਸਤਾਨ ਵਿਚ ਹੈ। 10 ਲੱਖ ਤਾਂ ਐਸਾ ਜਿਹੜਾ ਕਦੇ ਸੈਟਲ ਹੋਇਆ ਹੀ ਨਹੀਂ — ਅੰਗਰੇਜ਼ਾਂ ਦੇ ਵੇਲੇ ਵੀ — ਇਹ tribal ਹਨ। ਉਥੇ ਕਦੀ ਅਮਨ ਹੋਇਆ ਹੀ ਨਹੀਂ ਉਸ ਏਰੀਏ ਵਿਚ। ਹੁਣ ਕਿਉਂਕਿ ਅਮਰੀਕਨ ਡਾਲਰ ਮਿਲਦੇ ਹਨ — ਹਰ ਇਕ ਨੂੰ ਦੋ ਡਾਲਰ ਹਰ ਰੋਜ਼ ਮਿਲਦੇ ਹਨ — ਉਹ ਕੈਂਪਾਂ ਵਿਚ ਚਲੇ ਜਾਂਦੇ ਹਨ। ਅਸਲ ਵਿਚ ਰੀਫੀਊਜ਼ੀਆਂ ਦੀ ਗਿਣਤੀ ਪੰਦਰਾਂ ਲੱਖ ਹੈ। ਏਥੋਂ ਵੀ ਵੀਹ ਬਾਈ ਹਜ਼ਾਰ ਵਾਪਸ ਆਇਆ ਪਰ ਪਾਬੰਦੀਆਂ ਕੈਂਪਾਂ ਵਿਚ ਬਹੁਤ ਸਖਤ ਹਨ। ਅਫਗਾਨ ਸਰਕਾਰ ਨੇ ਰੀਫੀਊਜ਼ੀਆਂ ਨੂੰ ਸੁਵਿਧਾਵਾਂ ਦਿੱਤੀਆਂ — ਜੇ ਜ਼ਮੀਨ ਦਾ ਮਾਲਕ ਹੈ ਤਾਂ ਉਨ੍ਹਾਂ ਕਿਹਾ ਜ਼ਮੀਨ ਵੀ ਮੋੜਾਂਗੇ। ਜੇ ਘਰ ਸੀ ਤਾਂ ਘਰ ਵੀ ਉਸਨੂੰ ਮਿਲੇਗਾ। ਬਾਹਰਲੇ ਮੁਲਕਾਂ 'ਚ ਬੈਠੇ ਸ਼ਰਨਾਰਥੀਆਂ ਕਈ ਉਨ੍ਹਾਂ ਨਵਾਂ ਡੀਪਾਰਟਮੈਂਟ ਮੁੜ ਵਸੇਬੇ ਲਈ ਖੋਲ੍ਹ ਦਿੱਤਾ ਹੈ। ਕਾਨੂੰਨ ਵੀ ਬਦਲੇ ਹਨ। ਵਿਧਾਨ ਵੀ ਬਦਲ ਦਿਤਾ ਹੈ। ਦੇਸ਼ ਦਾ ਨਾਂ ਵੀ ਰੀਪਬਲਿਕ ਆਫ ਅਫਗਾਨਿਸਤਾਨ ਕਰ ਦਿੱਤਾ ਹੈ। ਤਾਂਕਿ wider appeal ਹੋਵੇ। ਉਹ ਸੁਸਾਇਟੀ ਬਹੁਤ ਪਿਛੇ-ਖਿਚੂ ਸੀ। ਜਿਸ ਵਿਚ ਇਨਕਲਾਬ ਹੋਇਆ। ਇਸ ਦਾ ਬੜਾ ਅਸਰ ਹੈ। ਮੈਂ ਉਨ੍ਹਾਂ ਲੋਕਾਂ ਨੂੰ ਮਿਲਿਆ ਤੇ ਪੁਛਿਆ ਕਿ ਤੁਸੀਂ ਪਹਿਲਾਂ ਕਿਉਂ ਗਏ ਤੇ ਹੁਣ ਕਿਉਂ ਮੁੜੇ। ਮੈਂ ਬਲਖ ਵਿਚ ਜਾਕੇ ਤਿੰਨ ਚਾਰ ਪਿੰਡਾਂ ਵਿਚ ਗਿਆ। ਇਕ ਪਿੰਡ ਵਿਚ ਪੰਜਾਹ ਆਦਮੀਆਂ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਪਹਿਲਾਂ ਸਾਨੂੰ ਵਰਗਲਾਇਆ ਗਿਆ ਕਿ ਕਮਿਊਨਿਸਟ ਆ ਗਏ ਤੇ ਅਸੀਂ ਬਾਗੀ ਹੋ ਗਏ। ਅਸੀਂ ਲੜਦੇ ਰਹੇ।

ਅਫਗਾਨਿਸਤਾਨ ਵਿਚ ਆਜ਼ਾਦੀ ਦੀ ਭਾਵਨਾ ਬੜੀ ਰਹੀ ਹੈ। ਉਨ੍ਹਾਂ ਸਮਝਿਆ ਕਿ ਇਥੇ ਤਾਂ ਹੁਣ ਰੂਸੀ ਆ ਗਏ। ਜਦ ਦਾ ਹੁਣ ਸਰਕਾਰ ਨੇ ਕਿਹਾ ਕਿ ਸਾਡਾ ਇਸਲਾਮ ਨਾਲ ਕੋਈ ਝਗੜਾ ਨਹੀਂ ਤੇ ਇਹ ਇਸਲਾਮੀ ਦੇਸ਼ ਹੈ ਅਸੀਂ ਸੋਚਿਆ ਕਿ ਅਸੀਂ ਤਾਂ ਆਪਣੇ ਭਰਾਵਾਂ ਨੂੰ ਹੀ ਮਾਰ ਰਹੇ ਹਾਂ। ਫੇਰ ਏਸ ਪਾਲਿਸੀ ਨਾਲ ਤਾਂ ਅਫਗਾਨ ਹੀ ਮਰਨਗੇ। ਇਸ ਲਈ ਉਹ ਵਾਪਸ ਆ ਗਏ। ਫਿਰ ਉਨ੍ਹਾਂ ਨੂੰ ਇਹ ਵੀ ਪਤਾ ਲੱਗ ਗਿਆ ਕਿ ਅਮਰੀਕਾ ਕਿਉਂ ਦਿਲਚਸਪੀ ਲੈਂਦਾ ਹੈ ਜਦ ਕਿ ਰੂਸ ਵਾਲੇ ਕਹਿੰਦੇ ਹਨ ਕਿ ਅਸੀਂ ਵਾਪਸ ਜਾਣ ਨੂੰ ਤਿਆਰ ਹਾਂ। ਵਿਦਿਆ, ਸੋਸ਼ਲ ਸਿਸਟਮ ਹੈਲਥ ਸੈਂਟਰ ਆਦਿ ਵਧੀਆ ਬਣੇ ਹਨ। ਇਨਕਲਾਬੀ ਕਦਮ ਲਾਗੂ ਹੋ ਰਹੇ ਹਨ। ਪਹਿਲਾ ਪੀਰੀਅਡ ਖਤਮ ਹੋ ਗਿਆ ਹੈ। ਉਥੇ ਜਮਾਤੀ ਪੱਧਰ ਕਾਰਨ ਇਨਕਲਾਬ ਨਹੀਂ ਹੋਇਆ ਇਸ ਲਈ ਲੋਕਾਂ 'ਚ ਗੁੱਸਾ ਸੀ। ਮਿਲਟਰੀ ਵਾਲਿਆਂ ਨੇ ਇਨਕਲਾਬ ਲੈ ਆਂਦਾ — ਪੱਛੜੀ ਸੁਸਾਇਟੀ ਨੂੰ ਨਾਲ ਲੈਣਾ ਮੁਸ਼ਕਲ ਕੰਮ ਸੀ। ਲੋਕਾਂ ਨੂੰ ਨਾਲ ਲੈਣਾ ਔਖਾ ਸੀ। ਹੁਣ ਅਮਰੀਕੀ ਚਾਲ ਫੇਅਲ ਹੋ ਰਹੀ ਹੈ।

? ਪੱਛਮੀ ਪ੍ਰੈਸ ਏਸ ਮਸਲੇ ਨੂੰ ਬਹੁਤ ਉਛਾਲ ਕੇ ਪੇਸ਼ ਕਰਦਾ ਹੈ — ਇਸ ਲਈ ਇਥੇ ਅਫਗਾਨਿਸਤਾਨ ਮਸਲੇ ਉਤੇ ਬੜੀ ਚਰਚਾ ਹੈ .....

— ਹੁਣ ਉਥੇ ਪੱਛਮੀ ਰੀਪੋਰਟਰ ਵੀ ਹਨ। ਉਥੇ ਸੋਵੀਅਤ ਫੌਜ ਦਿਸਦੀ ਵੀ ਨਹੀਂ। ਉਹ ਸਿਰਫ਼ ਬਾਹਰਲੇ ਹਮਲੇ ਨੂੰ ਰੋਕਣ ਲਈ ਹਨ। ਅੰਦਰੂਨੀ ਸੰਭਾਲ ਉਨ੍ਹਾਂ ਦੀ ਆਪਣੀ ਹੈ। ਇਕਤਰਫਾ ceasefire ਉਨ੍ਹਾਂ ਦੀ ਤਾਕਤ ਦੀ ਨਿਸ਼ਾਨੀ ਹੈ — ਕਮਜ਼ੋਰੀ ਦੀ ਨਹੀਂ।

? ਅਫਗਾਨ ਮਸਲੇ ਕਾਰਨ ਪੰਜਾਬ ਦਾ ਮਸਲਾ ਵੀ ਕੁਝ ਵਿਗੜਿਆ ਹੈ ਜਾਂ ਨਹੀਂ ?

— ਉਹਦਾ ਪੰਜਾਬ ਨਾਲ ਏਨਾ ਤੁਅਲਕ ਤਾਂ ਹੈ ਕਿ ਜਿਹੜੇ ਹਥਿਆਰ ਅਫਗਾਨਿਸਤਾਨ ਦੇ ਨਾਂ ਉਤੇ ਭੇਜੇ ਜਾ ਰਹੇ ਹਨ, ਉਹ ਹੀ ਹਥਿਆਰ ਅਤਿਵਾਦੀਆਂ ਨੂੰ ਵੀ ਦਿੱਤੇ ਜਾ ਰਹੇ ਹਨ। ਅਮਰੀਕਨ ਪਾਲਿਸੀ ਇਸ ਖਿੱਤੇ ਨੂੰ destablize ਕਰਨ ਦੀ ਹੈ।

(ਬਾਕੀ ਅਗਲੇ ਅੰਕ ਵਿਚ)

# ਤਰਨ ਤਾਰਨ ਦਰਬਾਰ ਸਾਹਿਬ ਵਿਚੋਂ ਦੋ ਕਾਬੂ

ਅੰਮ੍ਰਿਤਸਰ — ਸੁਰਖਿਆ ਦਸਤਿਆਂ ਨੇ ਇਥੋਂ 25 ਕਿਲੋਮੀਟਰ ਦੂਰ ਤਰਨ ਤਾਰਨ ਸਥਿਤ ਦਰਬਾਰ ਸਾਹਿਬ ਵਿਚ ਦਾਖਲ ਹੋ ਕੇ ਦਰਬਾਰ ਸਾਹਿਬ ਦੀ ਸਰਾਂ ਦੀਵਾਨ ਹਾਲ, ਕੋਠਾ ਸਾਹਿਬ ਆਦਿ ਕੁਝ ਅਸਥਾਨਾਂ ਦੀ ਤਲਾਸ਼ੀ ਲਈ। ਇਸੇ ਦੌਰਾਨ ਸੁਰੱਖਿਆ ਦਸਤਿਆਂ ਨੇ ਦੋ ਨੌਜਵਾਨਾਂ ਪਲਵਿੰਦਰ ਸਿੰਘ ਅਤੇ ਮੰਗਤ ਸਿੰਘ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਇਕ 303 ਬੋਰ ਦਾ ਪਿਸਤੌਲ ਅਤੇ ਬਾਰਾਂ ਬੋਰ ਦੀ ਦੁਨਾਲੀ ਬੰਦੂਕ ਤੇ ਕੁਝ ਕਾਰਤੂਸ ਬਰਾਮਦ ਕੀਤੇ। ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬੰਬੇ ਸਵੀਟਸ 'ਤੇ ਰੱਖੜੀ ਤਿਉਹਾਰ ਲਈ ਮਠਿਆਈਆਂ ਦਾ ਬਾਜ਼ਾਰ

ਵੈਨਕੂਵਰ — ਬੰਬੇ ਸਵੀਟਸ ਉਤੇ ਨਰੇਸ਼ ਸ਼ੁਕਲਾ ਐਂਡ ਬਰਦਰਜ਼ ਵਲੋਂ ਬਹੁਤ ਸ਼ਾਨਦਾਰ ਢੰਗ ਨਾਲ ਰੱਖੜੀ ਦੇ ਤਿਉਹਾਰ ਲਈ ਮਠਿਆਈਆਂ ਸਜਾਈਆਂ ਗਈਆਂ ਹਨ। ਰੱਖੜੀ ਦਾ ਤਿਉਹਾਰ 9 ਅਗਸਤ ਦਾ ਹੈ ਪਰ ਬੰਬੇ ਸਵੀਟਸ ਉਤੇ ਹੁਣੇ ਹੀ ਮਠਿਆਈਆਂ ਦੇ ਭੰਡਾਰ ਭਰੇ ਪਏ ਮਿਲਦੇ ਹਨ। ਜਿਸ ਸਮੇਂ ਸਾਡਾ ਪੱਤਰਕਾਰ ਉਥੇ ਪਹੁੰਚਿਆ ਤਾਂ ਦੁਕਾਨ ਉਤੇ ਪਹਿਲਾਂ ਹੀ ਏਨੀ ਭੀੜ ਸੀ ਕਿ ਖੜ੍ਹਨ ਲਈ ਥਾਂ ਨਹੀਂ ਸੀ ਮਿਲ ਰਿਹਾ। ਡੱਬਿਆਂ ਦੇ ਡੱਬੇ ਮਠਿਆਈਆਂ ਵਿਕ ਰਹੀਆਂ ਸਨ।

ਸਾਡੇ ਪੱਤਰਕਾਰ ਦੇ ਪੁੱਛਣ ਤੇ ਸ੍ਰੀ ਨਰੇਸ਼ ਸ਼ੁਕਲਾ ਨੇ ਦੱਸਿਆ ਕਿ ਸਾਡੇ ਕੋਲੋਂ ਤਾਜ਼ੀਆਂ ਮਠਿਆਈਆਂ ਮਿਲਣ ਦਾ ਕਾਰਨ ਇਹ ਹੀ ਹੈ ਕਿ ਰੋਜ਼ ਦੀ ਰੋਜ਼ ਗਾਹਕ ਏਨਾ ਪੈਂਦਾ ਹੈ ਕਿ ਮਠਿਆਈਆਂ ਬਚੀਆਂ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਜੇ ਬਾਹਰਲੇ ਟਾਊਨਾਂ ਤੋਂ ਆਰਡਰ ਭਾਰੀ ਗਿਣਤੀ ਵਿਚ ਮਿਲਣ ਕਾਰਨ ਵੀ ਉਹ ਬੰਬੇ ਸਵੀਟਸ ਉਤੇ ਰੋਜ਼ ਦੀਆਂ ਲੋੜਾਂ ਮਸਾਂ ਪੂਰੀਆਂ ਕਰਦੇ ਹਨ। ਕਈ ਵਾਰ 'ਤੇ ਹਲਵਾਈਆਂ ਲਈ ਸਮੱਸਿਆ ਖੜ੍ਹੀ ਹੋ ਜਾਂਦੀ ਹੈ।

ਸ੍ਰੀ ਸ਼ੁਕਲਾ ਨੇ ਕਿਹਾ ਕਿ ਬਾਹਰਲੇ ਟਾਊਨਾਂ ਦੇ ਗਾਹਕਾਂ ਦੀਆਂ ਸਹੂਲਤਾਂ ਦਾ ਸਾਨੂੰ ਖਾਸ ਧਿਆਨ ਰੱਖਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਲਗਪਗ ਸਾਰੇ ਵੈਸਟਰਨ ਕੈਨੇਡਾ ਵਿਚ ਅਸੀਂ ਮਠਿਆਈਆਂ ਭੇਜਦੇ ਹਾਂ ਇਸ ਲਈ ਬਾਹਰਲੇ ਟਾਊਨਾਂ ਦੇ ਗਾਹਕਾਂ ਦੀ ਸਹੂਲਤ ਲਈ ਉਨ੍ਹਾਂ ਫਰੀ ਟੋਲ ਨੰਬਰ ਲਵਾ ਦਿੱਤਾ ਹੈ ਜਿਸ ਉਤੇ ਗਾਹਕ ਆਪਣੇ ਆਰਡਰ ਬੁਕ ਕਰਵਾ ਸਕਦੇ ਹਨ।

**ਫਰੀ ਟੋਲ ਨੰ:**

1-800-663-1070

ਹੈ। ਇਸ ਨਾਲ ਬਾਹਰਲੇ ਟਾਊਨਾਂ ਦੇ ਗਾਹਕਾਂ ਨੂੰ ਵੀ ਵਧੇਰੇ ਸੌਖ ਹੋ ਜਾਵੇਗੀ।

ਸ੍ਰੀ ਸ਼ੁਕਲਾ ਨੇ ਕਿਹਾ ਕਿ ਵਿਕਰੀ ਦਾ ਵੱਡਾ ਕਾਰਨ ਉਨ੍ਹਾਂ ਦੀ ਮਠਿਆਈਆਂ ਬਣਾਉਣ ਦੀ ਕੁਆਲਿਟੀ ਹੈ। ਗਾਹਕ ਉਸੇ ਥਾਂ ਨੂੰ ਤਰਜੀਹ ਦੇਵੇਗਾ ਜਿਥੇ ਉਸ ਨੂੰ ਵਧੀਆ ਰੇਟ ਵੀ ਮਿਲਣ ਤੇ ਕੁਆਲਿਟੀ ਵੀ ਵਧੀਆ ਹੋਵੇ। ਉਨ੍ਹਾਂ ਕਿਹਾ ਬੰਬੇ ਸਵੀਟਸ ਦੀ ਸਫ਼ਲਤਾ ਦਾ ਰਾਜ ਹੀ ਵਾਜਬ ਰੇਟ ਤੇ ਵਧੀਆ ਕੁਆਲਿਟੀ ਹੈ।

ਰੱਖੜੀ 9 ਅਗਸਤ, 87 ਦਿਨ ਐਤਵਾਰ ਦੀ ਹੈ
ਰੱਖੜੀ ਵਾਸਤੇ ਆਪਣੇ ਆਰਡਰ ਅੱਜ ਹੀ ਬੁੱਕ ਕਰਵਾਓ !


ਨਰੇਸ਼ ਸ਼ੁਕਲਾ

ਬੰਬੇ ਸਵੀਟਸ ਮੈਨੂਫੈਕਚਰਰ ਇਨਕ.

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ

Bombay Sweets Manufacturer Inc.

$2.50 ਪੌਂਡ ਵਾਲੀਆਂ ਜਲੇਬੀਆਂ $1.49 LB.

$2.50 ਪੌਂਡ ਵਾਲੇ ਲੱਡੂ $1.75 LB

6556 - 6560 Main St., Vancouver, B.C.

SPECIAL THIS WEEK

Buy 5 lbs. Mix Sweets & Get

2 LBS. JALEBI FREE

Buy 5 Lbs. Mix NAMKEEN & Get

1 LB. NAMKEEN FREE

Ph. (604) 321-1414 Or 874-5722

Contact: Naresh Shukla & Bros.

# ਆਦਰਸ਼ ਵਿਆਹ ਵਿਚ ਇਕ ਇਨਕਲਾਬੀ ਕਦਮ

ਪੁਰਾਣੇ ਰਸਮਾਂ ਰਿਵਾਜਾਂ ਨੂੰ ਖਤਮ ਕਰਨ ਲਈ ਸੂਝਵਾਨ ਪ੍ਰਵਾਰ ਸਾਡੇ ਸਮਾਜ ਵਿਚ ਸਾਦੇ ਢੰਗ ਨਾਲ ਵਿਆਹ ਕਰਕੇ ਕਈ ਦਹਾਕਿਆਂ ਤੋਂ ਆਦਰਸ਼ ਵਿਆਹ ਕਰਦੇ ਆ ਰਹੇ ਹਨ। ਅਜਿਹੇ ਸਾਦਾ ਆਦਰਸ਼ ਵਿਆਹਾਂ ਦੀਆਂ ਖਬਰਾਂ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। ਇਨ੍ਹਾਂ ਆਦਰਸ਼ ਵਿਆਹਾਂ ਵਿਚ ਬਰਾਤ ਨਹੀਂ ਜਾਂਦੀ ਜਾਂ ਸਿਰਫ ਪੰਜ ਬੰਦੇ ਜਾਂਦੇ ਹਨ, ਦਾਜ ਬਿਲਕੁਲ ਨਹੀਂ ਦਿਤਾ ਜਾਂਦਾ ਅਜਿਹੀਆਂ ਰਸਮਾਂ ਨੂੰ ਨਹੀਂ ਕੀਤਾ ਜਾਂਦਾ, ਜੋ ਸਮਾਜੀ ਤੌਰ ਉਤੇ ਆਰਥਕ ਤੌਰ ਉਪਰ ਅੱਜ ਦੇ ਸਮੇਂ ਵਿਚ ਬੇਲੋੜੀਆਂ ਅਤੇ ਗ਼ਲਤ ਸਾਬਤ ਹੋ ਚੁਕੀਆਂ ਹਨ।

ਜਿਸ ਆਦਰਸ਼ ਵਿਆਹ ਦੀ ਇਥੇ ਗੱਲ ਕਰ ਰਹੇ ਹਾਂ ਉਹ ਪਹਿਲੀ ਅਗਸਤ 1987 ਨੂੰ ਸਾਥੀ ਗੁਰਨਾਮ ਸਿੰਘ ਦੇ ਸਪੁਤਰ ਅਮਨਦੀਪ ਦਾ, ਸ. ਅਮਰਜੀਤ ਸਿੰਘ ਜੌਹਲ ਦੀ ਸਪੁਤਰੀ ਬੀਬੀ ਰੇਮਾ ਦੇ ਨਾਲ ਵੈਨਕੂਵਰ (ਰਿਚਮੰਡ) ਵਿਚ ਹੋਇਆ।

ਮੰਗਣੀ ਤੋਂ ਲੈ ਕੇ ਵਿਆਹ ਤੱਕ ਸਾਰੀਆਂ ਸਭਿਆਚਾਰਕ ਰਸਮਾਂ ਕਰਦੇ ਹੋਇਆਂ ਕੋਈ ਵੀ ਡਾਲਰ ਦਿਤਾ/ਲਿਆ ਨਹੀਂ ਗਿਆ। ਇਥੋਂ ਤੱਕ ਕਿ ਮੰਗਣੀ ਵੇਲੇ ਵੀ ਸਿਰਫ ਫੁੱਲ ਹੀ ਪੇਸ਼ ਕੀਤਾ ਗਿਆ।

ਜਦੋਂ ਗੁਰਦੁਆਰੇ ਵਿਚ ਲਾਵਾਂ ਹੋਈਆਂ ਤਾਂ ਅਮਨਦੀਪ ਅਤੇ ਰੇਮਾ ਨੇ ਰਵਾਇਤੀ ਢੰਗ ਅਨੁਸਾਰ ਅਗੇ ਪਿਛੇ ਤੁਰਨ ਦੀ ਥਾਵੇਂ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਪਰਕਰਮਾਂ ਕਰਕੇ ਲਾਵਾਂ ਲਈਆਂ। ਲਾਵਾਂ ਵੇਲੇ ਗੁਰਬਾਣੀ ਦੇ ਮਹਾਂਵਾਕ "ਏਕੁ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ਨੂੰ ਸਹੀ ਅਰਥਾਂ ਵਿਚ ਬਰਾਬਰ ਕਰਕੇ ਅਮਲੀ ਰੂਪ ਵਿਚ ਸਾਬਤ ਕੀਤਾ, ਕਿ ਗੁਰਵਾਕ ਅਨੁਸਾਰ ਇਹ ਹੀ ਦਰੁਸਤ ਢੰਗ ਹੈ।

ਸਿਖ ਧਰਮ ਵਿਚ ਜਦੋਂ ਇਸਤਰੀ ਨੂੰ ਮਨੁੱਖ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਤਾਂ ਇਸਤਰੀ ਦਾ ਮਨੁੱਖ ਦੇ ਪਿਛੇ ਪਿਛੇ ਤੁਰਨਾ ਅਤੇ ਪੁਰਸ਼ ਦੀ ਸਰਦਾਰੀ ਦੇ ਕਾਰਨ ਅਨੇਕਾਂ ਨਾਬਰਾਬਰੀਆਂ ਅਤੇ ਕਈ ਵਾਰ ਜ਼ੁਲਮ ਤੱਕ ਸਹਿਣਾ, ਕਿਵੇਂ ਵੀ ਉਚਿਤ ਨਹੀਂ ਹੈ। ਅੱਜ ਸੰਸਾਰ ਭਰ ਵਿਚ ਇਸਤਰੀ ਬਰਾਬਰਤਾ ਲਈ ਤਾਂਘ ਰਹੀ ਹੈ।

ਗੁਰੂ ਸਾਹਿਬਾਨ ਨੇ ਜਿਵੇਂ ਹੋਰ ਅਨੇਕਾਂ ਗਲਤ ਰਸਮਾਂ ਦਾ ਖੰਡਨ ਕੀਤਾ, ਉਨ੍ਹਾਂ ਨੂੰ ਕਰਨ ਤੋਂ ਰੋਕਿਆ ਅਤੇ ਕਈਆਂ ਰਸਮਾਂ ਦਾ ਸੁਧਾਰ ਕੀਤਾ ਉਨ੍ਹਾਂ ਵਿਚ ਲਾਵਾਂ ਦੀ ਇਕ ਰਸਮ ਵੀ ਸੀ। ਹਿੰਦੂ ਧਰਮ ਅਨੁਸਾਰ ਲਾਵਾਂ ਸਮੇਂ ਬੇਦੀ ਦੇ ਦੁਆਲੇ ਇਸਤੀ, ਪੁਰਸ਼ ਦੇ ਪਿਛੇ ਪਿਛੇ ਤੁਰਦੀ ਹੈ, ਸਿੱਖ ਧਰਮ ਵਿਚ ਜਦੋਂ ਇਸਤਰੀ ਨੂੰ ਬਰਾਬਰਤਾ ਦੇ ਦਿਤੀ ਗਈ ਤਾਂ ਉਸ ਦਾ ਪਿਛੇ ਤੁਰਨਾ ਤਰਕ ਸੀਮਤ ਨਹੀਂ ਹੈ, ਸਗੋਂ ਬਰਾਬਰ ਤੁਰਨਾ ਹੀ ਦਰੁਸਤ ਹੈ। ਅੱਜ ਦੇ ਯੁਗ ਨੂੰ ਧਿਆਨ ਵਿਚ ਰੱਖਦਿਆਂ ਹਿੰਦੂ ਧਰਮ ਵਿਚ ਵੀ ਲਾਵਾਂ ਸਮੇਂ ਇਸਤਰੀ ਅਤੇ ਪੁਰਸ਼ ਨੂੰ ਬਰਾਬਰ ਤੁਰਨਾ ਚਾਹੀਦਾ ਹੈ।



ਸੰਘੇੜਾ ਅਤੇ ਜੌਹਲ ਪਰਵਾਰ ਵਲੋਂ ਲੜਕੇ-ਲੜਕੀ ਦੇ ਬਰਾਬਰ ਤੁਰਕੇ ਲਾਵਾਂ ਲੈਣ ਬਾਰੇ ਸਹਿਮਤ ਹੋਣਾ, ਆਦਰਸ਼ ਵਿਆਹਾਂ ਵਿਚ ਇਕ ਹੋਰ ਇਨਕਲਾਬੀ ਕਦਮ ਹੈ। ਜਿਸ ਨੂੰ ਹਰ ਵਿਆਹ ਸਮੇਂ ਅਪਣਾਇਆ ਜਾਣਾ ਚਾਹੀਦਾ ਹੈ।

ਵਿਆਹ ਹੋਣ ਤੋਂ ਉਪਰੰਤ ਪ੍ਰੋਫੈਸਰ ਹਰਮਿੰਦਰ ਸਿੰਘ ਬਰੈਡਫੋਰਡ ਇੰਗਲੈਂਡ, ਸਾਥੀ ਜੀਤ ਸਿੰਘ ਅਣਖੀ ਅਤੇ ਸੂਫੀ ਅਮਰਜੀਤ ਨੇ ਬਰਾਬਰ ਲਾਵਾਂ ਲੈਣ ਦੀ ਰਸਮ ਦੀ ਸ਼ਲਾਘਾ ਕੀਤੀ। ਇਸਤਰੀ ਦੀ ਬਰਾਬਰਤਾ ਬਾਰੇ ਚੁੱਕੇ ਇਸ ਕਦਮ ਦੀ ਵਿਆਹ ਸਮੇਂ ਹਾਜ਼ਰ ਸੈਂਕੜੇ ਲੋਕਾਂ ਨੇ ਵੀ ਸ਼ਲਾਘਾ ਕੀਤੀ।

ਵਿਆਹ ਦੀ ਰਸਮ ਹੋਣ ਤੋਂ ਉਪਰੰਤ ਸਾਥੀ ਗੁਰਨਾਮ ਸਿੰਘ ਨੇ ਸਾਰੇ ਆਏ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਬੇਨਤੀ ਕੀਤੀ ਕਿ ਜਿਵੇਂ ਅਸੀਂ ਸਭ ਰਸਮਾਂ ਸਾਦੇ ਢੰਗ ਨਾਲ ਕੀਤੀਆਂ ਹਨ, ਇਸ ਤਰ੍ਹਾਂ ਹੀ ਅਸੀਂ ਸਿਰਫ ਹਾਰ ਹੀ ਪਾਵਾਂਗੇ ਕੋਈ ਵੀ ਸਜਣ ਲੜਕੇ-ਲੜਕੀ ਨੂੰ ਵਾਰਨਾ ਜਾਂ ਸ਼ਗਨ ਨਾ ਪਾਵੇ।

ਇਸ ਤਰ੍ਹਾਂ ਇਹ ਵਿਆਹ ਸਾਡੇ ਪੰਜਾਬੀ ਲੋਕਾਂ ਦੇ ਵਿਆਹ ਦੀ ਰਸਮ ਵਿਚ ਪਹਿਲੀ ਬਾਰ ਬਰਾਬਰ ਤੁਰਨ ਦੀ ਇਨਕਲਾਬੀ ਰੀਤ ਤੋਰਨ ਲਈ ਇਕ ਇਤਿਹਾਸਕ ਵਿਆਹ ਦੀ ਰਸਮ ਦਾ ਦਿਨ ਬਣ ਗਿਆ ਹੈ।

ਇਸ ਬਰਾਬਰਤਾ ਤੋਂ ਆਰੰਭ ਹੋ ਕੇ ਜੀਵਨ ਵਿਚ ਵੀ ਇਸਤਰੀ ਦੀ ਬਰਾਬਰਤਾ ਨੂੰ ਮੰਨਣਾ ਅਤੇ ਅਮਲ ਵਿਚ ਲਿਆਉਣਾ, ਸਮਾਜ ਦੀ ਭਲਾਈ ਵਲ ਇਕ ਬਹੁਤ ਹੀ ਮਹਾਨ ਕਦਮ ਹੈ। ਸਾਨੂੰ ਸਭ ਨੂੰ ਇਸਤਰੀ ਦੀ ਬਰਾਬਰਤਾ ਵਿਚ ਆਪਣੇ ਪਰਵਾਰਾਂ ਤੋਂ ਹੀ ਇਸ ਸਿਧਾਂਤ ਨੂੰ ਲਾਗੂ ਕਰਨਾ ਚਾਹੀਦਾ ਹੈ। ਇਹ ਬਰਾਬਰਤਾ ਦਾ ਸਿਧਾਂਤ ਮਨੁੱਖਤਾ ਦੇ ਹਰ ਪਰਕਾਰ ਦੇ ਅਸਾਵੇਂਪਨ ਦੇ ਸੰਘਰਸ਼ ਲਈ ਵਿਸ਼ੇਸ਼ ਮਹਾਨਤਾ ਰੱਖਦਾ ਹੈ। ਇਸ ਤਰ੍ਹਾਂ ਅਸੀਂ ਗੁਰੂ ਸਾਹਿਬਾਨ ਦੇ ਬਰਾਬਰਤਾ ਦੇ ਸਿਧਾਂਤ ਅਤੇ ਵਿਗਿਆਨਕ ਸਮਾਜਵਾਦ ਦੇ ਲੋਕ-ਜਮਹੂਰੀ ਸਿਧਾਂਤ ਨੂੰ ਅਮਲ ਵਿਚ ਲਿਆ ਕੇ ਉਚੇ ਆਦਰਸ਼ਾਂ ਦਾ ਹੀ ਪਾਲਨ ਕਰ ਰਹੇ ਹੋਵਾਂਗੇ।

**ਸੂਫੀ ਅਮਰਜੀਤ**

ਅਸਾਂ ਤੇ ਹੁਣ ਅਗਿਉਂ ਅਗੇ ਚਲਣਾ,
ਅਸਾਂ ਨਾ ਹੁਣ ਕਿਸੇ ਪੜਾ ਢਲਣਾ।
ਰਿਹਾ ਨਾ ਜਦ ਲਾਂਭ-ਚਾਂਭ ਤਕਣਾ,
ਸਾਨੂੰ ਕੀ ਫਿਰ ਸੋਨ-ਮ੍ਰਿਗਾਂ ਛਲਣਾ!

ਅਸਾਂ ਤੇ ਸੱਭੇ ਸਾਗਰ ਟਪ ਜਾਣੇ,
ਅਸਾਂ ਤੇ ਪੈਰੀਂ ਤਾਰਿਆਂ ਨੂੰ ਮਲਣਾ।
ਅਸਾਂ ਤੇ ਅਜੇ ਹੋਰ ਉਤਾਂਹ ਚੜ੍ਹਨਾ,
ਅਸਾਂ ਤੇ ਸੀਨਾ ਗਗਨਾਂ ਦਾ ਸਲਣਾ।


# ਇੰਮੀਗਰੇਸ਼ਨ ਦੀਆਂ ਨੀਤੀਆਂ ਤੇ ਸਮਾਚਾਰ

## ਇਮੀਗਰੇਸ਼ਨ ਬਾਰੇ ਮੁਫਤ ਸਲਾਹ ਮਸ਼ਵਰਾ

ਵਲੋਂ : ਬਾਬੂ ਜਿਮ ਨਰਾਇਣ — ਵੈਨਕੂਵਰ

ਫ਼ੋਨ : 324-9441

ਹੁਣੇ ਹੁਣੇ ਲੋਕ ਸਭਾ ਦੀ ਸਥਾਈ ਕਮੇਟੀ ਨੇ ਇਮੀਗਰੇਸ਼ਨ ਬਾਰੇ 59 ਸਿਫਾਰਸ਼ਾਂ ਪਾਰਲੀਮੈਂਟ ਨੂੰ ਪੇਸ਼ ਕੀਤੀਆਂ ਹਨ। ਜਿਨ੍ਹਾਂ ਦਾ ਸਬੰਧ ਪਰਿਵਾਰ ਦੇ ਮੁੜ ਇਕੱਠੇ ਹੋਣ ਦੀਆਂ ਗੱਲਾਂ ਨਾਲ ਹੈ। ਜਿਨ੍ਹਾਂ ਰਾਹੀਂ ਗੁਜ਼ਰ ਕੇ ਲੋਕ ਇਥੋਂ ਦੀ ਇਮੀਗਰੇਸ਼ਨ ਲੈਂਦੇ ਹਨ, ਇਨ੍ਹਾਂ ਸਿਫਾਰਸ਼ਾਂ ਬਾਰੇ ਗੌਰਮਿਟ ਦਾ ਰਵਈਆ ਬੜਾ ਹੀ ਸਹਿਯੋਗ ਵਾਲਾ ਹੈ। ਉਨ੍ਹਾਂ ਵਿਚੋਂ ਮੁਖ ਗੱਲਾਂ ਹੇਠ ਲਿਖੀਆਂ ਹਨ।

- ਪਰਵਾਰ ਵਾਲੀ ਕਲਾਸ ਵਿਚ ਜਦੋਂ ਕਿ ਸਾਰੇ ਕਾਗਜ਼ ਪੱਤਰ ਪੂਰੇ ਤੇ ਠੀਕ ਹੋਣ, ਮਾਇਕ ਹਾਲਤ ਨੂੰ ਵੇਖ ਕੇ ਕੈਨੇਡਾ ਵਿਚ ਇੰਟਰਵੀਉ ਨੂੰ ਹਟਾ ਦਿਤਾ ਗਿਆ ਹੈ।
- ਸਪੌਂਸਰ ਕਰਨ ਵਾਲਿਆਂ ਨੂੰ ਇਜਾਜ਼ਤ ਹੋਵੇਗੀ ਕਿ ਆਪਸੀ ਰਿਸ਼ਤੇਦਾਰਾਂ ਨੂੰ ਵਿਦੇਸ਼ ਵਿਚ ਮੁਕੰਮਲ ਪਰਵਾਰਕ ਕਲਾਸ ਵਾਸਤੇ ਇਮੀਗਰੇਸ਼ਨ ਪੈਕਿਜ ਲੈ ਸਕਣਗੇ।
- ਅਰਜ਼ੀ ਦੇਣ ਵਾਲਿਆਂ ਨੂੰ ਵਿਦੇਸ਼ਾਂ ਵਿਚ ਸਾਰੇ ਦਫਤਰਾਂ ਵਿਚੋਂ ਮੁਕੰਮਲ ਫੈਮਿਲੀ ਪੈਕਿਜ ਲੈਣ ਦੀ ਇਜਾਜ਼ਤ ਹੋਵੇਗੀ।
- ਜਦੋਂ ਕਿ ਸਪੌਂਸਰ ਰੁਜ਼ਗਾਰ ਸ਼ੁਦਾ ਹੋਵੇ, ਵਿਦੇਸ਼ਾਂ ਵਿਚਲੇ ਅਫਸਰਾਂ ਨੂੰ ਪਤੀ ਪਤਨੀ ਜਾਂ ਬੱਚਿਆਂ ਦੀ ਅਰਜ਼ੀ ਦਾ ਇਨਕਾਰ ਨਹੀਂ ਕਰਨਾ ਚਾਹੀਦਾ।
- ਮਨਿਸਟਰ ਦੀ ਇਜਾਜ਼ਤ ਨਾਲ ਜੇ ਕੋਈ ਸਪੌਂਸਰ, ਜਿਸਦੇ ਕਿ ਮਾਤਾ ਪਿਤਾ ਵਿਚੋਂ ਕੋਈ ਬੀਮਾਰੀ ਕਰਕੇ ਨਾ ਆ ਸਕਦੇ ਹੋਣ, ਡਾਕਟਰੀ ਖਰਚ ਦੀ ਜ਼ਿੰਮੇਵਾਰੀ ਲੈ ਕੇ ਇਥੇ ਮੰਗਾ ਸਕਦਾ ਹੋਵੇ।
- ਵਿਦੇਸ਼ਾਂ ਵਿਚ ਅਰਜ਼ੀ ਦੇਣ ਵਾਲਿਆਂ ਨੂੰ ਖਾਸ ਹਦਾਇਤਾਂ ਹਨ ਕਿ ਰਿਸ਼ਤੇਦਾਰੀ ਸਿਧ ਕਰਨ ਵਾਲੇ ਕਾਗਜ਼ਾਂ ਦਾ ਘੇਰਾ ਵਧਾ ਦਿਤਾ ਗਿਆ।
- ਰਿਸ਼ਤੇਦਾਰੀ ਸਿਧ ਕਰਨ ਲਈ ਵਿਦੇਸ਼ਾਂ ਵਿਚਲੇ ਅਫਸਰ, ਚਿੱਠੀ ਭਰਨ ਵਾਲਿਆਂ ਵਲੋਂ ਭਰੇ ਹਲਫੀਆ ਬਿਆਨ ਸਰਪੰਚਾਂ, ਜਾਂ ਗੁਰਦੁਆਰਿਆਂ ਵਲੋਂ ਤਸਦੀਕ ਕੀਤਿਆਂ ਨੂੰ ਮਨਜ਼ੂਰ ਕਰ ਲੈਣਗੇ।
- ਵਿਦੇਸ਼ਾਂ ਵਿਚਲੇ ਇਮੀਗਰੇਸ਼ਨ ਅਫਸਰਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਕਿ ਇਮੀਗਰੇਸ਼ਨ ਕਾਨੂੰਨ ਅਤੇ ਅਰਜ਼ੀ-ਕਾਰਵਾਈ ਦੀ ਵਿਧੀ ਸਿਖਣ।

## ਪਰਿਵਾਰਕ ਵਰਗ ਵਿਚ ਮੈਂਬਰਸ਼ਿਪ ਅਤੇ ਪਹਿਲ

(ੳ) ਵਰਤਮਾਨ ਪਰਿਵਾਰਕ ਅਤੇ ਸਹਾਇਕ ਰਿਸ਼ਤੇਦਾਰਾਂ ਦੇ ਵਰਗ ਨੂੰ ਪਰਿਵਾਰਕ, ਸਹਾਇਕ ਪਰਿਵਾਰ ਤੇ ਸਹਾਇਕ ਰਿਸ਼ਤੇਦਾਰਾਂ ਦੇ ਤੌਰ ਤੇ ਜਾਣਿਆ ਜਾਵੇ।

(ਅ) ਪਰਵਾਰ ਦੇ ਵਰਗ ਵਿਚ ਪਤੀ ਪਤਨੀ ਜਾਂ ਬੱਚੇ, ਯਤੀਮ, ਅਡਾਪਟ ਕੀਤੇ ਬੱਚੇ ਤੇ ਬਿਧਵਾ ਮਾਪੇ, ਬੱਚਿਆਂ ਤੋਂ ਬਿਨਾਂ ਆਉਣ ਵਾਲੇ ਮਾਪੇ ਅਤੇ ਮੰਗੇਤਰ ਹੋਣੇ ਚਾਹੀਦੇ ਹਨ।

(ੲ) ਸਹਾਇਕ ਪਰਿਵਾਰਕ ਵਰਗ ਦੀਆਂ ਅਰਜ਼ੀਆਂ ਨੂੰ ਸੋਧੇ ਹੋਏ ਪੁਆਇੰਟ ਸਿਸਟਿਮ ਮੁਤਾਬਕ ਗੌਰ ਅਧੀਨ ਲਿਆ ਜਾਣਾ ਚਾਹੀਦਾ ਹੈ। ਨੇੜੇ ਦੇ ਰਿਸ਼ਤੇਦਾਰਾਂ ਵਾਸਤੇ ਵਾਧੂ ਪੁਆਇੰਟ ਦੇਣੇ ਚਾਹੀਦੇ ਹਨ।

(ਸ) ਸਹਾਇਕ ਰਿਸ਼ਤੇਦਾਰਾਂ ਦੇ ਵਰਗ ਵਿਚ ਮਾਮੇ, ਚਾਚੇ, ਤਾਏ, ਤੇ ਮਾਸੜ ਅਤੇ ਮਾਮੀਆਂ, ਚਾਚੀਆਂ, ਤਾਈਆਂ ਤੇ ਮਾਸੀਆਂ ਅਤੇ ਭਤੀਜੀ, ਭਾਣਜੀ, ਭਤੀਜੇ, ਭਾਣਜੇ ਤੇ ਪੋਤਰੀਆਂ ਤੇ ਪੋਤੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

(ਹ) ਜੇ ਤੁਹਾਡਾ ਕੋਈ ਭਰਾ ਜਾਂ ਭੈਣ 21 ਸਾਲ ਤੋਂ ਉਪਰ ਹੋਵੇ, ਨਵੀਂ ਸੁਖਾਲੀ ਕੀਤੀ ਪਾਲਸੀ ਅਨੁਸਾਰ ਕੈਨੇਡਾ ਆਉਣਾ ਚਾਹੀਦਾ ਹੈ।

ਹੋਰ ਜਾਣਕਾਰੀ ਲਈ, ਇਮੀਗਰੇਸ਼ਨ ਦੇ ਨਵੇਂ ਤੇ ਪੁਰਾਣੇ ਕਾਨੂੰਨ ਪਤਾ ਕਰਨ ਲਈ ਹਰ ਹਫਤੇ ਕੈਨੇਡਾ ਦਰਪਣ ਪੜ੍ਹੋ ਜਾਂ ਬਾਬੂ ਜਿਮ ਨਰਾਇਣ ਨੂੰ ਫੋਨ ਕਰੋ:

## ਰੀਫੀਊਜ਼ੀ ਸਟੇਟਸ ਕੇਸ ਵੀ ਲਏ ਜਾਂਦੇ ਹਨ

Evening Office : 433-4685

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

Tel: Off. 324-9441

# ਪ੍ਰਿੰਸ ਜਾਰਜ ਵਿਚ ਹੋਈ "ਪੰਥਕ ਏਕਤਾ ਕਨਵੈਨਸ਼ਨ" ਦੀ ਏਕਤਾ ਕਮੇਟੀ ਵਲੋਂ ਪ੍ਰੈਸ ਰਿਲੀਜ਼

ਪ੍ਰਿੰਸ ਜਾਰਜ ਅਤੇ ਇਰਦ ਗਿਰਦ ਦੇ ਇਲਾਕੇ ਦੀਆਂ ਸਿਖ ਸੰਗਤਾਂ ਨੇ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਦੀ ਏਕਤਾ ਦੀ ਅਪੀਲ ਤੋਂ ਪ੍ਰੇਰਨਾ ਲੈ ਕੇ ਸਾਰੇ ਕੈਨੇਡਾ ਦੀ ਗੁਰੂਘਰ ਸੁਸਾਇਟੀਆਂ ਅਤੇ ਪੰਥਕ ਜਥੇਬੰਦੀਆਂ ਨੂੰ ਸੱਦਾ ਪੱਤਰ ਭੇਜਿਆ ਸੀ। ਇਸਦੇ ਜੁਆਬ ਵਿਚ ਕੈਨੇਡਾ ਭਰ ਵਿਚੋਂ ਨਿੱਘਾ ਹੁੰਗਾਰਾ ਭਰਦਿਆਂ 31 ਗੁਰੂ ਘਰ ਸੁਸਾਇਟੀਆਂ ਅਤੇ ਹੇਠ ਲਿਖੀਆਂ ਛੇ ਜਥੇਬੰਦੀਆਂ ਨੇ ਭਾਗ ਲਿਆ।

1. ਵਰਲਡ ਸਿਖ ਆਰਗੇਨਾਈਜ਼ੇਸ਼ਨ
2. ਇੰਟਰਨੈਸ਼ਨਲ ਸਿਖ ਯੂਥ ਫੈਡਰੇਸ਼ਨ
3. ਫੈਡਰੇਸ਼ਨ ਆਫ ਸਿਖ ਸੁਸਾਇਟੀ
4. ਬੱਬਰ ਖਾਲਸਾ
5. ਪੰਥ ਖਾਲਸਾ ਇੰਟਰਨੈਸ਼ਨਲ
6. ਸ਼੍ਰੋਮਣੀ ਅਕਾਲੀ ਦਲ ਆਫ ਕੈਨੇਡਾ।

4 ਜੁਲਾਈ ਦੀ ਇਸ ਮੀਟਿੰਗ ਵਿਚ ਏਕਤਾ ਦੀ ਮਹੱਤਤਾ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਖੁਲੀਆਂ ਵਿਚਾਰਾਂ ਹੋਈਆਂ। ਅੰਤ ਵਿਚ ਏਕਤਾ ਦੀ ਪ੍ਰਾਪਤੀ ਲਈ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ।

"ਕੈਨੇਡਾ ਦੀਆਂ ਸਾਰੀਆਂ ਪੰਥਕ ਜਥੇਬੰਦੀਆਂ ਆਪ ਆਪਣੀ ਹੋਂਦ ਨੂੰ ਕਾਇਮ ਰਖਦੀਆਂ ਹੋਈਆਂ, ਧਰਮ ਅਤੇ ਕੌਮ ਦੀ ਸੇਵਾ ਵਿਚ ਜੁਝਦੀਆਂ ਰਹਿਣਗੀਆ। ਇਨ੍ਹਾਂ ਜਥੇਬੰਦੀਆਂ ਵਿਚ ਤਾਲਮੇਲ ਪੈਦਾ ਕਰਨ ਅਤੇ ਕਾਇਮ ਰੱਖਣ ਲਈ ਇਕ ਪੰਜ ਮੈਂਬਰੀ ਬੋਰਡ ਬਣਾਇਆ ਗਿਆ। ਇਹ ਬੋਰਡ ਪੰਥ ਲਈ ਉਸਾਰੂ ਪਰੋਗਰਾਮ ਉਲੀਕੇਗਾ ਅਤੇ ਪੰਥਕ ਜਥੇਬੰਦੀਆਂ ਦੀ ਤਾਕਤ ਇਕ ਦੂਜੇ ਦੇ ਉਲਟ ਵਿਅਰਥ ਗੁਆਉਣ ਦੀ ਬਜਾਏ, ਉਸ ਨੂੰ ਇਕਠੀ ਕਰ ਕੇ ਕੌਮ ਦੇ ਮੌਜੂਦਾ ਮਸਲੇ ਹੱਲ ਕਰਨ ਵੱਲ ਲਗਾਏਗਾ।"

ਪੰਜ ਮੈਂਬਰੀ ਬੋਰਡ ਦੀ ਪਹਿਲੀ ਮੀਟਿੰਗ ਵੈਨਕੂਵਰ ਵਿਚ ਪਹਿਲੀ ਅਗਸਤ ਨੂੰ ਹੋਵੇਗੀ। ਪੰਜ ਮੈਂਬਰਾਂ ਦੇ ਨਾਮ ਸਾਡੇ ਕੋਲ ਇਸ ਪ੍ਰਕਾਰ ਆ ਚੁਕੇ ਹਨ।

1. ਜਗਤਾਰ ਸਿੰਘ ਸੰਧੂ I.S.Y.F.
2. ਦਲਜੀਤ ਸਿੰਘ ਸੰਧੂ W. S. O.
3. ਅਜੈਬ ਸਿੰਘ ਬਾਗੜੀ Babbar
4. ਗੁਰਚਰਨ ਸਿੰਘ Fed. of S.S.
5. ਵਜ਼ੀਰ ਸਿੰਘ ਕਾਹਲੋਂ P.K. Int.

ਇਸ ਤੋਂ ਇਲਾਵਾ ਫਲੋਰ ਤੋਂ ਹੇਠ ਲਿਖੇ ਮਤੇ ਪੇਸ਼ ਹੋਏ ਜੋ ਸਰਬਸੰਮਤੀ ਨਾਲ ਪਾਸ ਹੋਏ।

ਬਹੁਤ ਦੁਖ ਨਾਲ ਇਹ ਖਬਰ ਸੁਣਾਈ ਗਈ ਕਿ ਭਾਈ ਲਖਬੀਰ ਸਿੰਘ ਜੀ ਨੂੰ ਡਿਪੋਰਟੇਸ਼ਨ ਦੇ ਆਡਰ ਜਾਰੀ ਹੋ ਚੁਕੇ ਹਨ। ਇਸ ਫੈਸਲੇ ਨੂੰ ਨਿੰਦਦੇ ਹੋਏ, ਸਮੂਹ ਸੰਗਤਾਂ ਨੇ ਭਾਈ ਸਾਹਿਬ ਦੀ ਰਹਾਇਸ਼ ਉਨ੍ਹਾਂ ਨੂੰ ਹਰ ਮੱਦਦ ਕਰਨ ਦਾ ਵਚਨ ਦਿੱਤਾ।

ਸਾਰੀ ਸਿੱਖ ਸੰਗਤ ਨੇ ਖਾਲਸਾ ਦਿਵਾਨ ਸੁਸਾਇਟੀ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕੀਤਾ ਕਿ "ਰਾਜੀਵ ਗਾਂਧੀ ਦੀ ਅਕਤੂਬਰ ਵਿਚ ਵੈਨਕੂਵਰ ਫੇਰੀ ਦੌਰਾਨ ਸ਼ਾਂਤਮਈ ਰੋਸ ਦਿਖਾਵੇ ਨੂੰ ਉਹ ਆਰਗੇਨਾਈਜ਼ ਕਰਨਗੇ।"

ਸਿਖ ਜਗਤ ਇਸ ਮੌਕੇ ਤੇ ਵਧ ਚੜ੍ਹਕੇ ਹਿਸਾ ਲੈ ਕੇ ਸਾਰੀ ਦੁਨੀਆਂ ਨੂੰ ਆਪਣੇ ਰੋਸ ਅਤੇ ਇਕੱਠ ਦਾ ਵਿਖਾਵਾ ਕਰੇਗਾ।

ਸੰਗਤ ਦੇ ਵਿਚੋਂ ਇੰਡੋ ਕੈਨੇਡੀਅਨ ਅਖਬਾਰ ਵਲੋਂ ਸਿੱਖੀ ਬਾਣੇ, ਕਕਾਰਾਂ ਬਾਰੇ ਅਤੇ ਕੁਝ ਹੋਰ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦਾ ਸੁਆਲ ਉਆਇਆ ਗਿਆ ਅਤੇ ਮੰਗ ਕੀਤੀ ਗਈ ਕਿ ਜਦੋਂ ਤੱਕ ਇਹ ਅਖਬਾਰ ਆਪਣੀ ਗਲਤੀ ਦੀ ਮੁਆਫੀ ਨਾ ਮੰਗੇ ਇਸ ਦਾ ਬਾਈਕਾਟ ਕੀਤਾ ਜਾਵੇ। ਇਹ ਮਤਾ ਵੀ ਸਰਬਸੰਮਤੀ ਨਾਲ ਪਾਸ ਹੋਇਆ।

ਇਸ ਮਤੇ ਨੂੰ ਲੈ ਕੇ ਜੋ ਵਾਦ ਵਿਵਾਦ ਕੁਝ ਅਖਬਾਰਾਂ ਵਿਚ ਸ਼ੁਰੂ ਹੋ ਗਿਆ ਹੈ। ਉਸ ਦਾ ਸਪਸ਼ਟੀਕਰਨ ਇਸ ਪ੍ਰਕਾਰ ਹੈ :

1. ਉਪਰ ਲਿਖੇ ਮਤੇ 31 ਗੁਰੂ ਘਰ ਸੁਸਾਇਟੀਆਂ ਅਤੇ ਛੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿਚ ਸਰਬਸੰਮਤੀ ਨਾਲ ਪਾਸ ਹੋਏ। ਕਿਸੇ ਵੀ ਮਤੇ ਦੀ ਸਟੇਜ ਤੋਂ ਸੰਗਤ ਵਿਚ ਕੋਈ ਵਿਰੋਧਤਾ ਨਹੀਂ ਹੋਈ।
2. ਇਸ ਏਕਤਾ ਕੰਨਵੈਨਸ਼ਨ ਦੀ ਪਬਲੀਕੇਸ਼ਨ ਉਤੇ ਪਾਬੰਦੀ ਲਗਾਈ ਗਈ ਸੀ। ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਦੀ ਉਲੰਘਣਾ ਕਰਕੇ ਇਸ ਏਕਤਾ ਕਨਵੈਨਸ਼ਨ ਦੀ ਮਹੱਤਤਾ ਨੂੰ ਇਕ ਪਾਸੇ ਛੱਡ ਕੇ ਇੰਡੋ ਕੈਨੇਡੀਅਨ ਦੇ ਮਸਲੇ ਨੂੰ ਲੋੜ ਤੋਂ ਵੱਧ ਉਛਾਲਿਆ ਗਿਆ ਹੈ।

ਅਸੀਂ ਉਮੀਦ ਰੱਖਦੇ ਹਾਂ ਕਿ ਇਸ ਸਪਸ਼ਟੀਕਰਨ ਨਾਲ ਏਕਤਾ ਕੰਨਵੈਨਸ਼ਨ ਦੀ ਸਹੀ ਤਸਵੀਰ ਸਿੱਖ ਜਗਤ ਸਾਹਮਣੇ ਆ ਜਾਵੇਗੀ।

ਅਸੀਂ ਸਾਰੀਆਂ ਸਬੰਧਤ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਜਿਸ ਜਜ਼ਬੇ ਨਾਲ ਏਕਤਾ ਕੰਨਵੈਨਸ਼ਨ ਵਿਚ ਭਾਗ ਲੈ ਕੇ ਤੁਸੀਂ ਸਾਂਝਾ ਬੋਰਡ ਬਣਾਇਆ ਹੈ ਉਸ ਜਜ਼ਬੇ ਨੂੰ ਕਾਇਮ ਰਖਦੇ ਹੋਏ, ਇਸ ਦੀ ਕਾਮਯਾਬੀ ਲਈ ਵਧ ਚੜ੍ਹ ਕੇ ਹਿਸਾ ਪਾਉ।

ਅੰਤ ਵਿਚ ਅਸੀਂ ਸਾਰੀਆਂ ਪੰਥਕ ਅਖਬਾਰਾਂ ਨੂੰ ਅਪੀਲ ਕਰਦੇ ਹਾਂ

ਕਿ ਇਸ ਵਾਦ ਵਿਵਾਦ ਨੂੰ ਇਥੇ ਹੀ ਖਤਮ ਕਰਕੇ ਸਿਖ ਕੌਮ ਅਤੇ ਪੰਥ ਦੀ ਉਸਾਰੂ ਸੇਵਾ ਵਿਚ ਹਿਸਾ ਪਾਉ ਅਤੇ ਪੰਥ ਦਰਦੀ ਹੋਣ ਦਾ ਸਬੂਤ ਦਿਉ।

ਆਉਣ ਵਾਲੇ ਹਫਤਿਆਂ ਵਿਚ ਕੌਣ ਪੰਥ ਦਰਦੀ ਹੈ, ਕੌਣ ਪੰਥ ਦੀ ਏਕਤਾ ਦਾ ਹਾਮੀ ਹੈ ਦਾ ਅੰਦਾਜ਼ਾ ਕੌਮ ਖੁਦ ਲਗਾ ਲਵੇਗੀ।

ਧੰਨਵਾਦ ਸਹਿਤ।

ਪੰਥਕ ਏਕਤਾ ਕਮੇਟੀ
ਪ੍ਰਿੰਸ ਜਾਰਜ
ਭਾਈ ਪਾਲ ਸਿੰਘ - 561-1271

ਭਾਈ ਰਣਜੀਤ ਸਿੰਘ - 563-2362
ਭਾਈ ਜਗਤਾਰ ਸਿੰਘ — ਭਾਈ ਪਿਆਰਾ ਸਿੰਘ
ਭਾਈ ਗੁਰਚਰਨ ਸਿੰਘ

ਪ੍ਰਿੰਸ ਜਾਰਜ ਏਕਤਾ ਕਮੇਟੀ ਇਕ ਵਾਰੀ ਫੇਰ ਸਾਰੀਆਂ ਸੁਸਾਇਟੀਆਂ ਅਤੇ ਜਥੇਬੰਦੀਆਂ ਜਿਨ੍ਹਾਂ ਨੇ ਆਪਣੇ ਨੁਮਾਇੰਦੇ ਭੇਜ ਕੇ ਇਸ ਕਨਵੈਨਸ਼ਨ ਵਿਚ ਯੋਗਦਾਨ ਪਾ ਕੇ ਇਸ ਨੂੰ ਕਾਮਯਾਬ ਕੀਤਾ, ਦੇ ਅਤੀ ਧੰਨਵਾਦੀ ਹਾਂ। ਇਨ੍ਹਾਂ ਤੋਂ ਇਲਾਵਾ ਜੋ ਕਈ ਕਾਰਨਾਂ ਕਰਕੇ ਹਾਜ਼ਰ ਨਹੀਂ ਹੋ ਸਕੇ, ਪਰ ਟੈਲੀਫੋਨਾਂ ਰਾਹੀਂ ਸਾਨੂੰ ਪੂਰਾ ਸਹਿਯੋਗ ਦੇਣ ਦਾ ਵਾਇਦਾ ਕੀਤਾ ਦੇ ਵੀ ਧੰਨਵਾਦੀ ਹਾਂ।

(ਇਹ ਪ੍ਰੈਸ ਰਿਲੀਜ਼ 'ਕੈਨੇਡਾ ਦਰਪਣ' ਨੂੰ ਅਗਸਤ 4, 1987 ਨੂੰ ਡਾਕ ਰਾਹੀਂ ਮਿਲੀ)

# ਯਾਸਰ ਅਰਾਫਾਤ ਦਿੱਲੀ ਵਿਚ

ਨਵੀਂ ਦਿੱਲੀ — ਪੀ. ਐਲ. ਓ. ਦੇ ਲੀਡਰ ਯਾਸਰ ਅਰਾਫਾਤ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਥੇ ਭਰੋਸਾ ਦਿੱਤਾ ਕਿ ਭਾਰਤ ਅੱਗੇ ਵਾਂਗ ਫਲਸਤੀਨੀਆਂ ਦੀ ਮੱਦਦ ਕਰਦਾ ਰਹੇਗਾ ਜਿੰਨਾ ਚਿਰ ਫਲਸਤੀਨੀਆਂ ਨੂੰ ਆਪਣਾ ਘਰ ਵਾਪਸ ਨਹੀਂ ਮਿਲ ਜਾਂਦਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਜ਼ਰਾਈਲ ਦੀ ਧੱਕੇਸ਼ਾਹੀ ਹੁਣ ਬਹੁਤਾ ਚਿਰ ਨਹੀਂ ਚਲ ਸਕੇਗੀ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਈਰਾਨ-ਈਰਾਕ ਲੜਾਈ ਦਾ ਖਾਤਮਾ ਹੋਣਾ ਜ਼ਰੂਰੀ ਹੈ ਜਿਸ ਵਿਚ ਲੱਖਾਂ ਲੋਕ ਮਾਰੇ ਜਾ ਚੁਕੇ ਹਨ। ਉਨ੍ਹਾਂ ਕਿਹਾ ਕਿ ਭਾਰਤ ਸਮਝੌਤੇ ਕਰਵਾਉਣ ਦੇ ਯਤਨਾਂ ਵਿਚ ਸ਼ਾਮਲ ਹੈ।

ਯਾਸਰ ਅਰਾਫਾਤ ਦੇ ਮਾਣ ਵਿਚ ਦਿਤੇ ਸਮਾਗਮ ਵਿਚ ਸ੍ਰੀ ਗਾਂਧੀ ਨੇ ਕਿਹਾ ਕਿ ਫਲਸਤੀਨੀਆਂ ਨੇ ਬਹੁਤ ਸਮਾਂ ਦੁੱਖ ਝੱਲੇ ਹਨ ਪਰ ਉਨ੍ਹਾਂ ਦੀ ਜੱਦੋ ਜਹਿਦ ਜ਼ਰੂਰ ਰੰਗ ਲਿਆਵੇਗੀ।

# ਮਸਲੇ ਗੱਲਬਾਤ ਰਾਹੀਂ ਹੱਲ ਹੋਣਗੇ — ਚੀਨ ਦੇ ਪ੍ਰਧਾਨ ਮੰਤਰੀ ਦਾ ਬਿਆਨ

ਬੀਜਿੰਗ — ਇਥੇ ਭਾਰਤ ਦੇ ਰਾਜਦੂਤ ਸ੍ਰੀ ਰੰਗਾਨਾਥਨ ਨੇ ਚੀਨ ਦੇ ਪ੍ਰਧਾਨ ਮੰਤਰੀ ਨਾਲ ਇਥੇ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਹਫ਼ਤੇ ਸ਼ੁਰੂ ਹੋਣ ਵਾਲੀ ਗੱਲਬਾਤ ਦੋਹਾਂ ਦੇਸ਼ਾਂ ਲਈ ਲਾਹੇਵੰਦ ਹੋਵੇਗੀ।

ਰਾਜਦੂਤ ਨੂੰ ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਕਿ ਚੀਨ ਅਤੇ ਭਾਰਤ ਗਵਾਂਢੀ ਦੇਸ਼ ਹਨ। ਸਾਨੂੰ ਆਪਣੇ ਮਸਲੇ ਗੱਲਬਾਤ ਰਾਹੀਂ ਹੀ ਨਿਬੇੜਨੇ ਚਾਹੀਦੇ ਹਨ।

GRAND OPENING SAVINGS

Jeet — Audio & Video ਜੀਤ — ਆਡੀਓ ਤੇ ਵੀਡੀਓ

ਸਾਡੇ ਪਾਸ ਵੀਡੀਓ ਮੁਵੀਆਂ ਦੀ ਬਹੁਤ ਵੱਡੀ ਸਿਲੈਕਸ਼ਨ ਹੈ — ਹਿੰਦੀ, ਪੰਜਾਬੀ, ਜਾਂ ਉਰਦੂ ਦੀਆਂ ਵੀਡੀਓ ਮੁਵੀਆਂ ਹਰ ਹਫਤੇ ਨਵੀਆਂ ਰਿਲੀਜ਼ ਹੁੰਦੀਆਂ ਹਨ
ਆਪਣੀਆਂ ਮਨ ਪਸੰਦ ਮੁਵੀਆਂ ਦੇ ਗਾਣੇ ਟੇਪਾਂ ਵਿੱਚ ਭਰਵਾਉਣ ਲਈ ਸਾਡੇ ਸਟੋਰ 'ਤੇ ਪੁਜੋ।
ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀ ਲਈ ਜਾਂ ਹੋਰ ਕਿਸੇ ਵੀ ਸ਼ੁਭ ਅਵਸਰ ਲਈ ਪ੍ਰੋਫੈਸ਼ਨਲ ਵੀਡੀਓ ਬਣਾਉਣ ਲਈ ਸੇਵਾ ਦਾ ਮੌਕਾ ਦਿਓ

ਮੂਵੀ ਇਕ ਦਿਨ **ਸਿਰਫ਼ 1 ਡਾਲਰ** ਇਕ ਹਫਤੇ ਲਈ **ਸਿਰਫ 2 ਡਾਲਰ**।

110 - 8434 - Scott Rd., Surrey, B.C. **Ph: 594-3755**

• ਇਨਸ਼ੋਰੈਂਸ •
- ਘਰਾਂ ਦੀ ਇਨਸ਼ੋਰੈਂਸ - ਬਹੁਤ ਹੀ ਘੱਟ ਰੇਟ
- ਲਾਈਫ ਤੇ ਸਿਕਨੈੱਸ ਇਨਸ਼ੋਰੈਂਸ
- ਵਿਜ਼ਟਰ ਇਨਸ਼ੋਰੈਂਸ
- ਬਿਜਨੈਸ ਇਨਸ਼ੋਰੈਂਸ ਤੇ ਆਟੋ

6415 MAIN ST. (at 48 Ave.)
VANCOUVER, B.C.
Off: & Res: 325-4744

ਪੀ. ਨਰਵਾਲ ਐਂਡ ਕੰ:
ਇਮੀਗਰੇਸ਼ਨ ਸਲਾਹਕਾਰ
ਤੇ ਹੋਰ ਸੇਵਾਵਾਂ
- ਬੱਚੇ ਦਾ ਅਡਾਪਟ (ਗੋਦ ਲੈਣਾ)
- ਇੰਡੀਆ ਦੇ ਕਾਨੂੰਨਾਂ ਬਾਰੇ ਜਾਣਕਾਰੀ ਤੇ ਸਲਾਹ
- ਰਿਸ਼ਤੇਦਾਰ ਦੀ ਚਿੱਠੀ ਕਰਨੀ
- ਇਮੀਗਰੇਸ਼ਨ ਅਪੀਲ ਬੋਰਡ ਵਿਚ ਅਪੀਲ ਕਰਨੀ ਜਾਂ ਪੈਰਵਾਈ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ ਕਮਿਸ਼ਨਰ
ਹੇਠ ਲਿਖੇ ਤਸੱਲੀਬਖਸ਼ ਕੰਮ ਕੀਤੇ ਜਾਂਦੇ ਹਨ:
- ਘਰ ਵੇਚਣ ਤੇ ਖਰੀਦਣ ਦੇ ਕਾਗਜ਼ ਤਿਆਰ ਕਰਨੇ
- ਮੋਰਗੇਜ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
- ਲੀਜ਼ ਦੇ ਕਾਗਜ਼ ਬਣਾਉਣੇ
- ਕਮਰਸ਼ੀਅਲ ਕਨਟਰੈਕਟ ਬਣਾਉਣੇ
- ਹਲਫੀਆ ਬਿਆਨ ਲੈਣੇ
- ਮੁਖਤਿਆਰਨਾਮੇ ਤਿਆਰ ਕਰਨੇ
- ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
- ਵਸੀਅਤ ਆਦਿ

6415 MAIN ST. (at 48th Ave.) Or 197 E. 48th Ave.(corner of main & 48th Ave.)
Open : Monday to Friday (9 a.m. to 6 p.m.) VANCOUVER, B.C.


ਪ੍ਰਿਤਪਾਲ ਸਿੰਘ ਨਰਵਾਲ
325-4744

# The Manitoba Mirror

# ਮੈਨੀਟੋਬਾ ਦਰਪਣ


## Dino's at the New Location

ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫ਼ਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼ਰੀਦਣ ਉਤੇ ਡਿਸਕਾਉਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**

## GIL'S NEW & USED

**Furniture & Appliances Warehouse**

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਉਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.

## Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS REALTY INC.

# ਪੰਜਾਬ ਵਿਚ ਦੁਬਾਰਾ ਚੋਣਾਂ ਕਰਾਓ — ਦੇਵੀ ਲਾਲ

ਨਵੀਂ ਦਿੱਲੀ — ਇਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਨੇ ਕੇਂਦਰ ਤੋਂ ਮੰਗ ਕੀਤੀ ਕਿ ਪੰਜਾਬ ਵਿਧਾਨ ਸਭਾ ਭੰਗ ਕਰਕੇ ਪੰਜਾਬ ਦੇ ਲੋਕਾਂ ਤੋਂ ਨਵਾਂ ਫਤਵਾ ਲਿਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਸਲੇ ਦਾ ਹੱਲ ਲੋਕਾਂ ਦੇ ਚੁਣੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਹੀ ਕੱਢਿਆ ਜਾ ਸਕਦਾ ਹੈ।

ਰਾਜਸੀ ਹਲਕਿਆਂ ਵਿਚ ਇਸ ਗੱਲ ਉਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਚੌਧਰੀ ਦੇਵੀ ਲਾਲ ਪੰਜਾਬ ਵਿਚ ਦੁਬਾਰਾ ਚੋਣਾਂ ਦੀ ਕਿਉਂ ਮੰਗ ਕਰ ਰਹੇ ਹਨ ਜਦਕਿ ਉਹ ਚੋਣਾਂ ਪੰਜਾਬ ਦੇ ਵਿਰੁੱਧ ਪ੍ਰਚਾਰ ਕਰਕੇ ਜਿਤੇ ਹਨ।

# ਉਪ-ਰਾਸ਼ਟਰਪਤੀ ਦੀ ਚੋਣ 7 ਸਤੰਬਰ ਨੂੰ

ਨਵੀਂ ਦਿੱਲੀ — ਉਪ-ਰਾਸ਼ਟਰਪਤੀ ਦੀ ਚੋਣ 7 ਸਤੰਬਰ ਨੂੰ ਹੋਣੀ ਨੀਯਤ ਹੋਈ ਹੈ। 18 ਅਗਸਤ ਤੱਕ ਨਾਮਜ਼ਦਗੀ ਪੇਪਰ ਲਏ ਜਾਣਗੇ। 21 ਅਗਸਤ ਤੱਕ ਨੌਮੀਨੇਸ਼ਨ ਪੇਪਰਾਂ ਦੀ ਵਾਪਸੀ ਹੋਵੇਗੀ। ਜੇ ਲੋੜ ਪਈ ਤਾਂ ਚੋਣ 7 ਸਤੰਬਰ ਨੂੰ ਹੋਵੇਗੀ।

ਰਾਜਧਾਨੀ ਵਿਚ ਉਪ-ਰਾਸ਼ਟਰਪਤੀ ਲਈ ਪ੍ਰੋ: ਨੂਰਲ ਹਸਨ, ਮੋਹਸੀਨਾ ਕਿਦਵਾਈ, ਬਲਰਾਮ ਜਾਖੜ ਤੇ ਦਰਬਾਰਾ ਸਿੰਘ ਦੇ ਨਾਂਵਾਂ ਦੇ ਚਰਚੇ ਹਨ। ਰਾਜਸੀ ਹਲਕੇ ਇਸ ਗੱਲ ਦੀ ਵੀ ਚਰਚਾ ਕਰ ਰਹੇ ਹਨ ਕਿ ਰਾਜੀਵ ਗਾਂਧੀ ਅਤੇ ਕਾਂਗਰਸ ਦੀ ਬਦਨਾਮੀ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਹ ਕਿਸੇ ਸਾਂਝੇ ਉਮੀਦਵਾਰ ਲਈ ਯਤਨ ਕਰਨ।

# ਮੁਕਾਬਲੇ ਵਿਚ ਇਕ ਅਤਿਵਾਦੀ ਹਲਾਕ

ਅੰਮ੍ਰਿਤਸਰ — ਥਾਣਾ ਸਦਰ ਦੇ ਪਿੰਡ ਨੰਗਲੀ ਵਿਖੇ ਸੁਰੱਖਿਆ ਦਸਤਿਆਂ ਅਤੇ ਦਹਿਸ਼ਤਪਸੰਦਾਂ ਵਿਚਕਾਰ ਹੋਏ ਮੁਕਾਬਲੇ ਵਿਚ ਜਸਪਾਲ ਸਿੰਘ ਨਾਮੀ ਦਹਿਸ਼ਤਪਸੰਦ ਮਾਰਿਆ ਗਿਆ ਜਦ ਕਿ ਉਸ ਦਾ ਦੂਜਾ ਸਾਥੀ ਫਰਾਰ ਹੋ ਗਿਆ। ਸੁਰਖਿਆ ਦਸਤਿਆਂ ਨੇ ਮ੍ਰਿਤਕ ਪਾਸੋਂ ਇਕ ਬਾਰਾਂ ਬੋਰ ਦੀ ਦੁਨਾਲੀ ਬੰਦੂਕ ਅਤੇ ਚਾਰ ਕਾਰਤੂਸ ਬਰਾਮਦ ਕੀਤੇ ਦੱਸਿਆ ਜਾਂਦਾ ਹੈ ਕਿ ਸੁਰੱਖਿਆ ਦਸਤਿਆਂ ਨੇ ਉਕਤ ਪਿੰਡ ਨੇੜੇ ਨਾਕਾਬੰਦੀ ਕੀਤੀ ਹੋਈ ਸੀ ਕਿ ਦੋ ਸਕੂਟਰ ਸਵਾਰ ਸ਼ੱਕੀ ਨੌਜਵਾਨਾਂ ਨੂੰ ਰੁਕਣ ਦਾ ਇਸ਼ਾਰਾ ਦਿਤਾ ਗਿਆ ਤਾਂ ਇਹਨਾਂ ਨੇ ਪੁਲਸ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ ਜਿਸ ਤੇ ਇਕ ਦਹਿਸ਼ਤਪਸੰਦ ਮਾਰਿਆ ਗਿਆ ਜਦ ਕਿ ਦੂਜਾ ਫਰਾਰ ਹੋ ਗਿਆ। ਮ੍ਰਿਤਕ ਅਤਿਵਾਦੀ ਇਕਾ ਨੇਤਾ ਸਤਨਾਮ ਸਿੰਘ ਬਾਜਵਾ ਦੇ ਕਾਤਲਾਂ ਵਿਚੋਂ ਇਕ ਸੀ।

# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ

ਲੁਧਿਆਣਾ — ਪੰਜਾਬ ਦੇ ਲਿਖਾਰੀਆਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਡੇਲੀਗੇਟ ਅਜਲਾਸ ਹੋਇਆ ਜਿਸ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ।

ਸੁਜਾਨ ਸਿੰਘ — ਪ੍ਰਧਾਨ, ਡਾ: ਰਵਿੰਦਰ ਸਿੰਘ ਰਵੀ — ਜਨਰਲ ਸਕੱਤਰ, ਗੁਰਦਿਆਲ ਸਿੰਘ — ਸੀਨੀਅਰ ਮੀਤ ਪ੍ਰਧਾਨ, ਉਪਰੋਕਤ ਅਹੁਦੇਦਾਰ ਸਰਵ ਸੰਮਤੀ ਨਾਲ ਚੁਣੇ ਗਏ। ਹੇਠ ਲਿਖੇ ਆਹੁਦੇਦਾਰਾਂ ਦੀ ਚੋਣ ਪਰਚੀਆਂ ਪਾ ਕੇ ਹੋਈ।

ਹਰਭਜਨ ਸਿੰਘ ਹੁੰਦਲ — ਮੀਤ ਪ੍ਰਧਾਨ, ਪਿਆਰਾ ਸਿੰਘ ਭੋਗਲ — ਮੀਤ ਪ੍ਰਧਾਨ, ਐਸ. ਤਰਸੇਮ — ਮੀਤ ਪ੍ਰਧਾਨ, ਜੋਗਾ ਸਿੰਘ — ਮੀਤ ਪ੍ਰਧਾਨ, ਸ. ਮਾਰਕੰਡਾ — ਮੀਤ ਸਕੱਤਰ, ਗੁਰਮੀਤ ਸਿੰਘ ਪਲਾਹੀ — ਮੀਤ ਸਕੱਤਰ, ਮਹਿੰਦਰ ਸਿੰਘ ਦੁਸਾਂਝ — ਮੀਤ ਸਕੱਤਰ।

# ਸੀ. ਬੀ. ਆਈ. ਨੇ ਗਵਾਹੀਆਂ ਭੁਗਤਾ ਲਈਆਂ

ਨਵੀਂ ਦਿੱਲੀ — ਸੀ. ਬੀ. ਆਈ. ਨੇ ਅਗਸਤ 1984 ਵਿਚ ਅਤਿਵਾਦੀਆਂ ਵਲੋਂ ਚੰਡੀਗੜ੍ਹ ਤੋਂ ਅਗਵਾ ਕੀਤੇ ਇੰਡੀਅਨ ਏਅਰ ਲਾਈਨ ਦੇ ਜਹਾਜ਼ ਦੇ ਕੇਸ ਵਿਚ ਆਪਣੀਆਂ ਸਾਰੀਆਂ ਗਵਾਹੀਆਂ ਭੁਗਤਾ ਲਈਆਂ ਹਨ। ਇਸ ਕੇਸ ਦੀ ਸੁਣਵਾਈ ਅਜਮੇਰ (ਰਾਜਿਸਥਾਨ) ਦੀ ਕੇਂਦਰੀ ਜੇਲ ਵਿਚ ਅਡੀਸ਼ਨਲ ਸੈਸ਼ਨਜ਼ ਜੱਜ ਸ੍ਰੀ ਸ਼ਾਹ ਦਿਓ ਗੌਦਾਰਾ ਵਲੋਂ ਕੀਤੀ ਜਾ ਰਹੀ ਹੈ ਤੇ ਅਗਲੀ ਸੁਣਵਾਈ 17 ਅਗਸਤ ਤੋਂ ਅਰੰਭ ਹੋਵੇਗੀ।

ਇਸ ਕੇਸ ਵਿਚ ਸਰਕਾਰ ਨੇ ਅਦਾਲਤ ਵਿਚ 70 ਗਵਾਹ ਭੁਗਤਾਏ ਹਨ। ਸੀ. ਬੀ. ਆਈ. ਦਾ ਵਕੀਲ ਉਸ ਦਾ ਡਿਪਟੀ ਕਾਨੂੰਨੀ ਸਲਾਹਕਾਰ ਸ੍ਰੀ ਐਸ. ਕੇ. ਸਕਸੈਨਾ ਹੈ। ਕੇਵਲਜੀਤ ਸਿੰਘ ਸੰਧੂ ਤੇ ਛੇ ਹੋਰਾਂ ਤੇ 24 ਅਗਸਤ 84 ਨੂੰ ਇੰਡੀਅਨ ਏਅਰ ਲਾਈਨ ਦਾ ਇਕ ਜਹਾਜ਼ ਅਗਵਾ ਕਰਨ ਦੇ ਦੋਸ਼ ਵਿਚ ਇਹ ਮੁਕਦਮਾ ਚਲ ਰਿਹਾ ਸੀ।

---

ਦੋਸਤ, ਮਿੱਤਰ ਬਹੁਤ ਨੇ, ਅਣਗਿਣਤ ਰਿਸ਼ਤੇਦਾਰ ਹਨ
ਫੇਰ ਵੀ ਲਗਦੈ ਕਿ ਏਥੇ ਆਪਣਾ ਕੋਈ ਨਹੀਂ।
ਕੋਲ ਰਹਿ ਕੇ ਭੀ ਹਾਂ ਇਕ ਦੂਜੇ ਲਈ ਤਿਉਂ ਅਜਨਬੀ
ਜਦ ਕਿ ਦੋਹਾਂ ਚੋਂ ਹੀ ਸਜਣਾ! ਓਪਰਾ ਕੋਈ ਨਹੀਂ।

---

# ਪ੍ਰੈਸ ਰਿਲੀਜ਼

## ਇਪਾਨਾ ਵਲੋਂ 'ਵੈਨਕੂਵਰ ਸਨ' ਅਖਬਾਰ ਨੂੰ ਭੇਜੇ ਗਏ ਖਤ ਦਾ ਪੰਜਾਬੀ ਅਨੁਵਾਦ

23 ਜੁਲਾਈ, 1987

ਸੰਪਾਦਕ ਵੈਨਕੂਵਰ ਸਨ

ਸ੍ਰੀਮਾਨ ਜੀ:

ਮੈਂ ਉਹਨਾਂ ਬਹੁਤ ਸਾਰੇ ਇੰਡੋ-ਕਨੇਡੀਅਨਾਂ ਵਿਚੋਂ ਇਕ ਹਾਂ ਜਿੰਨ੍ਹਾਂ ਨੂੰ ਭਾਰਤ ਤੋਂ ਆਏ ਦੋ ਪਾਰਲੀਮੈਂਟ ਮੈਂਬਰਾਂ ਮਿ. ਬਿਹਾਰੀ ਵਾਜਪਾਈ ਅਤੇ ਮਿ. ਹਰਕਿਸ਼ਨ ਸਿੰਘ ਸੁਰਜੀਤ ਦੇ ਬਿਆਨ (ਕਨੇਡਾ ਸਿਖਾਂ ਦੇ ਆਤੰਕਵਾਦ ਦਾ ਸੋਮਾਂ) ਪੜ੍ਹਕੇ ਬਹੁਤ ਦੁੱਖ ਹੋਇਆ ਹੈ।

ਕੀ ਕਨੇਡੀਅਨ ਸਕਿਉਰਿਟੀ ਐਨੀ ਸਖਤ ਹੋਣੀ ਚਾਹੀਦੀ ਹੈ ਜਿੰਨੀ ਮਿ. ਵਾਜਪਾਈ ਦੇਖਣੀ ਚਾਹੁੰਦਾ ਹੈ, ਇਹ ਤਾਂ ਕਨੇਡੀਅਨ ਸਰਕਾਰ ਅਤੇ ਲੋਕਾਂ ਉਪਰ ਨਿਰਭਰ ਕਰਦਾ ਹੈ, ਪਰ ਅਸੀਂ ਜੋ ਭਾਰਤ ਤੋਂ ਆਏ ਹਾਂ ਸਾਡੇ ਲਈ ਅਜਿਹੀ ਬਿਆਨਬਾਜ਼ੀ ਨੇ ਦੋਹਾਂ ਮੁਲਕਾਂ ਵਿਚਕਾਰ ਸਫਰ ਕਰਨਾ ਬਹੁਤ ਪਰੇਸ਼ਾਨੀਆਂ ਭਰਿਆ ਬਣਾ ਦਿੱਤਾ ਹੈ। ਇਹ ਦੋਨੋਂ ਸ੍ਰੀਮਾਨ ਵਾਜਪਾਈ ਤੇ ਹਰਕਿਸ਼ਨ ਸੁਰਜੀਤ ਇਕ ਅਜਿਹੀ ਹਕੂਮਤ, ਜੋਕਿ ਲੋਕਾਂ ਨੂੰ ਦਬਾਉਣ ਲਈ ਫੌਜ ਦੀ ਵਰਤੋਂ ਕਰਦੀ ਹੈ ਅਤੇ ਬਹੁਤ ਹੀ ਅਤਿਆਚਾਰੀ ਹੈ, ਦੀ ਪੱਖਬਾਜ਼ੀ ਕਰਦੇ ਹਨ, ਜਿਥੇ ਪੱਛਮੀ ਡੈਮੋਕਰੇਸੀ ਵਰਗੇ ਬੁਨਿਆਦੀ ਅਸੂਲਾਂ ਲਈ ਕੋਈ ਜਗ੍ਹਾ ਨਹੀਂ ਹੈ। ਅਸੀਂ ਉਮੀਦ ਕਰਦੇ ਹਾਂ ਕਿ ਕਨੇਡਾ ਸਰਕਾਰ ਅਜਿਹੇ ਬਿਆਨਾਂ ਨੂੰ ਸਖਤੀ ਨਾਲ ਰੱਦ ਕਰ ਦੇਵੇਗੀ ਜੋ ਕਿ ਕਨੇਡਾ ਨੂੰ ਭਾਰਤ ਵਰਗੇ ਫਾਸ਼ੀ ਤੌਰ ਤਰੀਕਿਆਂ ਨੂੰ ਅਪਨਾਉਣ ਲਈ ਮਜ਼ਬੂਰ ਕਰ ਰਹੇ ਹਨ।

ਇਹ ਕਹਿਣਾ ਕਿ ਕਨੇਡਾ 'ਸਿਖ ਆਤੰਕਵਾਦ ਦਾ ਸੋਮਾ' ਹੈ, ਇੰਡੋ-ਕਨੇਡੀਅਨ ਕਮਿਊਨਿਟੀ ਅਤੇ ਭਾਰਤ ਦੇ ਲੋਕਾਂ ਲਈ ਬਹੁਤ ਹਾਨੀਕਾਰਕ ਹੈ — ਅਜਿਹੀ ਬਿਆਨਬਾਜ਼ੀ ਇਥੇ ਸਾਡੀ ਕਮਿਊਨਿਟੀ ਵਿਰੁੱਧ ਨਫਰਤ ਫਲਾਉਂਦੀ ਹੈ, ਅਤੇ ਭਾਰਤ ਵਿਚ ਆਤੰਕਵਾਦ ਦੇ ਅਸਲੀ ਸੋਮੇ ਨੂੰ ਲੁਕਾਉਣ ਵਿਚ ਮੱਦਦ ਕਰਦੀ ਹੈ। ਭਾਰਤ ਵਿਚ ਅਤੱਵਾਦ ਦਾ ਸੋਮਾ ਵੈਨਕੂਵਰ ਨਹੀਂ ਬਲਕਿ ਨਵੀਂ ਦਿੱਲੀ ਸਰਕਾਰ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਰਤੀ ਸਰਕਾਰ ਅੱਜ ਦੁਨੀਆਂ ਦੀ ਕਿਸੇ ਵੀ ਸਰਕਾਰ ਦੇ ਮੁਕਾਬਲੇ ਵਿਚ ਸਭ ਤੋਂ ਵੱਧ ਗਰਿਫਤਾਰੀਆਂ, ਮਾਰਨ ਕੁੱਟਣ, ਤਸੀਹੇ ਦੇਣ ਅਤੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਿਚ ਸਭ ਤੋਂ ਅਗੇ ਹੈ। ਭਾਰਤ ਵਿਚ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦੀ ਭਾਰਤੀ ਸਰਕਾਰ ਦੀਆਂ ਨੀਤੀਆਂ ਕਾਰਣ ਹੁੰਦੀ ਬੇਇਜ਼ਤੀ ਤੇ ਅਸੁਰੱਖਿਅਤਾ ਹੀ ਭਾਰਤ ਵਿਚ ਵੱਖਵਾਦੀਆਂ ਦੇ ਅਤੱਵਾਦ ਦੀ ਜੜ੍ਹ ਹੈ।

ਸ਼ੁੱਭ ਇਛਾਵਾਂ ਸਹਿਤ

ਦਸਖਤ

ਚਿੰਨ ਬੈਨਰਜੀ, ਪ੍ਰਧਾਨ

ਇਪਾਨਾ


GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731

Pager 687-1985 #5531



WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!



ਗੁਰਜੀਤ ਢੀਂਡਸਾ ਬਾਵਾ

DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

- ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ
- ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
- ਵਿਉਪਾਰਕ ਮਸਲੇ
- ਪ੍ਰਵਾਰ ਤੇ ਤਲਾਕ
- ਫੌਜਦਾਰੀ ਤੇ ਸਿਵਲ
- ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# The Manitoba Mirror

# ਮੈਨੀਟੋਬਾ ਦਰਪਣ



## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.



ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁਪੱਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁਪੱਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁਪੱਟੇ ਆਦਿ



ਆਓ ਤੇ ਅਜ਼ਮਾ ਕੇ ਦੇਖੋ!

## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)

## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

# ਕੇਂਦਰ ਅਕਾਲ ਤਖਤ ਮੁਖੀ ਨਾਲ ਮੁੜ ਛੇਤੀ ਵਾਰਤਾ ਆਰੰਭੇਗਾ — ਰਿਆਸਤੀ

ਚੰਡੀਗੜ੍ਹ — ਪੰਜਾਬ ਦੇ ਸਾਬਕਾ ਮੰਤਰੀ ਅਤੇ ਕਾਂਗਰਸ (ਆਈ) ਦੇ ਨੇਤਾ ਸ੍ਰੀ ਤਿਰਲੋਚਨ ਸਿੰਘ ਰਿਆਸਤੀ ਨੇ ਇਥੇ ਸੰਕੇਤ ਦਿਤਾ ਕਿ ਕੇਂਦਰ ਚਾਰ ਅਗਸਤ ਤੋਂ ਪਹਿਲਾਂ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਸ੍ਰੀ ਦਰਸ਼ਨ ਸਿੰਘ ਨਾਲ ਵਾਰਤਾਵਾਂ ਬਾਰੇ ਮੁਖ ਪਹਿਲਕਦਮੀ ਕਰੇਗਾ। ਇਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਰਿਆਸਤੀ ਨੇ ਕਿਹਾ ਕਿ ਸੁਸ਼ੀਲ ਮੁਨੀ ਸ੍ਰੀ ਦਰਸ਼ਨ ਸਿੰਘ ਨਾਲ ਆਪਣੀਆਂ ਵਾਰਤਾਵਾਂ ਮੁੜ ਅਰੰਭ ਕਰਨਗੇ। ਉਨ੍ਹਾਂ ਕਿਹਾ ਕਿ ਕੇਂਦਰ ਦੇ ਇਕ ਹੋਰ ਸੀਨੀਅਰ ਅਧਿਕਾਰੀ ਜੈਨ ਸੰਤ ਦੀ ਇਮਦਾਦ ਕਰਨਗੇ। ਸ੍ਰੀ ਰਿਆਸਤੀ ਨੇ ਅਧਿਕਾਰੀ ਦਾ ਨਾਂਅ ਦੱਸਣ ਤੋਂ ਇਨਕਾਰ ਕਰ ਦਿੱਤਾ।

ਯਾਦ ਰਹੇ ਕਿ ਸ੍ਰੀ ਰਿਆਸਤੀ ਨੇ ਜੈਨ ਮੁਨੀ ਤੇ ਸ੍ਰੀ ਦਰਸ਼ਨ ਸਿੰਘ ਵਿਚਕਾਰ ਵਾਰਤਾਵਾਂ ਕਰਵਾਉਣ ਵਿਚ ਅਹਿਮ ਰੋਲ ਅਦਾ ਕੀਤਾ ਸੀ। ਸ੍ਰੀ ਰਿਆਸਤੀ ਨੇ ਦਾਅਵਾ ਕੀਤਾ ਕਿ ਜੈਨ ਮੁਨੀ 14 ਨੁਕਾਤੀ ਫਾਰਮੂਲੇ ਉਤੇ ਸ੍ਰੀ ਦਰਸ਼ਨ ਸਿੰਘ ਨਾਲ ਸਮਝੌਤੇ ਤੇ ਪੁਜ ਗਏ ਸਨ ਤੇ ਇਹ ਫਾਰਮੂਲਾ ਪ੍ਰਧਾਨ ਮੰਤਰੀ ਨੂੰ ਮਨਜ਼ੂਰ ਸੀ ਪਰ ਕੇਂਦਰ ਵਿਚਲੀ ਇਕ ਸ਼ਕਤੀਸ਼ਾਲੀ ਲਾਬੀ ਨੇ ਇਸ ਨੂੰ ਸਾਬੋਤਾਜ ਕਰ ਦਿੱਤਾ। ਉਹਨਾਂ ਆਸ ਪ੍ਰਗਟ ਕੀਤੀ ਕਿ ਕੇਂਦਰ ਵਿਚ ਵਜ਼ਾਰਤ ਵਿਚ ਰੱਦੋ ਬਦਲ ਪਿਛੋਂ ਇਹ ਲਾਬੀ ਕਮਜ਼ੋਰ ਹੋਵੇਗੀ। ਉਹਨਾਂ ਕਿਹਾ ਵਾਰਤਾਵਾਂ ਸਿਰਫ ਅਕਾਲ ਤਖਤ ਮੁਖੀ ਨਾਲ ਹੀ ਹੋ ਸਕਦੀ ਹੈ ਕਿਉਂਕਿ ਉਸ ਨੂੰ ਸਭਨਾਂ ਅਤਿਵਾਦੀਆਂ ਦਾ ਸਮਰਥਨ ਪ੍ਰਾਪਤ ਹੈ।

## ਰਾਜੀਵ ਦਾ ਬਿਆਨ

ਦਰਸ਼ਨ ਸਿੰਘ ਰਾਗੀ ਨੇ ਵੀ ਇਥੇ ਵੱਖਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹਨਾਂ ਨੇ ਵੱਖ ਵੱਖ ਰਾਜਸੀ ਤੇ ਧਾਰਮਿਕ ਸਿੱਖ ਜਥੇਬੰਦੀਆਂ ਦੀ ਇਕਤਰਤਾ 4 ਅਗਸਤ ਨੂੰ ਸੱਦੀ ਹੈ ਤਾਂ ਕਿ ਪੰਜਾਬ ਸਥਿਤੀ ਬਾਰੇ ਉਹਨਾਂ ਦੇ ਵਿਚਾਰਾਂ ਨੂੰ ਜਾਣਿਆ ਜਾ ਸਕੇ ਤੇ ਐਕਸ਼ਨ ਦੀ ਭਵਿਖੀ ਲਾਈਨ ਨੂੰ ਤੈਅ ਕੀਤਾ ਜਾ ਸਕੇ। ਸ੍ਰੀ ਰਾਗੀ ਨੇ ਕਿਹਾ ਕਿ ਇਕਤਰਤਾ ਵਿਚ ਇਸ ਗੱਲ ਦਾ ਫੈਸਲਾ ਵੀ ਕੀਤਾ ਜਾਵੇਗਾ ਕਿ ਜੋਧਪੁਰ ਦੇ ਨਜ਼ਰਬੰਦਾਂ ਨੂੰ ਰਿਹਾ ਕਰਾਉਣ, ਫੌਜੀ ਭਗੌੜਿਆਂ ਨੂੰ ਬਹਾਲ ਕਰਾਉਣ ਅਤੇ ਦੂਜੇ ਮਾਮਲਿਆਂ ਬਾਰੇ ਕਿਸ ਪਰਕਾਰ ਦੀ ਐਜੀਟੇਸ਼ਨ ਆਰੰਭ ਕੀਤੀ ਜਾਵੇ। ਇਸ ਗੱਲ ਦਾ ਫੈਸਲਾ ਵੀ ਕੀਤਾ ਜਾਵੇਗਾ ਕਿ ਤਜਵੀਜ਼ ਸ਼ੁਦਾ ਐਜੀਟੇਸ਼ਨ ਦੀ ਅਗਵਾਈ ਕੌਣ ਕਰੇਗਾ। ਸ੍ਰੀ ਦਰਸ਼ਨ ਸਿੰਘ ਨੇ ਸੁਸ਼ੀਲਮੁਨੀ ਬਾਰੇ ਉਹਨਾਂ ਦੀਆਂ ਵਾਰਤਾਵਾਂ ਸੰਬੰਧੀ ਅਗੋਂ ਹੋਰ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਕਿਹਾ ਕਿ ਉਹਨਾਂ ਨੇ ਕੇਂਦਰ ਨੂੰ ਸ੍ਰੀ ਸੁਸ਼ੀਲਮੁਨੀ ਤੇ ਹੋਰਨਾਂ ਵਿਚੋਲਿਆਂ ਰਾਹੀਂ ਆਪਣੇ ਵਿਚਾਰ ਪਹਿਲਾਂ ਹੀ ਦਸ ਦਿਤੇ ਹਨ। ਹੁਣ ਪੰਜਾਬ ਬਾਰੇ ਪਹਿਲਕਦਮੀ ਕਰਨਾ ਕੇਂਦਰ ਦਾ ਕੰਮ ਹੈ।

# ਸੀ. ਪੀ. ਆਈ. ਵਲੋਂ ਦੇਸ਼ ਅੰਦਰ ਮੱਧਕਾਲੀ ਚੋਣਾਂ ਦੀ ਵਕਾਲਤ

ਨਵੀਂ ਦਿੱਲੀ — ਭਾਰਤੀ ਕਮਿਊਨਿਸਟ ਪਾਰਟੀ ਨੇ ਦੇਸ਼ ਵਿਚ ਮੱਧਕਾਲੀ ਚੋਣਾਂ ਕਰਵਾਏ ਜਾਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਵਿਚ ਹੁਣ ਲੋਕਾਂ ਦਾ ਉਹ ਵਿਸ਼ਵਾਸ ਨਹੀਂ ਰਿਹਾ ਜੋ ਉਨ੍ਹਾਂ ਨੇ 1984 ਦੀਆਂ ਚੋਣਾ ਵੇਲੇ ਵਿਖਾਇਆ ਸੀ।

ਇਥੇ ਜਾਰੀ ਇਕ ਬਿਆਨ ਵਿਚ ਪਾਰਟੀ ਦੇ ਕੇਂਦਰੀ ਸਕੱਤਰੇਤ ਨੇ ਦੱਸਿਆ ਕਿ "ਪ੍ਰਧਾਨ ਮੰਤਰੀ ਲਈ ਮੌਜੂਦਾ ਰਾਜਸੀ ਸੰਕਟ ਵਿਚੋਂ ਨਿਕਲਣ ਦਾ ਇਕੋ ਇਕ ਜਮਹੂਰੀ ਹੱਲ ਹੈ ਕਿ ਉਹ ਚੋਣਾਂ ਕਰਵਾਕੇ ਲੋਕਾਂ ਕੋਲੋਂ ਨਵੇਂ ਸਿਰਿਓਂ ਫਤਵਾ ਲੈਣ।" ਪਾਰਟੀ ਨੇ ਕਿਹਾ ਕਿ ਗੈਰ ਜਮਹੂਰੀ ਤੇ ਤਾਨਾਸ਼ਾਹੀ ਢੰਗ ਨਾਲ ਕਾਂਗਰਸ ਪਾਰਟੀ ਵਿਚੋਂ ਬਰਤਰਫੀਆਂ ਕਰਨਾ ਇਸ ਤਰ੍ਹਾਂ ਦੇ ਗੰਭੀਰ ਰਾਜਸੀ ਸੰਕਟ ਵਿਚੋਂ ਨਿਕਲਣ ਦਾ ਕੋਈ ਹੱਲ ਨਹੀਂ। ਇਹ ਦੱਸਦਿਆਂ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਜਿਸ ਤਰ੍ਹਾਂ ਦੀ ਰਾਜਸੀ ਸਥਿਤੀ ਪੈਦਾ ਹੋਈ ਤੇ ਸੰਕਟ ਦੀ ਸਥਿਤੀ ਬਣੀ ਉਸ ਤਰ੍ਹਾਂ ਪਹਿਲਾਂ ਕਦੇ ਨਹੀਂ ਹੋਇਆ। ਪਾਰਟੀ ਨੇ ਕਿਹਾ ਕਿ ਬੋਫੋਰਜ਼ ਅਤੇ ਹੋਰ ਰੱਖਿਆ ਮਾਮਲਿਆਂ ਨਾਲ ਸਬੰਧਤ ਸੌਦਿਆਂ ਨੇ ਸਾਰੀ ਕੌਮ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਪਾਰਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਵਿਚੋਂ ਲੋਕਾਂ ਦਾ ਵਿਸ਼ਵਾਸ ਉਠਣਾ, ਪੱਛਮੀ ਬੰਗਾਲ, ਕੇਰਲਾ ਤੇ ਹੋਰ ਚੋਣਾਂ ਵਿਚ ਕਾਂਗਰਸ ਦੀ ਹਾਰ ਤੇ ਖਾਸ ਕਰਕੇ ਹਰਿਆਣਾ ਦੀਆਂ ਚੋਣਾਂ ਵਿਚ ਕਾਂਗਰਸ ਜਿਸ ਤਰ੍ਹਾਂ ਰੋਲ ਦਿੱਤੀ ਗਈ ਉਸ ਤੋਂ ਲੋਕਾਂ ਦੇ ਰੌਂਅ ਦਾ ਪਤਾ ਸਾਫ ਲਗਦਾ ਹੈ। ਸੀ ਪੀ ਆਈ ਨੇ ਕਿਹਾ ਹੈ ਕਿ ਇਹ ਗੱਲ ਸਪਸ਼ਟ ਹੈ ਕਿ ਹੁਣ ਰਾਜੀਵ ਗਾਂਧੀ ਵਿਚ ਲੋਕਾਂ ਦਾ ਪਹਿਲਾਂ ਵਾਲਾ ਵਿਸ਼ਵਾਸ ਨਹੀਂ ਰਿਹਾ। ਸ਼ਾਇਦ ਇਸ ਕਰਕੇ ਵੀ ਕਿ ਸਰਕਾਰ ਦੀਆਂ ਲੋਕਾਂ ਵਿਰੋਧੀ ਆਰਥਿਕ ਨੀਤੀਆਂ ਕਾਰਨ ਜ਼ਬਰਦਸਤ ਆਰਥਿਕ ਸੰਕਟ ਵੀ ਪੈਦਾ ਹੋ ਗਿਆ ਹੈ।

# ਭਿੰਡਰਾਂਵਾਲੇ ਦੇ ਬਾਡੀਗਾਰਡ ਮਾਰੇ ਗਏ

ਜਲੰਧਰ — ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿਚ ਇਕ ਖਤਰਨਾਕ ਅਤਿਵਾਦੀ ਹਲਾਕ ਹੋ ਗਿਆ। ਸੁਰੱਖਿਆ ਨੇ ਇਕ ਦਰਜਨ ਤੋਂ ਵੱਧ ਅਤਿਵਾਦੀ ਗ੍ਰਿਫਤਾਰ ਕੀਤੇ ਹਨ ਜਿਨਾਂ ਵਿਚੋਂ ਪੰਜ ਨੂੰ ਮੁਕਾਬਲੇ ਮਗਰੋਂ ਕਾਬੂ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਖਤਰਨਾਕ ਅਤਿਵਾਦੀਆਂ ਵਿਚ ਮਰਹੂਮ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਦੋ ਬਾਡੀ ਗਾਰਡ ਵੀ ਸ਼ਾਮਲ ਹਨ। ਪੁਲਸ ਨੇ ਇਹਨਾਂ ਦੇ ਕਬਜ਼ੇ ਵਿਚ ਅੱਤ ਆਧੁਨਿਕ ਤੇ ਭਾਰਤੀ ਮਾਤਰਾ ਵਿਚ ਹਥਿਆਰ ਤੇ ਗੋਲੀਆਂ ਬਰਾਮਦ ਕੀਤੀਆਂ ਹਨ।

# ਰੋਡੇ ਦੇ ਜੁਡੀਸ਼ੀਅਲ ਰੀਮਾਂਡ ਵਿਚ ਵਾਧਾ

ਨਵੀਂ ਦਿੱਲੀ — ਵਿਸ਼ੇਸ਼ ਸੈਸ਼ਨਜ਼ ਜੱਜ ਸ੍ਰੀ ਬੀ ਐਨ ਚਤਰਵੇਦੀ ਨੇ ਜਸਬੀਰ ਸਿੰਘ ਰੋਡੇ ਦਾ ਜੁਡੀਸ਼ੀਅਲ ਰੀਮਾਂਡ 18 ਅਗਸਤ ਤਕ ਵਧਾ ਦਿਤਾ ਹੈ। ਮਰਹੂਮ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਭਤੀਜੇ ਰੋਡੇ ਵਿਰੁਧ ਬਗਾਵਤ ਦਾ ਕੇਸ ਚਲ ਰਿਹਾ ਹੈ।


ਏ. ਡੀ. ਬਾਰੀਆ ਐਲ. ਐਲ. ਬੀ.

ਵਕੀਲ

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲ — ਮਸ਼ਵਰਾ ਮੁਫਤ ਦਾਂਗਾ

Arsad Dara Baria LL.B.

Lawyer

Ste. 209-6330 Fraser St., Vancouver, B.C.

Ph. 321-8300



*A Lifetime of Memories*

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
**Andrew W. Simpson**
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4

Ph. 859-4222



**Hans Appliances**

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ।



We also buy/sell old & new appliances



Reasonable Rates

Phone 585-0782



CALL US FIRST

**Express Internationl Travel (1986) Ltd.** ATAC

IATA APPROVED OFFICE

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸੰਪਰਕ ਕਰੋ। ਨਾਲ ਹੀ ਇੰਮੀਗਰੇਂਟ ਤੇ ਵਿਜ਼ਟਰ ਇੰਨਸ਼ੋਰੇਂਸ ਵੀ ਅਸੀਂ ਮੁਹੱਈਆ ਕਰਦੇ ਹਾਂ।

Approved Agent All Major Airlines

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

# ਫਰੇਜ਼ਰ ਵੈਲੀ ਕਲੱਬ



## ਵਿਕਟੋਰੀਆ-ਡੇ ਟੂਰਨਾਮੈਂਟ, 1987 ਦੇ ਜੇਤੂ

ਬੈਠੇ — ਖੱਬੇ ਤੋਂ ਸੱਜੇ - - ਕਿੰਡ, ਰਛਪਾਲ ਤੂਰ, ਗੁਰਮੀਤ ਗਰੇਵਾਲ, ਰਾਜ ਉੱਪਲ, ਕਰਨੈਲ ਗਰੇਵਾਲ, ਬਲਵੰਤ ਹਾਂਸ

ਖੜ੍ਹੇ —ਖੱਬੇ ਤੋ ਸੱਜੇ ਬਾਬੂ ਬਰਾੜ, ਜਸਬੀਰ ਗਰੇਵਾਲ, ਲਖਬੀਰ ਬਰਾੜ, ਕੁਲਦੀਪ ਗਰੇਵਾਲ, ਸ਼ੈਮੀ ਉਪਲ, ਸੁਰਜੀਤ ਹਾਂਸ, ਪ੍ਰਮਾਤਮਾ ਗਰੇਵਾਲ, ਚਤਰੰਜਨ ਮਾਂਗਟ, ਸੁਖਮਿੰਦਰ ਢੀਂਡਸਾ



## ਬਰਨਾਲਾ ਰਾਜੀਵ ਨਾਲ ਭੇਂਟ ਕਰਨਗੇ

ਮੰਡੀ ਗੋਬਿੰਦਗੜ੍ਹ — ਪੰਜਾਬ ਦੇ ਸਾਬਕਾ ਮੁਖ ਮੰਤਰੀ ਅਤੇ ਸ਼ਰੋਮਣੀ ਅਕਾਲੀ ਦਲ (ਲ:) ਦੇ ਪ੍ਰਧਾਨ ਸ੍ਰੀ ਸੁਰਜੀਤ ਸਿੰਘ ਬਰਨਾਲਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਮੁਲਾਕਾਤ ਕਰਨਗੇ ਤੇ ਉਸਨੂੰ ਆਖਣਗੇ ਕਿ ਘੱਟ ਗਿਣਤੀਆਂ ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਕੌਮੀ ਮੁਖ ਧਾਰਾ ਤੋਂ ਲਾਂਭੇ ਜਾਣ ਦੇ ਅਮਲ ਨੂੰ ਰੋਕਣ ਲਈ ਫੌਰੀ ਕਦਮ ਚੁਕੇ। ਸ੍ਰੀ ਬਰਨਾਲਾ ਨੇ ਇਕ ਜਲਸੇ ਵਿਚ ਇਹ ਗੱਲ ਕਹੀ।

**The Manitoba Mirror**

**ਮੈਨੀਟੋਬਾ ਦਰਪਣ**

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

**ਅਵਤਾਰ ਟਿਵਾਣਾ** ਨੂੰ ਮਿਲੋ ਜਾਂ ਫੋਨ ਕਰੋ :

**Ph.: Off. (204) 269-8140** (24 Hours)

**The Canada Trust Company**
1910 Pembina Highway, Winnipeg, Manitoba R3T 4S5

**Res. 694-3198**

**Canada Trust Realtor**



Sales Representative



ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

**ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ**



ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

953 Notre Dame. Ave. WINNIPEG, MAN. R3E 0M8 **Ph. Bus. 772-3937**

**Res. 633-6567**

# ਕੈਨੇਡੀਅਨ ਪੰਜਾਬੀ ਸਾਹਿਤ ਸਪਲੀਮੈਂਟ

## ਕੈਨੇਡਾ ਦੀ ਪੰਜਾਬੀ ਕਵਿਤਾ

—ਦਰਸ਼ਨ ਗਿੱਲ—

ਕੈਨੇਡਾ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਵਿਚ ਕਵਿਤਾ ਦਾ ਵਿਸ਼ੇਸ਼ ਸਥਾਨ ਇਸ ਲਈ ਹੈ ਕਿ ਇਹ ਬਾਕੀ ਸਾਹਿਤ-ਰੂਪਾਂ ਤੋਂ ਗਿਣਾਤਮਕ ਤੇ ਗੁਣਾਤਮਕ ਰੂਪ ਵਿਚ ਵਧੇਰੇ ਰਚੀ ਗਈ ਹੈ। ਅਸਲ ਵਿਚ ਨਾਵਲ, ਨਾਟਕ ਤੇ ਵਾਰਤਕ ਲਿਖਣ ਵਾਲੇ ਕੈਨੇਡੀਅਨ ਪੰਜਾਬੀ ਸਾਹਿਤਕਾਰ ਉਂਗਲਾਂ ਤੇ ਹੀ ਗਿਣੇ ਜਾ ਸਕਦੇ ਹਨ। ਆਲੋਚਨਾ ਦੀ ਪਰੰਪਰਾ ਕੈਨੇਡੀਅਨ ਪੰਜਾਬੀ ਸਾਹਿਤ ਵਿਚ ਨਾਂਮਾਤਰ ਹੀ ਹੈ। ਇਸ ਪਰਚੇ ਦਾ ਮੰਤਵ ਹੁਣ ਤੱਕ ਕੈਨੇਡਾ ਵਿਚ ਲਿਖੀ ਗਈ ਪੰਜਾਬੀ ਕਵਿਤਾ ਦੇ ਮੁਲਾਂਕਣ ਤੱਕ ਪੁਜਣਾ ਹੈ ਜੋ ਆਪਣੇ ਆਪ ਵਿਚ ਇਕ ਜਟਿਲ ਕਰਮ ਹੈ। ਮੁਲਾਂਕਣ ਤੱਕ ਪੁਜਣ ਲਈ ਸਾਨੂੰ ਚਾਰ ਪੜਾਵਾਂ ਦਾ ਸਫ਼ਰ ਕਰਨਾ ਪੈਣਾ ਹੈ — ਪਹਿਲਾਂ ਕੈਨੇਡੀਅਨ ਪੰਜਾਬੀ ਕਵਿਤਾ ਨੂੰ ਸਮਝਣਾ, ਇਸਦਾ ਵਿਸ਼ਲੇਸ਼ਨ ਕਰਨਾ, ਫਿਰ ਨਿਖੇੜੇ ਹੋਏ ਤੱਤਾਂ ਦਾ ਸੰਸਲੇਸ਼ਣ (Synthesis) ਕਰਕੇ ਕੁਝ ਸਿੱਟੇ ਕੱਢਣਾ ਜਾਂ ਧਾਰਨਾਵਾਂ ਬਨਾਉਣਾ ਤੇ ਤੁਲਨਾਤਮਕ ਅਧਿਐਨ ਕਰਨਾ। ਆਲੋਚਨਾ ਇਕ ਵਿਗਿਆਨਕ ਅਧਿਅਨ ਹੈ ਜਿਸ ਵਿਚ ਆਲੋਚਕ ਦੇ ਨਿੱਜੀ ਭਾਵਾਂ ਲਈ ਕੋਈ ਥਾਂ ਨਹੀਂ ਹੁੰਦੀ, ਨਾ ਹੀ ਪਹਿਲਾਂ ਬਣੇ ਵਿਚਾਰਾਂ ਦੀ ਕੋਈ ਥਾਂ ਹੁੰਦੀ ਹੈ। ਇਸ ਲਈ ਸਾਡੇ ਉਤੇ ਇਕ ਜ਼ਿਮੇਂਵਾਰੀ ਲਾਗੂ ਹੁੰਦੀ ਹੈ ਕਿ ਅਸੀਂ ਕਵਿਤਾ ਨੂੰ ਇਕ ਘਟਨਾ ਵਾਂਗ ਕਾਰਣ-ਕਾਰਜ (cause and effect), ਉਤੇਜਕ (Stimulus) ਅਤੇ ਪ੍ਰਭਾਵ (response) ਜਾਂ ਪ੍ਰਤੀਕ੍ਰਿਆ, ਵਿਅਕਤੀ ਤੇ ਸਮਾਜ ਦੇ ਰਿਸ਼ਤਿਆਂ ਅਤੇ ਭੂਤ ਦੇ ਵਰਤਮਾਨ ਦੇ ਸੰਦਰਭ ਵਿਚ ਦੇਖੀਏ ਅਤੇ ਪੇਸ਼ ਕਰੀਏ। ਇਹੀ ਲਖਸ਼ ਇਸ ਪਰਚੇ ਵਿਚ ਅਪਨਾਉਣ ਦੀ ਕੋਸ਼ਿਸ਼ ਰਹੇਗੀ।

ਕੈਨੇਡੀਅਨ ਪੰਜਾਬੀ ਕਵਿਤਾ ਦਾ ਮੁੱਢ ਉਨ੍ਹਾਂ ਪੰਜਾਬੀਆਂ ਨੇ ਬੰਨ੍ਹਿਆ ਜੋ ਆਰਥਿਕ ਮਜਬੂਰੀਆਂ ਦੇ ਸਤਾਏ ਕੈਨੇਡਾ ਆਏ। ਗੁਰਬਤ ਦੇ ਭਜਾਏ ਕਿਸਾਨ ਜੋ ਕੇਵਲ ਪੈਸਾ ਕਮਾਉਣ ਖਾਤਰ ਆਪਣੇ ਪ੍ਰਵਾਰਾਂ ਤੇ ਬਾਲਾਂ ਤੋਂ ਵਿਛੜ ਕੇ ਇਥੇ ਪਹੁੰਚੇ। ਪਰ ਭਾਰਤ ਦੀ ਗੁਲਾਮੀ ਕਾਰਨ ਇਥੇ ਵੀ ਨਸਲੀ ਵਿਤਕਰੇ ਦੇ ਸਤਾਏ ਆਪਣੇ ਪੈਰ ਨਾ ਲੱਗਦੇ ਦੇਖ ਹਥਿਆਰਬੰਦ ਹੋ ਦੇਸ਼ ਦੀ ਆਜ਼ਾਦੀ ਲਈ ਲੜਨ ਖਾਤਰ ਪਰਤ ਗਏ। ਅਜਿਹੇ ਯੋਧਿਆਂ ਵਿਚ ਪਹਿਲੇ ਕੈਨੇਡੀਅਨ ਪੰਜਾਬੀ ਕਵੀ ਬਾਬਾ ਨਿਰੰਜਨ ਸਿੰਘ (ਹਿੰਦ ਸੇਵਕ) ਪੰਡੋਰੀ ਸਨ। ਫਰੰਗੀਆਂ ਨਾਲ ਜੂਝਣ ਖਾਤਰ ਉਹ ਵਾਪਸ ਭਾਰਤ ਚਲੇ ਗਏ:

"ਹਿੰਦੂ, ਸਿੱਖ, ਪਠਾਣ ਤੇ ਮੁਸਲਮਾਨੋ
ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁੱਟ ਖਾਧਾ
ਅਸਾਂ ਯੁੱਧ ਹੁਣ ਉਨ੍ਹਾਂ ਦੇ ਨਾਲ ਕਰਨਾ। ('ਹਿੰਦ ਸੇਵਕ')

ਬਾਬਾ ਨਿਰੰਜਨ ਸਿੰਘ ਪੰਡੋਰੀ ਦੀ ਕਵਿਤਾ ਦਾ ਸਮਾਂ 1922 ਤੋਂ 1934 ਦਾ ਹੈ। ('ਗ਼ਦਰੀ ਤੇ ਕਾਮੇ' — ਸੰਪਾਦਕ : ਕੇਸਰ ਸਿੰਘ)। ਤੀਜੇ ਦਹਾਕੇ ਵਿਚ ਹੀ ਬਾਬਾ ਜੀ ਦੇ ਸਪੁੱਤਰ ਗੁਰਦੇਵ ਸਿੰਘ ਢਿਲੋਂ ('ਯਕਦਮ') ਨੇ ਲਿਖਣਾ ਸ਼ੁਰੂ ਕੀਤਾ। 'ਯਕਦਮ' ਦੀ ਕਵਿਤਾ ਆਪਣੇ ਸਮੇਂ ਦਾ ਅਕਸ ਪੇਸ਼ ਕਰਦੀ ਹੈ। ਦੇਸ਼ ਦੀ ਆਜ਼ਾਦੀ ਲਈ ਤੜਪ ਉਨ੍ਹਾਂ ਦੀ ਹਰ ਕਵਿਤਾ ਵਿਚ ਝਲਕਦੀ ਹੈ।

"ਛੱਡ ਦੇਸ ਗਰੀਬੀ ਤੋਂ ਤੰਗ ਆਏ, ਗਭਰੂ ਵਿਚ ਪ੍ਰਦੇਸ ਕਮੌਣ ਚੱਲੇ।
ਫਾਕੇ ਮਸਤੀਆਂ ਕਿਉਂ ਹੈ ਤੰਗਦਸਤੀ, ਕਿਸਮਤ ਆਪਣੀ ਤਾਈਂ ਅਜ਼ਮੌਣ ਚੱਲੇ।
ਦੁਰਦਸ਼ਾ ! ਗੁਲਾਮਾਂ ਨੂੰ ਪਏ ਧੱਕੇ, ਗੈਰਤਹੀਣ ਬੇਅਣਖ ਕਹੌਣ ਚੱਲੇ।
ਖੁਸ ਗਈ ਆਜ਼ਾਦੀ ਸੀ ਹਿੰਦੀਆਂ ਤੋਂ, ਸੀਸ ਫੀਸ ਦੇਹ ਮੁੜ ਲਿਔਣ ਚੱਲੇ"।
(ਯਕਦਮ)

'ਸੰਗਲ ਤਿੜਕ ਉਠੇ ਭਾਰਤ ਬੇੜੀਆਂ ਦੇ, ਜਦੋਂ ਹੱਸਕੇ ਪਿੰਗਲੇ ਦਾਰ ਚੜ੍ਹਿਆ,
ਹੋਈ ਪਾਰਟੀ ਦੀ ਉਦੋਂ ਸ਼ਾਨ ਉਚੀ, ਫਾਂਸੀ ਚੁੰਮ ਜਾਂ ਬੀਰ ਕਰਤਾਰ ਚੜ੍ਹਿਆ'

ਇਹ ਕਵਿਤਾ ਗਦਰੀਆਂ ਦੇ ਜੀਵਨ ਉਤੇ ਚਾਨਣਾ ਪਾਉਂਦੀ ਹੈ — ਦੇਸ਼ ਖਾਤਰ ਉਨ੍ਹਾਂ ਦੀ ਤੜਪ ਨੂੰ ਬਿਆਨ ਕਰਦੀ ਹੈ। ਉਨ੍ਹਾਂ ਦੀਆਂ ਸੈਂਕੜੇ ਕਵਿਤਾਵਾਂ ਉਪਲਬਧ ਹਨ। ਗੁਰਦੇਵ ਸਿੰਘ ਢਿੱਲੋਂ ਦਾ 1978 ਵਿਚ ਦਿਹਾਂਤ ਹੋਇਆ ਜਿਸ ਸਮੇਂ ਉਨ੍ਹਾਂ ਦੀ ਆਯੂ 74 ਸਾਲ ਸੀ। ਉਹ ਬਹੁਤਾ ਸਮਾਂ ਕੈਨੇਡਾ ਵਿਚ ਹੀ ਰਹੇ।

ਯਕਦਮ ਤੇ ਬਾਬਾ ਜੀ ਦੀਆਂ ਕਵਿਤਾਵਾਂ ਬੈਂਤ ਅਤੇ ਕਬਿੱਤ ਰੂਪ ਵਿਚ ਹਨ। ਉਨ੍ਹਾਂ ਕੋਲ ਸਮੇਂ ਦਾ ਯਥਾਰਥ ਸੀ। ਕਾਵਿ-ਪੱਧਰ ਉਤੇ ਬੇਸ਼ਕ ਇਹ ਕਵੀਸ਼ਰੀ ਪੱਧਰ ਦੀਆਂ ਨਜ਼ਮਾਂ ਹਨ ਪਰ ਭਾਵਾਂ ਦੀ ਸੁਹਿਰਦਤਾ ਉਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਯਕਦਮ ਤੇ ਬਾਬਾ ਜੀ ਦੀਆਂ ਨਜ਼ਮਾਂ ਤੋਂ ਬਿਨਾਂ 'ਸੰਸਾਰ' (1912) ਤੇ 'ਦੇਸ਼ ਸੇਵਕ' (1910) ਵਿਚ ਵੀ ਨਜ਼ਮਾਂ ਛਪਦੀਆਂ ਰਹੀਆਂ ਦੱਸੀਆਂ ਜਾਂਦੀਆਂ ਹਨ ਪਰ ਲੇਖਕ ਨੂੰ ਉਨ੍ਹਾਂ ਨੂੰ ਵਾਚਣ ਦਾ ਸੁਭਾਗ ਨਹੀਂ ਮਿਲਿਆ।

ਅਜੋਕੀ ਕੈਨੇਡੀਅਨ ਪੰਜਾਬੀ ਕਵਿਤਾ ਦਾ ਦੌਰ ਸੱਠਵਿਆਂ ਵਿਚ ਆਰੰਭ ਹੁੰਦਾ ਹੈ। ਸੱਠਵਿਆਂ ਵਿਚ ਪੁਜਣ ਵਾਲੇ ਕਵੀਆਂ ਵਿਚ ਗੁਰਚਰਨ ਰਾਮਪੁਰੀ ਤੇ ਗੁਰੂਮੇਲ ਸੀ, ਤੇ ਫਿਰ ਨਵਤੇਜ ਭਾਰਤੀ, ਗੁਰਦਿਆਲ ਕੰਵਲ, ਸੁਰਿੰਦਰ ਧੰਜਲ, ਰਵਿੰਦਰ ਰਵੀ, ਕਰਤਾਰ ਸਿੰਘ ਸ਼ਮਸ਼ੇਰ, ਗੁਰਦੇਵ ਸਿੰਘ ਮਾਨ, ਆਦਿ ਕੈਨੇਡਾ ਵਿਚ ਪਹੁੰਚੇ ਜੋ



ਪਹਿਲਾਂ ਹੀ ਪੁਸਤਕ-ਰੂਪ ਵਿਚ ਭਾਰਤ ਵਿਚ ਛਪ ਚੁਕੇ ਕਵੀ ਹਨ। 1970 ਤੋਂ ਪਿਛੋਂ ਕੈਨੇਡਾ ਵਿਚਲੀ ਕਾਵਿ-ਧਾਰਾ ਕਾਵਿ-ਸੰਗ੍ਰਹਿਾਂ ਦੇ ਰੂਪ ਵਿਚ ਵਗ ਤੁਰੀ ਹਾਲਾਂਕਿ ਦਰਸ਼ਨ ਗਿੱਲ, ਸੁਖਿੰਦਰ, ਇਕਬਾਲ ਰਾਮੂਵਾਲੀਆ, ਅਜਮੇਰ ਰੋਡੇ, ਸੁਰਜੀਤ ਕਲਸੀ, ਮਿੱਤਰ ਰਾਸ਼ਾ, ਜਸਵੰਤ ਮਾਂਗਟ, ਆਦਿ ਪੰਜਾਬੀ ਦੇ ਰਸਾਲਿਆਂ ਵਿਚ ਪਹਿਲਾਂ ਵੀ ਛਪਦੇ ਰਹੇ ਸਨ। ਕੈਨੇਡਾ ਆ ਕੇ ਪੁਸਤਕ-ਰੂਪ ਵਿਚ ਛਪਣ ਵਾਲੇ ਕਵੀਆਂ ਵਿਚ ਗਿੱਲ ਮੋਰਾਂਵਾਲੀ, ਕਸ਼ਮੀਰਾ ਸਿੰਘ ਚਮਨ, ਦਰਸ਼ਨ ਗਿੱਲ, ਸੁਖਿੰਦਰ, ਇਕਬਾਲ ਰਾਮੂਵਾਲੀਆ, ਅਜਮੇਰ ਰੋਡੇ, ਸੁਰਜੀਤ ਕਲਸੀ, ਸਾਧੂ, ਅਮਰਜੀਤ ਸੂਫੀ, ਮਿੱਤਰ ਰਾਸ਼ਾ, ਚਰਨ ਸਿੰਘ, ਮਨਜੀਤ ਮੀਤ, ਸੰਤੋਖ ਸਿੰਘ ਛੀਨਾ ਦੇ ਕਾਵਿ-ਸੰਗ੍ਰਹਿ ਸ਼ਾਮਲ ਹਨ। ਉਪਰੋਕਤ ਕਵੀਆਂ ਤੋਂ ਬਿਨਾਂ ਮੁਹਿੰਦਰ ਸੂਮਲ, ਹਰੀਪਾਲ, ਸੁਖਵੰਤ ਹੁੰਦਲ, ਅਮਰਜੀਤ ਚਾਹਲ, ਹਰਦੇਵ ਵੜੈਚ, ਜੀਵਨ ਰਾਮਪੁਰੀ, ਜਸਵੰਤ ਮਾਂਗਟ, ਅਵਤਾਰ ਰੋਡੇ, ਅਵਤਾਰ ਗਿੱਲ, ਲਾਟ ਭਿੰਡਰ, ਇੰਦਰੇਸ਼, ਗੁਰਚਰਨ ਟੱਲੇਵਾਲੀਆ, ਮੰਗਾ ਸਿੰਘ ਬਾਸੀ, ਅਮਰ ਸਿੰਘ ਬੈਨੀਪਾਲ, ਪਰਮਜੀਤ ਸਿੰਘ ਕੰਵਲ, ਜਰਨੈਲ ਚੰਦੀ, ਨਰਿੰਦਰ ਭਾਗੀ, ਬਖਸ਼ੀਸ਼ ਸਿੰਘ ਢਿੱਲੋਂ, ਬਹਾਦਰ ਸਿੰਘ, ਬਲਵਿੰਦਰ ਗਿੱਲ, ਹਰਿਮੰਦਰ ਸਿਆਣ, ਸੁਰਦੇਵ ਜਟਾਣਾ, ਜਸਬੀਰ ਗੁਰਮ, ਸੁਰਿੰਦਰ ਸਿੰਘ ਘੋਲੀਆ, ਉਜੱਲ ਦੁਸਾਂਝ, ਦਰਸ਼ਨ ਬੈਂਸ, ਸਤਵੰਤ, ਧਰਮ ਸਿੰਘ, ਕਰਮ ਸਿੰਘ, ਰਣਜੀਤ ਸਿੰਘ ਕਿੰਗਰਾ, ਹਰਭਜਨ ਸਿੰਘ ਚੇੜਾ, ਗੁਰਮੀਤ ਛੀਨਾ, ਬਹਾਦਰ ਸਹੋਤਾ, ਦਲਜੀਤ ਤੂਰ, ਕਰਮਜੀਤ ਘੁਮਾਣ, ਭੁਪਿੰਦਰ ਧਾਲੀਵਾਲ, ਅਸੀਮ ਪ੍ਰੀਤ, ਹਰਭਜਨ ਸਿੰਘ ਦਿਓਲ, ਤੇਜ ਨਿੱਝਰ, ਜਗਦੇਵ ਜਟਾਣਾ, ਗਿਆਨ ਚਿੱਟੀ, ਦੇਵਿੰਦਰ ਸੇਖੋਂ, ਊਧਮ ਰੱਖਰਾ, ਮਨਮੋਹਨ ਨਾਗ, ਅਮਰਜੀਤ ਮਾਨ, ਪਾਲ ਮਾਨ, ਜ਼ੋਰਾ ਸਿੰਘ ਰਾਏ, ਇੰਦਰਜੀਤ ਸਿੰਘ ਜੀਤ, ਕਿਸ਼ਨ ਸਿੰਘ, ਚਰਨਜੀਤ ਸਿੱਧੂ, ਨਰਿੰਦਰ ਬਾਹੀਆ ਆਦਿ ਦੀਆਂ ਕਵਿਤਾਵਾਂ ਪਿਛਲੇ ਸਮੇਂ ਵਿਚ ਰਸਾਲਿਆਂ ਤੇ ਅਖਬਾਰਾਂ ਵਿਚ ਛਪੀਆਂ ਮਿਲਦੀਆਂ ਹਨ।

2.

ਕੈਨੇਡਾ ਦੀ ਪੰਜਾਬੀ ਕਵਿਤਾ ਦੀ ਗੱਲ ਕਰਨ ਲੱਗਿਆਂ ਸਾਨੂੰ ਇਹ ਤੱਥ ਸਾਹਮਣੇ ਰਖਣਾ ਪਵੇਗਾ ਕਿ ਇਸ ਦੇਸ਼ ਦਾ ਇਤਿਹਾਸਕ, ਸਮਾਜਕ, ਆਰਥਿਕ ਤੇ ਸਭਿਆਚਾਰਕ ਢਾਂਚਾ ਕੀ ਹੈ। ਲੂਨਾਚਾਰਸਕੀ ਦਾ ਕਹਿਣਾ ਹੈ ਕਿ 'ਕਲਾਕਾਰ ਦਾ ਵਿਅਕਤਿਤਵ ਬਹੁਤ ਹੱਦ ਤੱਕ ਆਪਣੇ ਸਮੇਂ ਦਾ ਅਕਸ ਹੁੰਦਾ ਹੈ। ਇਸ ਲਈ ਕਾਵਿ ਅਤੇ ਕਾਲ ਦਾ ਸਬੰਧ ਅਨਿੱਖੜ ਹੈ। ਲੂਨਾਚਾਰਸਕੀ ਦਾ ਇਕ ਹੋਰ ਕਥਨ ਵੀ ਹੈ : 'ਹਰ ਇਕ ਲਿਖਾਰੀ ਕਿਸੇ ਨਾ ਕਿਸੇ ਸਬੰਧਤ ਸ਼੍ਰੇਣੀ ਦੀਆਂ ਪਰੰਪਰਾਵਾਂ, ਸੰਸਕ੍ਰਿਤੀ, ਹਿਤ ਆਦਿ ਦੀ ਪ੍ਰਤੀਨਿਧਤਾ ਕਰਦਾ ਹੈ। ਹਰ ਇਕ ਸ਼੍ਰੇਣੀ ਦੀ ਆਪਣੀ ਆਪਣੀ ਸਮੂਹਕ ਜਾਂ ਸਮਾਜਕ ਜੀਵਨੀ ਹੁੰਦੀ ਹੈ ਜੋ ਇਸ ਦੇ ਵਿਕਾਸ ਤੇ ਖੀਣਤਾ (Growth and decay), ਅਧੋਗਤੀ ਤੇ ਪਤਨ (decline and fall) ਉਤੇ ਚਾਨਣਾ ਪਾਉਂਦੀ ਹੈ।

ਕੈਨੇਡਾ ਵਿਚ ਵਿਕਸਿਤ ਪੂੰਜੀਵਾਦੀ ਪ੍ਰਬੰਧ ਹੈ ਅਤੇ ਕੈਨੇਡਾ ਵਿਚ ਆਉਣ ਵਾਲੇ ਬਹੁਤੇ ਕਵੀ ਪੰਜਾਬ ਤੋਂ ਆਉਣ ਸਮੇਂ ਅਰਧ-ਜਾਗੀਰੂ ਤੇ ਅਰਧ-ਪੂੰਜੀਵਾਦੀ ਪ੍ਰਬੰਧ ਦੀ ਹੋਣੀ ਹੰਢਾਉਂਦੇ ਆਏ ਹਨ। ਏਥੇ ਪਹੁੰਚਣ ਨਾਲ ਰਾਜਸੀ, ਸਮਾਜਕ, ਆਰਥਿਕ ਘਟਨਾਵਾਂ ਦਾ ਪ੍ਰਭਾਵ ਉਨ੍ਹਾਂ ਦੀਆਂ ਕਲਾ-ਕ੍ਰਿਤਾਂ ਉਤੇ ਵੀ ਪੈਣਾ ਲਾਜ਼ਮੀ ਸੀ। ਇਸ ਤਰ੍ਹਾਂ ਉਨ੍ਹਾਂ ਦੀ ਕਾਵਿ-ਕਲਾ ਵਿਚ ਮੋੜ ਜ਼ਰੂਰ ਆਉਣਾ ਸੀ। ਕਈ ਵਾਰ ਅਜਿਹੇ ਮੋੜ ਵਿਕਾਸ ਵੱਲ ਲੈ ਜਾਂਦੇ ਹਨ ਅਤੇ ਕਈ ਵਾਰ ਅਧੋਗਤੀ ਵਲ। ਕੋਈ ਮੋੜ ਉਪਰਾਮਤਾ ਲੈ ਆਉਂਦਾ ਹੈ ਅਤੇ ਕੋਈ ਨਿਰਾਸ਼ਾਵਾਦੀ ਬਣਾ ਦਿੰਦਾ ਹੈ। ਕਵੀ ਦੇ ਜੀਵਨ ਦਾ ਚੌਗਿਰਦਾ ਸਮਾਜ ਹੈ। ਸਮਾਜ ਦੀ ਛਾਪ ਇਸ ਦਾ ਸਭਿਆਚਾਰ ਹੈ। ਸਭਿਆਚਾਰ ਵਿਅਕਤੀ ਦਾ ਵਿਚਾਰਕ ਪਾਣੀ ਹੈ ਅਤੇ ਭਾਵੁਕ ਪੌਣ ਹੈ।

## ਕਵਿਤਾ
### ਲੋਹੇ ਦੇ ਚਣੇ

ਦਿਓਲ

ਇਕ ਚਿਹਰਾ, ਨਿਰਾ ਤੇਰਾ
ਰਾਤ ਤੇਰੇ ਹਾਣ ਦੀ, ਤੇ
ਦਿਹੁੰ ਹੈ ਮੇਰੇ ਹਾਣ ਦਾ।

ਤੇਰਾ ਚਿਹਰਾ, ਨਿਰਾ ਤੇਰਾ
ਚਿਹਰੇ ਤੇਰੇ ਦੀ ਲਾਟ ਬਲੇ
ਰਾਤ ਹਨੇਰੀ ਕੱਟਦੀ ਜਾਂਦੀ
ਸਿਖਰ ਦੁਪਹਿਰ ਢਲਦਾ ਜਾਂਦਾ
ਢਲ ਗਈ ਉਮਰਾਂ ਮੇਰੀ।

ਕੀ ਮਿੱਟੀ ਤੇ ਨਿਸਚਾ ਕਰੀਏ
ਪਾਣੀ ਨਾਲ ਪਸੀਜਦੀ ਹੈ, ਤੇ
ਪਾਣੀ ਨਾਲ ਹੀ ਖੁਰ ਜਾਂਦੀ ਹੈ।
ਅੱਗ ਬਲੇ ਤੇ ਸੇਕਣ ਬਹੀਏ
ਪਰ ਇਸ ਕੱਕਰ ਦਾ ਕੀ ਕਰੀਏ ?
ਕੱਕਰ ਜਿਹੜਾ ਤੇਰੇ ਮੇਰੇ
ਮੂੰਹਾਂ ਉਤੇ ਜੰਮ ਗਿਆ ਹੈ।
ਮੇਰੀ ਸਰਦਲ ਉਤੇ ਡਿੱਗੇ
ਬੰਬ ਦਾ ਕੋਹਰਾ
ਕਿੱਥੇ ਚਿਹਰਾ, ਨਿਰਾ ਤੇਰਾ ?

ਮੈਂ ਆਸ਼ਕ ਦਰਵੇਸ਼ ਦੇ ਪਿਆਲੇ
ਰਾਜਨੀਤ ਨੇ ਮੁੱਠੀ ਭਰ ਕੇ
ਨੀਤੀ ਪਾਈ
ਨੀਤੀ ਕੱਚੀ ਚੱਥੇ ਨਾ ਹੁੰਦੀ
ਲੋਹੇ ਦੇ ਇਹ ਚਣੇ ਚੱਬਣੇ
ਕੌਣ ਕਿਸੇਰੀ ਕਰ ਸਕਦਾ ਹੈ ?

ਇਕ ਚਿਹਰਾ, ਨਿਰਾ ਤੇਰਾ
ਰਾਤ ਤੇਰੇ ਹਾਣ ਦੀ, ਤੇ
ਦਿਹੁੰ ਹੈ ਮੇਰੇ ਹਾਣ ਦਾ।

### ਇੰਕਸ਼ਾਫ਼

ਫ਼ਤਹਿ ਜੀਤ

ਆਪਾ ਜਿਹੜਾ —
ਭਾਂਬੜ ਬਣ ਕੇ ਮੱਚਿਆ
ਤੇ ਫਿਰ ਬੁਝ ਵੀ ਗਿਆ
ਦੀਪਕ ਬਣ ਕੇ ਜਗਦਾ
ਜਗ ਰੁਸ਼ਨਾ ਦਿੰਦਾ।

ਜਜ਼ਬੇ ਦੀ ਇਹ ਅੱਗ
ਜੋ ਬੁਝ ਕੇ ਬੈਠ ਗਈ,
ਮਿੱਠੀ ਮਿੱਠੀ ਬਲਦੀ
ਉਮਰ ਲੰਘਾ ਦਿੰਦੀ।

ਉਲਝੀਆਂ ਤੰਦਾਂ ਵਾਂਗ
ਜੋ ਉਲਝੀ ਸੋਚ ਤੁਰੀ,
ਨਿਸਚਾ ਕਰ ਕੇ ਤੁਰਦੀ
ਜੁੱਗ ਪਲਟਾ ਦਿੰਦੀ।

ਹੁੰਦੀ ਨਾ ਇਹ ਘਾਟ
ਜੇ ਸ਼ੌਕ ਉਦਾਹਲਣ ਦੀ,
ਕਿਰਤ ਕਰਮ ਦੀ ਸੋਝੀ
ਸਾਡੇ ਲੜ ਲਗਦੀ।

ਬਣਦਾ ਨਾ ਇਹ ਵਹਿਮ
ਜੇ ਟੁੱਟੀਆਂ ਜੋੜਨ ਦਾ,
ਸਭ ਦੀ ਸਾਂਝੀ ਪ੍ਰੀਤ
ਅਸੀਂ ਅਜ਼ਮਾ ਲੈਂਦੇ।

ਦਿਲ ਤੇ ਰਖ ਕੇ ਹੱਥ
ਜੇ ਗ਼ਮ ਵਿਚ ਡੁੱਬਦੇ ਨਾ
ਹਰ ਔਕੜ ਦੇ ਹੁੰਦਿਆਂ
ਤਰਦੇ ਲੰਘ ਜਾਂਦੇ।

# ਸੀ. ਆਰ. ਪੀ. ਵਲੋਂ ਰਿਹਾਇਸ਼ੀ ਕਾਲੋਨੀ ਉਤੇ ਜਬਰੀ ਕਬਜ਼ਾ

ਪੀ. ਪੀ. ਐਸ. ਗਿੱਲ

ਅੰਮ੍ਰਿਤਸਰ — ਕੇਂਦਰੀ ਰੀਜ਼ਰਵ ਪੁਲੀਸ ਫੋਰਸ (ਸੀ ਆਰ ਪੀ ਐਫ) ਵਾਲਿਆਂ ਨੇ ਇਥੇ ਇਕ ਹੋਰ "ਵਧੀਕੀ" ਕੀਤੀ ਹੈ। ਇਸ ਦਾ ਸ਼ਿਕਾਰ ਕੋਈ ਹੋਰ ਨਹੀਂ ਸਗੋਂ ਇਕ ਸਰਕਾਰੀ ਅਦਾਰਾ-ਪੰਜਾਬੀ ਮਕਾਨ ਉਸਾਰੀ ਬੋਰਡ ਹੈ। ਸੀ. ਆਰ. ਪੀ. ਵਾਲਿਆਂ ਨੇ ਬਿਨਾਂ ਕਿਸੇ ਦੀ ਪ੍ਰਵਾਹ ਕਰਦਿਆਂ ਤੇ ਇਜਾਜ਼ਤ ਲਏ ਬਗੈਰ ਇਥੇ ਹਾਊਸਿੰਗ ਬੋਰਡ ਦੀ ਰਣਜੀਤ ਐਵੇਨਿਊ ਕਾਲੋਨੀ ਉਤੇ ਬੀਤੇ ਦਿਨੀਂ ਧੱਕੇ ਨਾਲ ਕਬਜ਼ਾ ਜਮਾ ਲਿਆ। ਉਨ੍ਹਾਂ ਨੇ ਕਾਲੋਨੀ ਉਤੇ ਅਚਾਨਕ "ਧਾਵਾ" ਕੀਤਾ ਤੇ ਮਕਾਨਾਂ ਨੂੰ ਲੱਗੇ ਜਿੰਦਰੇ ਤੋੜਨ ਬਾਅਦ ਦਰਵਾਜ਼ੇ ਖੋਲ੍ਹ ਕੇ ਆਪਣੇ ਟਰੰਕ ਤੇ ਹੋਰ ਲਕਾ-ਤੁਕਾ ਅੰਦਰ ਸੁੱਟ ਲਿਆ ਅਤੇ ਦੂਜੇ ਮਕਾਨਾਂ ਵਿਚ ਵਸਦੇ ਲੋਕ ਹਕੇ-ਬੱਕੇ ਰਹਿ ਗਏ। ਸੀ. ਆਰ. ਪੀ. ਵਾਲਿਆਂ ਨੇ ਹਾਈ ਇਨਕਮ ਗਰੁਪ (ਐਚ. ਆਈ. ਜੀ.) ਤੇ ਮਿਡਲ ਇਨਕਮ ਗਰੁਪ (ਐਮ ਆਈ ਜੀ) ਦੇ 84 ਮਕਾਨਾਂ ਉਤੇ ਕਬਜ਼ਾ ਜਮਾ ਲਿਆ ਹੈ ਜਦੋਂ ਕਿ ਇਹ ਮਕਾਨ ਵੱਖ ਵੱਖ ਵਿਅਕਤੀਆਂ ਨੂੰ ਪਹਿਲਾਂ ਹੀ ਅਲਾਟ ਕੀਤੇ ਜਾ ਚੁਕੇ ਹਨ।

ਸੀ ਆਰ ਪੀ ਦੀ ਇਸ ਕਾਰਵਾਈ ਨੇ ਜ਼ਿਲਾ ਪ੍ਰਸ਼ਾਸਨ ਨੂੰ ਕੁੜਿੱਕੀ ਵਿਚ ਫਸਾ ਦਿੱਤਾ ਹੈ। ਡਿਪਟੀ ਕਮਿਸ਼ਨਰ ਸ੍ਰੀ ਸਰਬਜੀਤ ਸਿੰਘ ਨੇ ਇਸ "ਵਧੀਕੀ" ਸੰਬੰਧੀ ਪੁਛੇ ਜਾਣ ਉਤੇ ਹੈਰਾਨੀ ਪ੍ਰਗਟ ਕੀਤੀ। ਉਨ੍ਹਾਂ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਅਨੁਸ਼ਾਸਨ ਵਾਲੀ ਨੀਮ ਫੌਜੀ ਫੋਰਸ ਅਜਿਹੀ ਗੈਰ-ਅਨੁਸ਼ਾਸਨੀ ਕਾਰਵਾਈ ਵੀ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਇਕ ਰਿਹਾਇਸ਼ੀ ਕਾਲੋਨੀ ਵਿਚ ਸੀ ਆਰ ਪੀ ਦੇ ਆ ਡੇਰਾ ਲਾਉਣ ਦੀ ਇਜਾਜ਼ਤ ਦੇਣ ਸਬੰਧੀ ਕਿਸੇ ਵੀ ਆਦੇਸ਼ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ। ਅਮਲ ਵਿਚ ਸੀ ਆਰ ਪੀ ਵਲੋਂ ਹਾਊਸਿੰਗ ਬੋਰਡ ਦੇ ਮਕਾਨਾਂ ਉਤੇ ਜਬਰੀ ਕਬਜ਼ਾ ਕਰ ਲੈਣ ਦੀ ਸੂਚਨਾ ਮਿਲਦਿਆਂ ਹਾਊਸਿੰਗ ਕਮਿਸ਼ਨਰ ਸ੍ਰੀ ਪੀ ਪੀ ਐਸ ਬਸੂਰ ਤੁਰੰਤ ਇਥੇ ਪੁਜੇ ਤੇ ਸੀ ਆਰ ਪੀ ਦੀ ਇਸ ਕਾਰਵਾਈ ਵਿਰੁਧ ਡਿਪਟੀ ਕਮਿਸ਼ਨਰ ਨੂੰ ਲਿਖਤੀ ਸ਼ਿਕਾਇਤ ਕੀਤੀ। ਡੀ ਸੀ ਨੇ ਇਹ ਸ਼ਿਕਾਇਤ ਪੱਤਰ ਅਗੋਂ ਟਿਪਣੀ ਲਈ ਸੀਨੀਅਰ ਸੁਪਰਡੈਂਟ ਪੁਲੀਸ ਨੂੰ ਭੇਜ ਦਿਤਾ। ਆਪਣੇ ਪੱਤਰ ਵਿਚ ਸ੍ਰੀ ਬਸੂਰ ਨੇ ਮੰਗ ਕੀਤੀ ਹੈ ਕਿ ਸੀ ਆਰ ਪੀ ਨੂੰ ਉਥੋਂ ਤੁਰੰਤ ਬਾਹਰ ਕੱਢਿਆ ਜਾਵੇ ਤਾਂ ਜੋ ਬੋਰਡ ਅਲਾਟੀਆਂ ਨੂੰ ਉਨ੍ਹਾਂ ਦੇ ਮਕਾਨਾਂ ਦਾ ਕਬਜ਼ਾ ਦੇ ਸਕੇ। ਉਨ੍ਹਾਂ ਲਿਖਿਆ ਹੈ ਕਿ ਐਚ ਆਈ ਜੀ ਤੇ ਐਮ ਆਈ ਜੀ ਮਕਾਨਾਂ ਤੋਂ ਇਲਾਵਾ ਸੀ ਆਰ ਪੀ ਵਾਲਿਆਂ ਨੇ "ਸੈਲਫ ਫਾਇਨਾਂਸਿੰਗ ਸਕੀਮ" ਅਧੀਨ ਉਸਾਰੇ ਮਕਾਨਾਂ ਉਤੇ ਵੀ ਕਬਜ਼ਾ ਕਰ ਲਿਆ ਹੈ ਜਦੋਂ ਕਿ ਮਾਲਕ ਇਨ੍ਹਾਂ ਮਕਾਨਾਂ ਦੀ ਰਕਮ ਪਹਿਲਾਂ ਹੀ ਅਦਾ ਕਰ ਚੁਕੇ ਹਨ ਜਾਂ ਅਦਾ ਕਰ ਰਹੇ ਹਨ।


**Sidhu Insurance and Financial Services**

**Life Disability and Investment Funds**

Represents
North American Life
Great-West Life
Provident Life & Accident Assurances
Occidental Life
American Life

As an Independent Broker We can shop around to find a tailor - made Plan for your Personal & Business Needs

Call us today

**(604) 584-4516**



**Ajit Sidhu**
General Agent

**9838 - 127 B St., Surrey, B.C. V3V 5M1**

**NORTH AMERICAN LIFE ASSURANCE COMPANY**

NORTH AMERICAN LIFE



- Life Insurance
- Mortgage Insurance
- Children's educational Plans
- R R S P

**Malkiat Mutti**
representative
320, 815 West Hastings St.
Vancouver, B.C. V6C 2W1

Bus. 685-9335
Res. 522-7167

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

**PAUL'S**



*PLUMBING & ELECTRICAL SUPPLY*

4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS

**TICKETS TO ANYWHERE**

**GABA TRAVELS**

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

**6612, MAIN ST. VANCOUVER, B. C.**

**Phone 324-3336**

ਜ਼ੇਲਿੰਸਕੀ ਅਨੁਸਾਰ ਹਰ ਕੌਮ ਦੇ ਸਾਹਿਤ ਵਿਚ ਇਕ ਵਿਸ਼ੇਸ਼ਤਾ ਹੁੰਦੀ ਹੈ ਜੋ ਵਿਚਾਰਾਂ ਦੇ ਫੈਲਾਅ, ਬਿੰਬਾਵਲੀ ਅਤੇ ਕਲਾਤਮਕ ਵਿਧੀ ਦੁਆਰਾ ਪ੍ਰਗਟ ਹੁੰਦੀ ਹੈ। ਕਵਿਤਾ ਇਕ ਪ੍ਰਕਾਰ ਦਾ ਦਰਪਣ ਹੈ ਜਿਸ ਵਿਚ ਕਿਸੇ ਦੇਸ਼ ਦੇ ਮਤ-ਮਤਾਂਤਰ, ਰਵਾਜ, ਲੋਕਾਂ ਦਾ ਆਚਰਣ, ਉਨ੍ਹਾਂ ਦੇ ਆਦਰਸ਼ ਅਤੇ ਉਨ੍ਹਾਂ ਦੀਆਂ ਆਸਾਂ ਵਿਖਾਈ ਦਿੰਦੀਆਂ ਹਨ। ਕੌਮਾਂ ਦੇ ਆਚਰਣਾਂ ਵਿਚ ਭੇਦ ਸਰੀਰਕ ਬਣਤਰ (biological) ਤੋਂ ਨਹੀਂ ਹੁੰਦੇ ਪਰ ਭੂਗੋਲ, ਪੌਣ ਪਾਣੀ, ਇਤਿਹਾਸ, ਸਮਾਜਕ ਘੋਲ ਅਤੇ ਉਦਪਾਦਕ ਸ਼ਕਤੀਆਂ ਦੇ ਵਿਕਾਸ ਦੇ ਕਾਰਣ ਪੈਦਾ ਹੁੰਦੇ ਹਨ। ਫਰਾਂਸ ਦੇ ਲੇਖਕ ਤਾਈਨ (Taine) ਦਾ ਕਹਿਣਾ ਹੈ ਕਿ ਸਾਹਿਤ ਜਾਤੀ ਜਾਂ ਨਸਲ, ਪੌਣਪਾਣੀ ਅਤੇ ਸਮੇਂ ਜਾਂ ਛਿਣ ਦੀ ਉਪਜ ਹੈ। ਯੂਨਾਨ ਦਾ ਨਾਟਕਕਾਰ ਐਸਕੀਲਸ (Aeschylus) ਤੇ ਅਰਿਸਟੋਫੇਨਸ (Aristophanes), ਇਟਲੀ ਦੇ ਦਾਂਤੇ (Dante), ਸਪੇਨ ਦਾ ਸਾਰਵਾਂਨਤੀਸ (Cervantes), ਇੰਗਲੈਂਡ ਦਾ ਸ਼ੇਕਸਪੀਅਰ ਅਤੇ ਜਰਮਨੀ ਦਾ ਸ਼ਿਲਰ (Schiller) ਆਪਣੀ ਆਪਣੀ ਹੋਂਦ ਦੇ ਸਮੇਂ ਨਾਲ ਬੱਝੇ ਹੋਏ ਸਨ। ਇਸੇ ਤਰ੍ਹਾਂ ਯੂਰਪ ਦੀ ਨਵਜਾਗਰਤੀ (Renaissance) ਦੇ ਕਵੀ ਆਪਣੇ ਕਾਲ ਦੇ ਕਾਰਜਾਂ ਵਿਚ ਦਿਲਚਸਪੀ ਰੱਖਦੇ ਸਨ ਅਤੇ ਰਾਜਸੀ ਤੇ ਸਮਾਜਕ ਸੰਘਰਸ਼ਾਂ ਵਿਚ ਭਾਗ ਲੈਂਦੇ ਸਨ।

ਕੈਨੇਡਾ ਦੀ ਪੰਜਾਬੀ ਕਵਿਤਾ ਦਾ ਮੁੱਖ-ਸੰਘਰਸ਼ 'ਕੱਲ੍ਹ' ਤੇ 'ਅੱਜ' ਨਾਲ ਹੈ। ਜੋ 'ਕੱਲ' ਸੀ ਉਹ ਅਰਧ-ਜਾਗੀਰੂ ਤੇ ਅਰਧ-ਪੂੰਜੀਪਤੀ ਸਮਾਜ ਦਾ 'ਸੱਚ' ਸੀ ਜੋ 'ਅੱਜ' ਹੈ ਉਹ ਵਿਕਸਿਤ ਪੂੰਜੀਵਾਦੀ ਸਮਾਜ ਦਾ 'ਸੱਚ' ਹੈ ਜਿਸ ਵਿਚ ਹਰ ਕਿਸਮ ਦੀਆਂ ਸੁਵਿਧਾਵਾਂ ਦੇ ਨਾਲ ਨਾਲ ਮਾਨਸਿਕ ਸੰਕਟ ਹੈ, ਅਧੋਗਤੀ ਹੈ, ਪ੍ਰੇਸ਼ਾਨੀ ਹੈ, ਤਣਾਅ ਹੈ, ਮਸ਼ੀਨੀ ਸ਼ੋਰ ਹੈ, ਖਿਚਾਅ ਹੈ, ਸੰਸਾਰ ਜੰਗ ਦਾ ਭੈਅ ਹੈ, ਟੁਟਦੇ ਰਿਸ਼ਤਿਆਂ ਦਾ ਸੰਕਟ ਹੈ, ਬੋਰਡਮ ਹੈ, ਰੰਗ, ਨਸਲ, ਕੌਮਾਂ ਦਾ ਵਿਤਕਰਾ ਹੈ, ਔਰਤ ਦੀ ਤ੍ਰਾਸਦੀ ਹੈ, ਆਪਣੇ ਆਪ ਤੋਂ ਵਿਗੋਚੇ ਜਾਣ ਦਾ ਖਦਸ਼ਾ ਹੈ। ਇਸ ਹਾਲਾਤ ਵਿਚ ਕੈਨੇਡਾ ਦੇ ਪੰਜਾਬੀ ਕਵੀ ਦੀ ਸਥਿਤੀ ਕੀ ਹੈ ?

'ਕੱਲ ਦਾ ਸੱਚ ਤੁਲੇ ਨਾ ਸਾਵਾਂ,
ਕਦੇ ਕਦੇ ਮੈਂ ਕੱਲ੍ਹ ਦੇ ਪਾਸੇ
ਚੋਰੀ ਚੋਰੀ ਪਾਸਕ ਪਾਵਾਂ ;
ਪਰ ਉਹ ਪਾਸਕ ਮੈਨੂੰ ਘੂਰੇ,
ਹੱਥ ਮਿਰੇ ਜਦ ਕੰਡਾ ਦਿੱਸੇ
ਆਪਣੀ ਕਰਨੀ ਤੋਂ ਸ਼ਰਮਾਵਾਂ।' (ਕੁਕਨੂਸ — ਗੁਰਚਰਨ ਰਾਮਪੁਰੀ)

'ਅੱਜ' ਦੇ ਸੱਚ ਦੇ ਹਾਣ ਦੀ ਕਵਿਤਾ ਅਜੇ ਕੈਨੇਡਾ ਦੇ ਪੰਜਾਬੀ ਕਵੀ ਨੇ ਸਿਰਜਣੀ ਹੈ। ਅਜੇ ਤਾਂ ਕੈਨੇਡਾ ਦਾ ਪੰਜਾਬੀ ਕਵੀ ਇਹ ਹੋਣੀ ਹੰਢਾ ਰਿਹਾ ਹੈ :

'ਕੱਲ੍ਹ ਦਾ ਸੱਚ ਤੁਲੇ ਨਾ ਸਾਵਾਂ,
ਕਿਥੋਂ ਅੱਜ ਦਾ ਸੱਚ ਲਿਆਵਾਂ ?' (ਕੁਕਨੂਸ — ਗੁਰਚਰਨ ਰਾਮਪੁਰੀ)

ਕੈਨੇਡਾ ਦੇ ਕਵੀ ਦੀ ਹਾਲਤ 'ਕੁਕਨੂਸ' ਵਾਲੀ ਹੈ ਜੋ 'ਕੱਲ੍ਹ' ਦੇ ਤੀਲੇ ਜੋੜ ਰਿਹਾ ਹੈ — ਫਿਰ ਇਨ੍ਹਾਂ ਤੀਲਿਆਂ ਨਾਲ ਉਸ ਦੀ ਚਿਖਾ ਬਲਣੀ ਹੈ ਤੇ ਨਵੇਂ 'ਕੁਕਨੂਸ' ਨੇ ਜਨਮ ਲੈਣਾ ਹੈ।

ਇਸ 'ਕੱਲ੍ਹ' ਵਿਚ ਜਨਮ-ਦਾਤੀ ਧਰਤੀ ਦਾ ਮੋਹ ਹੈ — ਉਸ ਪ੍ਰਤੀ ਹੇਰਵਾ ਹੈ। 'ਕੱਲ੍ਹ' ਦੀ ਗੱਲ ਕੈਨੇਡਾ ਦੀ ਪੰਜਾਬੀ ਕਵਿਤਾ ਦੀ ਹੁਣ ਤੱਕ ਮੁੱਖ ਗੱਲ ਰਹੀ ਹੈ। ਇਹ ਉਦਰੇਵਾਂ ਬੜੇ ਹੀ Sentimental level ਉਤੇ ਕੈਨੇਡਾ ਦੀ ਪੰਜਾਬੀ ਕਵਿਤਾ ਉਤੇ ਲਗਾਤਾਰ ਛਾਇਆ ਰਿਹਾ ਹੈ।

ਧੁੰਦ ਦੇ ਪਰਦੇ ਉਹਲੇ ਹੈ ਸੂਰਜ ਮੁਸਕਾਉਂਦਾ
ਜਿਸ ਦੀ ਤਪਸ਼ 'ਚ ਰੋਟੀ ਸੇਕਣ ਮੈਂ ਆਇਆ ਹਾਂ। (ਗੁਰਚਰਨ ਰਾਮਪੁਰੀ)

ਜੋ ਕੱਲ੍ਹ ਤੱਕ ਸਾਬਤ ਸੀ,
ਅੱਜ ਤਿੜਕ ਗਿਆ ਹੈ। (ਚਰਨ ਸਿੰਘ)

ਮਨ ਚਾਹੇ ਅੱਖਾਂ 'ਚੋਂ ਵਗਣਾ
ਜ਼ਿਹਨ ਜਿਵੇਂ ਤੇਜ਼ਾਬ 'ਚ ਭਿਜਾ
ਅੱਜ ਫਿਰ ਪੀੜ ਅਸਹਿ ਹੋ ਚੱਲੀ
ਅੱਖਾਂ 'ਚੋਂ ਅੱਥਰੂ ਨਾ ਆਏ ! (ਰਵੀ)

ਕੱਲ੍ਹ ਦਾ ਦਿਨ ਵੀ/ਕੇਹਾ ਦਿਨ ਸੀ
ਤੂੰ ਸੀ/ਮੈਂ ਸੀ/ਜਾਂ
ਆਪਣੇ ਸੰਗ ਜਿਉਂਦਾ ਛਿਣ ਸੀ
ਅੱਜ ਦੇ ਦਿਨ ਦਾ/ਕੀ ਭਰਵਾਸਾ ?
ਅੱਜ ਦਾ ਦਿਨ ਵੀ ਕੇਹਾ ਦਿਨ ਹੈ
ਤੇਰੇ ਮਸਤਕ/ਰਾਖ ਉਭਰੀ
ਮੇਰੇ ਜ਼ਿਹਨ 'ਚ ਮੋਇਆ ਛਿਣ ਹੈ (ਦਰਸ਼ਨ ਗਿੱਲ)

ਮੁੜ ਮੁੜ ਕੇ ਪਰਤਾਂਗਾ ਮੈਂ
ਆਪਣੇ ਹੀ ਘਰ ਨੂੰ
ਬਾਹਰ ਤਾਂ ਹਰ ਪਲ ਹਨੇਰੀ ਝੁਲਦੀ ਹੈ (ਸੁਖਿੰਦਰ)

ਕਿੰਝ ਲੱਭਾਂਗੇ ਲਾਪਤਾ ਘਰਾਂ ਦੇ ਸਿਰਨਾਵੇਂ ?
ਤੇ ਮਲਬਾ ਬਣੇ ਸਾਕ ਸਬੰਧੀਆਂ ਦੇ ਨਕਸ਼
ਕਿੰਝ ਪਛਾਣਾਂਗੇ ? (ਇਕਬਾਲ ਰਾਮੂਵਾਲੀਆ)

ਸਮੁੰਦਰੋਂ ਪਾਰ ਦੂਜੀ ਧਰਤੀ ਦਾ ਰਹਿਣ ਵਾਲਾ
ਸ਼ਾਇਦ ਇਕ ਖੰਡਿਤ ਬਿੰਬ
.................
ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾਂ (ਅਜਮੇਰ ਰੋਡੇ)

ਅਪਣਤ ਭਰੀਆਂ ਗਲੀਆਂ, ਜੂਹਾਂ
ਆਪਣਾ ਸ਼ਹਿਰ ਤੇ ਆਪਣਾ ਦੇਸ਼ ਤਿਆਗ ਕੇ
ਆਪਣੇ ਜਜ਼ਬਾਤ ਆਪਣੀਆਂ ਖ਼ਾਹਿਸ਼ਾਂ
ਇਛਾਵਾਂ ਤੋਂ ਸ੍ਵੈ-ਇਨਕਾਰੀ ਹੋ
ਰੋਟੀ ਦੀ ਤਲਾਸ਼ ਵਿਚ ਤੁਰ ਪਿਆ ਹਾਂ। (ਸੁਰਜੀਤ ਕਲਸੀ)

ਸਾਰਿਆਂ ਕੈਦੀਆਂ ਦੀ ਵੱਖਰੀ ਵੱਖਰੀ
ਪਰ ਇਕੋ ਜਿਹੀ ਕਹਾਣੀ ਏ
ਕਿੰਵ ਅਸੀਂ ਨਾਲ ਮੁਸ਼ਕਲਾਂ
ਇਸ ਕੈਦ ਵਿਚ ਪਹੁੰਚੇ (ਸਾਧੂ)

ਸੋਚ ਲਾ ਜੋ ਉਡੀ ਸੀ ਕਲ੍ਹ ਖੇਹ
ਬੁਝਾ ਲੱਗੀ ਜੋ ਅੱਜ ਤੇਹ (ਮਿੱਤਰ ਰਾਸ਼ਾ)

ਜਿਸ ਆਰਥਿਕ ਪਿਛੋਕੜ ਵਿਚੋਂ ਕੈਨੇਡਾ ਦੇ ਬਹੁਤੇ ਕਵੀ ਆਏ ਹਨ — ਉਹ ਮੱਧ-ਸ਼੍ਰੇਣੀ ਦਾ ਭਾਈਚਾਰਾ ਹੈ — ਸਗੋਂ ਅਜਿਹੀ ਮੱਧ-ਸ਼੍ਰੇਣੀ ਜੋ ਨਿਮਨ ਪੱਧਰ ਦੀ ਹੈ — ਇਸ ਸ਼੍ਰੇਣੀ ਦਾ ਕਿਰਦਾਰ ਦੂਹਰਾ ਹੈ। ਆਰਥਿਕ ਪੱਖੋਂ ਭੰਨ ਤੋੜ ਵਿਚ ਇਸ ਸ਼੍ਰੇਣੀ ਦੇ ਵਿਅਕਤੀ ਮਜ਼ਦੂਰ ਜਮਾਤ ਵਿਚ ਰਲਣ ਦੀਆਂ ਸੰਭਾਵਨਾਵਾਂ ਵੱਧ ਰੱਖਦੇ ਹਨ ਪਰ ਇਨ੍ਹਾਂ ਦੇ ਅੰਦਰ ਦੀ ਲਾਲਸਾ ਉਪਰਲੀ ਮੱਧ-ਸ਼੍ਰੇਣੀ ਵਿਚ ਰਲਣ ਦੀ ਵੀ ਹੁੰਦੀ ਹੈ। ਇਸੇ ਕਾਰਨ ਇਹ ਪ੍ਰਗਤੀਵਾਦੀ ਵਿਚਾਰਾਂ ਦੇ ਹੋਣ ਦੇ ਨਾਲ ਨਾਲ ਰੋਮਾਂਸਵਾਦੀ ਵੀ ਹੁੰਦੇ ਹਨ। ਇਹ ਜਮਾਤੀ ਖਾਸਾ ਮੱਧ-ਸ਼੍ਰੇਣੀ ਦੇ ਕਵੀਆਂ ਦਾ ਹੈ। ਕੈਨੇਡਾ ਦੇ ਪੰਜਾਬੀ ਕਵੀ ਵੀ ਸ਼ੁਰੂ ਵਿਚ ਰੋਮਾਂਸਵਾਦੀ ਕਵਿਤਾਵਾਂ ਲਿਖਣ ਵਲ ਰੁਚਿਤ ਰਹੇ ਹਨ। ਬਦੇਸ਼ ਵਿਚ ਇਨ੍ਹਾਂ ਦਾ ਆਉਣ ਦਾ ਮਕਸਦ ਇਕ ਪਾਸੇ 'ਰੋਟੀ ਦੀ ਤਲਾਸ਼', 'ਰੋਟੀ ਸੇਕਣ ਆਉਣਾ' ਜਿਵੇਂ ਸੁਰਜੀਤ ਕਲਸੀ ਤੇ ਗੁਰਚਰਨ ਰਾਮਪੁਰੀ ਕਹਿੰਦੇ ਹਨ ਪਰ ਦੂਜੇ ਪਾਸੇ ਅਮੀਰ ਹੋਣ ਦੀ ਲਾਲਸਾ ਵੀ ਹੈ। ਸੁਖਿੰਦਰ ਦਾ ਇਹ ਕਹਿਣਾ 'ਉਹ ਕਿਸੇ ਭੁੱਖ ਦੇ ਦੁੱਖੋਂ ਦੇਸ਼ ਨਹੀਂ ਤਿਆਗਦਾ, ਇਕ ਲਾਲਚ ਦੇ ਵਸ ਹੋ ਕੇ ਦੇਸ਼ ਤਿਆਗਦਾ ਹੈ।' ਇਹ ਕਥਨ ਕਾਫ਼ੀ ਹੱਦ ਤੱਕ ਸਹੀ ਹੈ। ਜੋ ਲੋਕ ਆਪਣੀ ਜ਼ਮੀਨ ਦੇ ਇਕ ਦੋ ਕਿੱਲੇ ਗਹਿਣੇ ਧਰ ਕੇ ਇਥੇ ਪਹੁੰਚੇ ਹਨ ਉਹ ਤਾਂ ਵਾਕਏ ਹੀ 'ਰੋਟੀ ਦੇ ਮਸਲੇ' ਨੂੰ ਹੱਲ ਕਰਨ ਲਈ ਆਏ ਹਨ ਪਰ ਜੋ ਸਭ ਕੁਝ ਹੁੰਦਿਆਂ ਸੁੰਦਿਆਂ ਇਧਰ ਆਏ ਹਨ ਉਹ ਅਮੀਰ ਹੋਣ ਦੀ ਲਾਲਸਾ ਅਧੀਨ ਹੀ ਆਏ ਹਨ। ਇਸੇ ਕਾਰਨ ਜੋ ਕਵੀ ਮੱਧ-ਸ਼੍ਰੇਣੀ ਨਾਲ ਸਬੰਧਤ ਹੁੰਦੇ ਵੀ ਰਾਜਨੀਤਕ ਤੌਰ ਤੇ ਚੇਤੰਨ ਹਨ ਤੇ ਕਰਾਂਤੀਕਾਰੀ ਸ਼ਕਤੀਆਂ ਨਾਲ ਪੈਰ ਮਿਲਾ ਕੇ ਚਲਦੇ ਹਨ ਉਹ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪਰਨਾਏ ਜਾਂਦੇ ਹਨ — ਜੋ ਲਾਲਸਾ ਦੇ ਕੈਦੀ ਹਨ ਉਹ ਬੌਧਿਕਤਾ ਦੀ ਧੁੰਦ ਵਿਚ ਲਪੇਟੀ ਕਵਿਤਾ ਰਚਦੇ ਹਨ ਤੇ ਪ੍ਰਤੀਗਾਮੀ ਰੁਚੀਆਂ ਵੀ ਅਪਣਾ ਲੈਂਦੇ ਹਨ। ਰਾਜਨੀਤਕ ਤੌਰ ਤੇ ਚੇਤੰਨ ਕਵੀ ਗੁਰਚਰਨ ਰਾਮਪੁਰੀ, ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਦਰਸ਼ਨ ਗਿੱਲ, ਅਜਮੇਰ ਰੋਡੇ, ਸੁਖਿੰਦਰ, ਸਾਧੂ, ਅਮਰਜੀਤ ਸੂਫ਼ੀ, ਮੁਹਿੰਦਰ ਸੁਮਲ, ਮੱਖਣ ਟੁੱਟ, ਸੁਖਵੰਤ ਹੁੰਦਲ, ਅਮਰਜੀਤ ਚਾਹਲ, ਹਰੀਪਾਲ, ਮੰਗਾ ਸਿੰਘ ਬਾਸੀ, ਅਵਤਾਰ ਗਿੱਲ, ਲਾਟ ਭਿੰਡਰ, ਅਵਤਾਰ ਰੋਡੇ, ਅਮਰ ਸਿੰਘ ਬੈਨੀਪਾਲ ਆਦਿ ਕਵੀ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪਰਨਾਏ ਕਵੀ ਹਨ ਜਦਕਿ ਰਵਿੰਦਰ ਰਵੀ, ਚਰਨ ਸਿੰਘ ਦੀਆਂ ਕੁਝ ਕਵਿਤਾਵਾਂ ਵਿਚੋਂ ਬੇਸ਼ਕ ਪ੍ਰਗਤੀਵਾਦੀ ਵਿਚਾਰਾਂ ਦਾ ਭੁਲੇਖਾ ਵੀ ਪੈਂਦਾ ਹੈ ਪਰ ਬਹੁਤੀ ਵਾਰ ਉਹ ਬੌਧਿਕ ਧੁੰਦਲਕਾ ਅਪਣਾਉਂਦੇ ਹਨ। ਇਸ ਦੋਸ਼ ਤੋਂ ਸੁਖਿੰਦਰ ਤੇ ਅਜਮੇਰ ਰੋਡੇ ਵੀ ਮੁਕਤ ਨਹੀਂ। ਕਰਤਾਰ ਸਿੰਘ ਸ਼ਮਸ਼ੇਰ, ਗੁਰਦੇਵ ਸਿੰਘ ਮਾਨ, ਕਸ਼ਮੀਰਾ ਸਿੰਘ ਚਮਨ, ਗਿੱਲ ਮੋਰਾਂਵਾਲੀ, ਮਿੱਤਰ ਰਾਸ਼ਾ, ਮਨਜੀਤ ਮੀਤ, ਜੀਵਨ ਰਾਮਪੁਰੀ, ਦਰਸ਼ਨ ਬੈਂਸ, ਸੰਤੋਖ ਸਿੰਘ ਛੀਨਾ ਆਦਿ ਕਵੀ ਰੋਮਾਂਸਵਾਦੀ ਕਾਵਿ-ਧਾਰਾ ਦੇ ਲਖਾਇਕ ਹਨ। ਇਨ੍ਹਾਂ ਵਿਚ ਮੱਧ-ਸ਼੍ਰੇਣਿਕ ਵਿਅਕਤੀਵਾਦ ਦਾ ਪੱਲਾ ਹਮੇਸ਼ਾ ਭਾਰੂ ਦਿਸਦਾ ਹੈ।

3.

ਕੈਨੇਡਾ ਵਿਚਲੇ ਪੂੰਜੀਵਾਦੀ ਸਮਾਜ ਦੀ ਦੇਣ ਨਸਲਵਾਦੀ ਵਿਤਕਰਾ ਹੈ ਜਿਸ ਕਾਰਨ ਕੈਨੇਡਾ ਦੇ ਪੰਜਾਬੀ ਕਵੀਆਂ ਵਿਚ ਇਸ ਰੰਗ, ਨਸਲ, ਕੌਮ ਤੇ ਲਿੰਗ ਆਧਾਰਤ ਵਿਤਕਰੇ ਉਪਰ ਗੁੱਸੇ ਦਾ ਪ੍ਰਗਟਾ ਮਿਲਦਾ ਹੈ। ਜਿਥੇ ਭਾਰਤ ਵਿਚ ਜ਼ਾਤਪਾਤ, ਧਰਮ ਤੇ ਬੋਲੀ 'ਤੇ ਆਧਾਰਿਤ ਵਿਤਕਰਾ ਹੈ ਉਥੇ ਪੱਛਮੀ ਸਮਾਜ ਵਿਚ ਰੰਗ, ਨਸਲ, ਕੌਮ ਤੇ ਲਿੰਗ ਆਧਾਰਿਤ ਵਿਤਕਰਾ ਦੇਖਣ ਵਿਚ ਆਉਂਦਾ ਹੈ। ਪੂੰਜੀਵਾਦੀ ਪ੍ਰਬੰਧ ਵਿਚ ਗੋਰੇ ਕਾਲੇ ਦਾ ਵਿਤਕਰਾ, ਵੱਖੋ ਵੱਖ ਕੌਮਾਂ ਦੇ ਲੋਕਾਂ ਵਿਚ ਵਿਤਕਰਾ, ਔਰਤ ਪ੍ਰਤੀ ਹੀਣ-ਭਾਵਨਾ ਪੈਦਾ ਕਰਨ ਲਈ ਨਸਲਵਾਦੀਆਂ ਨੇ ਕੂ ਕਲਕਸ ਕਲੈਨ, ਸਕਿਨ ਹੈਂਡਜ਼ ਅਤੇ ਵੈਸਟਰਨ ਗਾਰਡਜ਼ ਵਰਗੀਆਂ ਜਥੇਬੰਦੀਆਂ ਬਣਾ ਰੱਖੀਆਂ ਹਨ ਜੋ ਦੂਜੇ ਰੰਗਾਂ ਦੇ ਲੋਕਾਂ ਪ੍ਰਤੀ ਨਫ਼ਰਤ ਫੈਲਾਉਂਦੀਆਂ ਹਨ ਅਤੇ ਪੱਛਮੀ ਦੇਸ਼ਾਂ ਨੂੰ ਚਿੱਟੇ ਲੋਕਾਂ ਦੀ ਮਲਕੀਅਤ ਸਮਝਦੀਆਂ ਹਨ। ਪੂੰਜੀਵਾਦੀ ਪ੍ਰਬੰਧ ਦੇ ਇਸ ਕੋਝੇ ਰੂਪ ਦੇ ਖੰਡਨ ਕੈਨੇਡਾ ਦੀ ਪੰਜਾਬੀ ਕਵਿਤਾ ਆਪਣੇ ਪੂਰੇ ਗੁੱਸੇ ਵਿਚ ਪ੍ਰਗਟ ਕਰਦੀ ਹੈ :

"ਹੀਣ ਭਾਵ ਦੀ ਜ਼ਹਿਰ ਰਗਾਂ ਵਿਚ ਨੱਸੇ
ਹੈਂਕੜ-ਲੈਂਦੀ ਮੂਰਖਤਾ ਦੀ
ਨਫ਼ਰਤ ਨਿੱਤ ਹੰਢਾਈਏ।" (ਗੁਰਚਰਨ ਰਾਮਪੁਰੀ)

ਅੱਜ ਜਦ ਮੇਰੇ ਮਾਮੇ/ਤੇ ਮੇਰੇ ਬਾਪੂ ਦੀ ਪੱਗ
ਵੈਨਕੂਵਰ, ਟਰਾਂਟੋ ਜਾਂ ਲੰਡਨ ਵਿਚ ਉਛਲਦੀ ਹੈ
— ਸਦਮਾ ਬਹੁਤ ਹੁੰਦਾ ਹੈ
ਸੋਚਦਾ ਹਾਂ/ਲਹੂ ਹੈ/ਕਿਉਂ ਨਹੀਂ ਖੌਲੇਗਾ?
ਲਹੂ ਹੈ/ਕਿਉਂ ਨਹੀਂ ਬੋਲੇਗਾ? (ਦਰਸ਼ਨ ਗਿੱਲ)

ਉਹ ਭੁੱਖਾ ਭੇੜੀਆ ਹੈ
ਲਾਲ-ਕਿਰਮਚੀ ਲਹੂ ਦਾ ਰੰਗ ਡੀਕ ਰਿਹਾ ਹੈ
ਤੇ ਸਾਨੂੰ ਕਾਲੀ-ਗੋਰੀ ਨਫ਼ਰਤ ਦਾ ਜ਼ਹਿਰ
ਪਿਲਾ, ਵਹਿਸ਼ੀ ਹੱਸ ਰਿਹਾ ਹੈ (ਸੁਰਜੀਤ ਕਲਸੀ)

ਮੇਰੀ ਕਾਲੀ ਚਮੜੀ ਤੱਕ ਕੇ
ਮੱਥੇ ਤਿਊੜੀ ਵਾਲਿਆ ਮਿੱਤਰਾ

## ਇਸ ਧਰਤੀ ਦੀ ਅੱਖ ਦਾ ਚਾਨਣ

—ਸੰਤੋਖ ਸਿੰਘ ਧੀਰ—

ਸੂਰਜ ਆਖਾਂ ?
ਸਾਗਰ ਆਖਾਂ ?
ਫੁੱਲ ਕਹਾਂ
ਜਾਂ ਲੋਹਾ ਆਖਾਂ ?

ਸੂਰਜ ਵੀ ਸੀ
ਸਾਗਰ ਵੀ ਸੀ
ਫੁੱਲ ਵੀ ਸੀ
ਤੇ ਲੋਹਾ ਵੀ ਸੀ
ਅਗਨੀ ਵੀ ਸੀ
ਬਾਰਿਸ਼ ਵੀ ਸੀ
ਝੱਖੜ ਵੀ ਸੀ
ਸ਼ਬਨਮ ਵੀ ਸੀ

ਸੂਰਜ ਸੀ
ਮਸਤਕ ਦਾ ਚਾਨਣ
ਸਾਗਰ ਸੀ

ਸੰਸਾਰ-ਦ੍ਰਿਸ਼ਟੀ
ਫੁੱਲ ਸੀ
ਕੋਮਲ ਤੇ ਭਾਵੁਕ ਦਿਲ
ਲੋਹਾ ਸੀ
ਮਜ਼ਬੂਤ ਇਰਾਦਾ

ਜਦ ਉਹ ਬੋਲੇ
ਝੱਖੜ ਝੁੱਲੇ
ਜਦ ਉਹ ਕਲਪੇ
ਬਾਰਿਸ਼ ਬਰਸੇ
ਜਦ ਉਹ ਜੂਝੇ
ਅਗਨੀ ਭੜਕੇ
ਜਦ ਉਹ ਟਹਿਕੇ
ਸ਼ਬਨਮ ਡਿੱਗੇ

ਸੂਰਜ ਵੀ ਸੀ
ਸਾਗਰ ਵੀ ਸੀ
ਅਗਨੀ ਵੀ ਸੀ
ਬਾਰਿਸ਼ ਵੀ ਸੀ
ਉਹ ਸੀ
ਇਸ ਧਰਤੀ ਦਾ ਪੁੱਤਰ
ਇਸ ਧਰਤੀ ਦੀ
ਅੱਖ ਦਾ ਚਾਨਣ

ਧਰਮ ਖੜਾ ਅਧਵਾਟੇ
ਅਧਰਮ ਖੜਾ ਅਧਵਾਟੇ
ਕੀ ਹੋਇਆ ਜੇ ਪਿਆਰ ਮੇਰਾ ਅਧਵਾਟੇ ?
(ਅਧਵਾਟੇ-ਅਧਵਾਟੇ..

... ... ... ...

ਮੈਂ ਖ਼ਿਆਲ ਤੇਰੇ ਨਾਲ ਹਿਲੀਆਂ
ਨਾ ਹੁਣ ਤਾਘਾਂ ਨਾ ਹੁਣ ਸੱਧਰਾਂ,
ਨਾ ਹੁਣ ਉਹ ਦੋ-ਦਿਲੀਆਂ,
ਮੈਂ ਖ਼ਿਆਲ ਤੇਰੇ ਨਾਲ ਹਿਲੀਆਂ !
(ਅਧਵਾਟੇ-ਮੈਂ ਖਿਆਲ..

... ... ...

ਹੁਣ ਭਾਵੇਂ ਬੋਲ ਨਾ ਬੋਲ ਸਜਨ
ਘੁੰਡ ਖੋਹਲ ਭਾਵੇਂ ਨਾ ਖੋਹਲ ਸਜਨ,
ਬਹਿ ਵੰਜੀਏ ਤੇਰੇ ਕੋਲ ਸਜਨ,
ਸਾਨੂੰ ਏਨੀ ਹੀ ਤੇ ਛੱਡ ਖੁਲ੍ਹ ਸੋਹਣੇ,
ਤੇਰੇ ਘੁੰਡ ਤੇ ਚਿਤਰੇ ਫੁਲ ਸੋਹਣੇ।
(ਕਸੁੰਭੜਾ-ਤੇਰੇ ਘੁੰਡ ਤੇ.

... ... ...

ਨਾ ਹੀ ਸਜਨ ਮੈਨੂੰ ਗਲ ਨਾਲ ਲਾਵੇ
ਨਾ ਹੀ ਸਸਨ ਮੈਨੂੰ ਬੂਹਿਉਂ ਉਠਾਵੇ,
ਮੈਂ ਨਾ ਰਦ ਨਾ ਮਨਜ਼ੂਰ।
(ਕਸੁੰਭੜਾ-ਗੀਤ.

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

ਮਕਾਨ ਵੇਚਣ ਜਾਂ ਖ਼ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

---

**Via Rail Tickets to U.S.A and CANADA**
**Now issued here**

ਹੁਣੇ ਬੁੱਕ ਕਰਾਓ

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

**Travel to India, Europe &**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT



*For booking conditions please call:*



## *Fourways Travel Limited*

9341 - 120 St., (Scott Rd.) Delta, B.C.

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

**Anywhere in the world.**

**Ph. (604) 584-1411**

---

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



**Bhupinder(Bob) Sihota**



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



ਮੇਰੀ ਚਮੜੀ ਦੇ ਹੇਠਾਂ ਵੀ
ਤੇਰੇ ਜਿਹਾ ਮਨੁੱਖ ਵਸਦਾ ਹੈ। (ਸੁਰਿੰਦਰ ਧੰਜਲ)

ਇਹ ਕਾਲੀਆਂ ਤੋਂ ਸੁਨਹਿਰੀ
ਹੋਈਆਂ ਲਕੀਰਾਂ ਦੇ
ਚਿੰਨਾਤਮਕ ਅੰਕੁਰ ਦਸਦੇ ਹਨ
ਹਰ ਪਲ 'ਚ
ਵਿਤਕਰੇ ਦੀ ਬੂ ਆਉਂਦੀ ਹੈ। (ਚਰਨ ਸਿੰਘ)

ਸਰੀਰ ਨਾਲ ਟਕਰਾਉਂਦੇ ਹਨ
ਜਦ ਨਸਲੀ ਹਵਾ ਦੇ ਬੁੱਲੇ
ਜੀਵਨ-ਗਤੀ ਦੇ ਰੁਕਣ ਦਾ
ਅਹਿਸਾਸ ਜੰਮਦਾ ਹੈ! (ਸਾਧੂ)

ਉਪਰੋਕਤ ਕਵੀਆਂ ਤੋਂ ਬਿਨਾਂ ਅਜਮੇਰ ਰੋਡੇ, ਅਮਰਜੀਤ ਚਾਹਲ, ਮੁਹਿੰਦਰ ਸੁਮਲ ਤੇ ਜੀਵਨ ਰਾਮਪੁਰੀ ਆਦਿ ਕਵੀਆਂ ਨੇ ਕਾਫ਼ੀ ਕਾਵਿ-ਰਚਨਾ ਇਸੇ ਵਿਸ਼ੇ ਨਾਲ ਸਬੰਧਤ ਕੀਤੀ ਹੈ। ਪਰ ਭਾਰਤੀ ਸੰਸਕਾਰਾਂ ਵਿਚ ਰਚਿਆ ਵਿਤਕਰਾ ਇਥੇ ਫੈਲੇ ਵਿਤਕਰੇ ਨਾਲੋਂ ਘੱਟ ਸੰਗੀਨ ਨਹੀਂ। ਦਲਿਤ ਸ਼੍ਰੇਣੀਆਂ ਨਾਲ ਭਾਰਤੀ ਪੰਜਾਬ ਵਿਚ ਵਿਤਕਰਾ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ ਅਤੇ ਕੈਨੇਡਾ ਵਿਚ ਪਹੁੰਚੇ ਪੰਜਾਬੀ ਆਪਸੀ ਬੋਲਚਾਲ ਸਮੇਂ ਅਜੇ ਵੀ ਇਨ੍ਹਾਂ ਸੰਸਕਾਰਾਂ ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕੇ। ਇਥੇ ਵੀ ਇਨ੍ਹਾਂ ਦਾ ਜਮਾਤੀ ਖਾਸਾ ਆਪਣੇ ਸੰਸਕਾਰਾਂ ਕਾਰਨ ਬਹੁਤਾ ਨਹੀਂ ਬਦਲਿਆ। ਇਹ ਦੋਹਰੇ ਮਾਪ-ਦੰਡ ਦਾ ਸ਼ਿਕਾਰ ਅਜੇ ਆਪ ਵੀ ਹਨ।

ਪਰ ਜਦੋਂ ਉਹ ਬੱਚੇ ਤੋਂ ਬਾਲਕ ਬਣੇਗਾ
ਅਤੇ ਬਾਲਕ ਤੋਂ ਮਨੁੱਖ
ਇਕ ਦਿਨ ਅਚਾਨਕ ਉਸਨੂੰ
ਇਹ ਸੱਚ ਪ੍ਰਗਟ ਹੋਵੇਗਾ —
ਉਸ ਨੂੰ ਤਾਂ ਕੋਈ ਜਾਣਦਾ ਈ ਨਹੀਂ
ਲੋਕ ਤਾਂ ਕੇਵਲ ਉਸ ਤੇ ਲੱਗੇ
ਲੇਬਲ ਹੀ ਜਾਣਦੇ ਹਨ (ਲੇਬਲ — ਅਜਮੇਰ ਰੋਡੇ)

ਦੋਹਰਾ ਮਾਪ-ਦੰਡ ਇਹ ਸਤਰਾਂ ਵੀ ਦੱਸਦੀਆਂ ਹਨ:

ਮੇਰਾ ਸਰਪੰਚ ਮਾਮਾ
ਜੋ 'ਰੱਖੇ ਝਿਊਰ' ਨੂੰ/ਕੁਜਾਤ ਦੱਸਦਾ ਸੀ
ਤੇ ਮੇਰਾ ਜ਼ੈਲਦਾਰ ਬਾਪੂ
'ਕਿਸ਼ਨੇ ਚੌਕੀਦਾਰ' ਨੂੰ/ਚੜ੍ਹੰਮ ਸੱਦਦਾ ਸੀ
ਅੱਜ ਮੈਂ ਸਮਝਦਾ ਹਾ/ਲਹੂ ਕਿਉਂ ਬੋਲਦਾ ਹੈ?
(ਲਹੂ ਬੋਲਦਾ ਹੈ — ਦਰਸ਼ਨ ਗਿੱਲ)

ਹਰ ਪੂੰਜੀਪਤੀ ਤੇ ਜਾਗੀਰੂ ਸਮਾਜ ਵਿਚ ਇਹ ਵਿਤਕਰਾ ਕਿਸੇ ਨਾ ਕਿਸੇ ਰੂਪ ਵਿਚ ਪਨਪਦਾ ਰਹਿੰਦਾ ਹੈ। ਸੁਖਿੰਦਰ ਨੇ ਆਪਣੇ ਲੇਖ 'ਕੈਨੇਡਾ ਦੀ ਪੰਜਾਬੀ ਕਵਿਤਾ' ਵਿਚ ਇਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਪੂੰਜੀਪਤੀ ਪ੍ਰਧਾਨ ਸਰਕਾਰਾਂ ਤੇ ਪੂੰਜੀਵਾਦੀ ਵਰਗ — ਗੋਰੇ-ਕਾਲੇ, ਆਦਮੀ-ਔਰਤ ਅਤੇ ਵੱਖ ਵੱਖ ਕੌਮਾਂ ਦੇ ਲੋਕਾਂ ਵਿਚ ਫਰਕ ਪੈਦਾ ਕਰਦੇ ਹਨ। ਪੂੰਜੀਪਤੀ, ਮਜ਼ਦੂਰ ਨੂੰ ਮਜ਼ਦੂਰ ਦੇ ਸੰਗ, ਔਰਤ ਨੂੰ ਮਰਦ ਦੇ ਸੰਗ ਅਤੇ ਇਕ ਕੌਮ ਦੇ ਬੰਦਿਆਂ ਨੂੰ ਦੂਜੇ ਕੌਮ ਦੇ ਬੰਦਿਆਂ ਸੰਗ ਲੜਾਉਂਦਾ ਹੈ ਹੈ।" ਤੇ ਉਹ ਅਮਰਜੀਤ ਸੂਫ਼ੀ ਦੀਆਂ ਇਹ ਸਤਰਾਂ ਪਰਮਾਣ ਵਜੋਂ ਪੇਸ਼ ਕਰਦਾ ਹੈ:

ਰੰਗਾਂ ਵਿਚ ਕਿਉਂ ਵੰਡ ਹੋਈਏ ਅਸੀਂ
ਇਹ ਵੰਡ ਸਾਡੀ ਏਕਤਾ ਨੂੰ ਤੋੜਦੀ
ਦੁਸ਼ਮਣਾਂ ਨੂੰ ਜੋੜਦੀ ਹੈ। (ਅਸੀਂ ਮਨੁੱਖ ਹੋਵਾਂਗੇ)

4.

ਕੈਨੇਡਾ ਦੇ ਪੰਜਾਬੀ ਕਵੀਆਂ ਨੇ ਪੱਛਮੀ ਮਸ਼ੀਨੀ ਜ਼ਿੰਦਗੀ ਦਾ ਅਨੁਭਵ ਆਪਣੇ ਪਿੰਡੇ 'ਤੇ ਹੰਢਾਇਆ ਹੈ। ਮਸ਼ੀਨੀ ਸਭਿਅਤਾ ਮਨੁੱਖੀ ਰਿਸ਼ਤਿਆਂ ਵਿਚ ਦੂਰੀ 'ਤੇ ਓਪਰੇਪਨ ਦਾ ਅਹਿਸਾਸ ਤਿੱਖਾ ਕਰਦੀ ਹੈ। ਮਨੁੱਖੀ ਚੇਤਨਾ ਵਿਚ ਭਟਕਣ ਦੇ ਅੰਸ਼ ਵੀ ਪੈਦਾ ਹੁੰਦੇ ਹਨ। ਕੰਪਿਊਟਰ ਕਲਚਰ ਇਸ ਸਮੇਂ ਆਪਣੇ ਪੂਰੇ ਜੋਬਨ ਉਤੇ ਹੈ ਅਤੇ ਇਹ ਮਜ਼ਦੂਰ-ਵਰਗ ਲਈ ਮਾਨਸਿਕ ਖਿਚੋਤਾਣ ਵੀ ਪੈਦਾ ਕਰ ਰਹੀ ਹੈ। ਇਕ ਪਾਸੇ ਮਨੁੱਖ ਪਦਾਰਥਕ ਐਸ਼ਵਰਜ ਨੂੰ ਪ੍ਰਾਪਤ ਕਰਨ ਲਈ ਕਰਮਸ਼ੀਲ ਹੈ ਦੂਜੇ ਪਾਸੇ ਆਰਥਿਕ ਮਜਬੂਰੀ ਹੈ। ਮਸ਼ੀਨੀ ਸਭਿਅਤਾ ਵਿਚ ਇਕ ਵਰਗ ਆਪਣੀਆਂ ਸਰੀਰਕ ਤੇ ਮਾਨਸਿਕ ਭੁੱਖਾਂ ਨੂੰ ਤ੍ਰਿਪਤ ਲਈ ਪ੍ਰਯਤਨਸ਼ੀਲ ਹੈ। ਦੂਜਾ ਵਰਗ ਕਿਸੇ ਆਰਥਿਕ ਭੁੱਖ ਦੇ ਦੁਖੋਂ ਨਹੀਂ ਸਗੋਂ ਪਦਾਰਥ ਦੇ ਵਾਧੇ ਲਈ ਸੰਘਰਸ਼ ਵਿਚ ਜੁਟਿਆ ਹੋਇਆ ਹੈ। ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਵਰਤਮਾਨ ਕਾਲ ਦੇ ਸੰਘਰਸ਼ ਅਤੇ ਸੰਘਰਸ਼ ਵਿਚ ਪੈਦਾ ਹੋਈ ਨਵੀਂ ਵਿਗਿਆਨਕ ਚੇਤਨਾ ਦੇ ਰੂਪ ਵਿਚ ਪ੍ਰੰਪਰਾ ਨੂੰ ਪ੍ਰੀਵਰਤਿਤ ਕਰਨ ਦੇ ਅੰਸ਼ ਸ਼ਾਮਲ ਹਨ।

ਅਲਜਬਰੇ ਦੇ ਸੂਤਰ ਨੇ ਕਿਉਂ
ਕੰਪਿਊਟਰ ਦੀ ਭਾਸ਼ਾ ਝੰਬੀ?
ਅੱਜ ਹੱਥਾਂ ਦੀ ਕਿਰਤ ਨੂੰ ਟਿੱਚਰ
ਏਸ ਮਸ਼ੀਨ ਦੀ ਵਿਥਿਆ ਲੰਬੀ! (ਦਰਸ਼ਨ ਗਿੱਲ)

ਇਹ ਪੱਛਮ ਹੈ
ਅਸੀਂ ਮਸ਼ੀਨਾਂ ਵਾਂਗ
ਘਰਰ ਘਰਰ ਕਰਦੇ ਹਾਂ (ਸੁਖਿੰਦਰ)

ਰੋਬੋਟ ਤੇ ਇਲੈਕਟਰੋਨਿਕ ਬਰੇਨ
ਕੰਪਿਊਟਰ ਦੇ ਇਸ ਯੁੱਗ ਅੰਦਰ
ਬਦਲ ਬਹੁ-ਰੂਪੀ, ਏਸ ਮਨੁੱਖ ਦੇ
ਆਪ ਮਨੁੱਖ ਨੇ ਪੈਦਾ ਕਰਕੇ
ਹਰ ਰਿਸ਼ਤੇ ਨੂੰ, ਸਦਾ ਸਦਾ ਲਈ
ਤੋੜਨ ਦੀ ਬੁਨਿਆਦ ਧਰੀ ਹੈ।
ਦਿਲ, ਦਿਮਾਗ਼, ਮਨ, ਅਹਿਸਾਸਾਂ 'ਤੇ
ਸੋਚਾਂ ਦੇ ਵਿਚ ਜ਼ਹਿਰ ਭਰੀ ਹੈ। (ਰਵੀ)

ਮਸ਼ੀਨ ਦੇ ਬੰਦੇ ਨੂੰ ਨੋਟਿਸ ਭੇਜਿਆ ਹੈ
ਤੂੰ ਮੈਨੂੰ ਚਲਾਵੇਂਗਾ
ਜਾਂ ਮੈਂ ਤੈਨੂੰ ਚਲਾਵਾਂ (ਅਜਮੇਰ ਰੋਡੇ)

ਮਸ਼ੀਨਾਂ ਨੇ ਜ਼ਿੰਦਗੀ ਨੂੰ ਸੁਵਿਧਾਵਾਂ ਵੀ ਦਿਤੀਆਂ ਹਨ ਪਰ ਇਕ ਮਾਨਸਿਕ ਤਣਾਓ ਦੀ ਅਵਸਥਾ ਵੀ ਖੜ੍ਹੀ ਕਰ ਦਿੱਤੀ ਹੈ। ਮਸ਼ੀਨੀ ਯੁੱਗ ਵਿਚ ਮਨੁੱਖ ਦਾ ਮਨੁੱਖ ਨਾਲ ਵਰਤਾਰਾ ਮੈਕਾਂਕੀ ਹੋ ਕੇ ਰਹਿ ਗਿਆ ਹੈ।

"ਹੁਨਰ ਨਾ ਰੋਟੀ
ਕਲਾ ਨਾ ਪਾਣੀ
ਸ਼ੋਰ ਮਸ਼ੀਨੀਂ
ਰਗ ਰਗ ਥਾਣੀਂ। (ਉਲਝਣ — ਦਰਸ਼ਨ ਗਿੱਲ)

'ਖਲਾਅ ਵਿਚ ਤਾਰੀਆਂ ਲਾ ਕੇ
ਕਿਥੇ ਪਹੁੰਚਾਂਗੇ ਆਖਰ
ਕਿਹੜੀ ਮੰਜ਼ਿਲ ਹੈ?" (ਸਪੇਸ ਸ਼ਟਲ — ਸੁਖਿੰਦਰ)

ਅਜਮੇਰ ਰੋਡੇ, ਸੁਰਜੀਤ ਕਲਸੀ, ਰਵਿੰਦਰ ਰਵੀ, ਗੁਰਦਿਆਲ ਕੰਵਲ ਦੀਆਂ ਨਜ਼ਮਾਂ ਵਿਚ ਇਸ ਵਿਗਿਆਨਕ ਚੇਤਨਾ ਦਾ ਪ੍ਰਗਟਾਵਾ ਭਲੀਭਾਂਤ ਪ੍ਰਗਟ ਹੈ।

5.

ਕੈਨੇਡਾ ਦੇ ਪੰਜਾਬੀ ਕਵੀਆਂ ਨੇ ਆਪਣੀ ਕਾਵਿ-ਉਡਾਰੀ ਨੂੰ ਕੇਵਲ ਕੈਨੇਡਾ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਕੌਮਾਂਤਰੀ ਮਸਲਿਆਂ ਵੱਲ ਧਿਆਨ ਦੇ ਕੇ ਆਪਣੀ ਰਾਜਨੀਤਕ ਚੇਤਨਤਾ ਦਾ ਪ੍ਰਗਟਾਵਾ ਵੀ ਕੀਤਾ ਹੈ। ਗੁਰਚਰਨ ਰਾਮਪੁਰੀ, ਰਵਿੰਦਰ ਰਵੀ, ਸਾਧੂ, ਅਜਮੇਰ ਰੋਡੇ, ਸੁਰਜੀਤ ਕਲਸੀ, ਦਰਸ਼ਨ ਗਿੱਲ, ਸੁਖਿੰਦਰ, ਅਮਰਜੀਤ ਸੂਫ਼ੀ, ਆਦਿ ਨੇ ਵਿਸ਼ਵ-ਵਿਆਪੀ ਮਸਲਿਆਂ ਉਤੇ ਨਜ਼ਮਾਂ ਵੀ ਲਿਖੀਆਂ ਹਨ।

ਗੁਰਚਰਨ ਰਾਮਪੁਰੀ ਨੇ ਤਾਂ ਆਪਣੀ ਕਵਿਤਾ ਦਾ ਆਗਾਜ਼ ਹੀ ਅਮਨ ਕਾਨਫਰੰਸਾਂ ਤੋਂ ਕੀਤਾ। ਰਾਮਪੁਰੀ ਅਨੁਸਾਰ 'ਇਹ ਸਿਰਫ ਖੱਬੇ-ਪੱਖੀ ਆਦਰਸ਼ਵਾਦੀ ਖ਼ੁਮਾਰੀ ਹੀ ਨਹੀਂ ਸੀ। ... ਮੇਰੀ ਸਾਹਿਤਕ, ਕਲਾਤਮਕ ਤੇ ਰਾਜਸੀ ਸੂਝ, ਇਨ੍ਹਾਂ ਕਾਨਫਰੰਸਾਂ ਵਿਚ ਹੀ ਨਿੱਖਰੀ।' (ਕੰਚਨੀ — ਪੰਨਾ 10) ਰਾਮਪੁਰੀ ਨੇ 'ਨੌਜਵਾਨ ਫਲਸਤੀਨੀ ਗੁਰੀਲਾ', 'ਚੈਕੋਸਲਵਾਕੀਆ', 'ਵੀਅਤਨਾਮ', 'ਲਮੂੰਬਾ', 'ਚੀ ਗਵਾਰਾ', 'ਕੋਰੀਆ', 'ਏਸ਼ੀਆ ਦੀ ਸਾਂਝ', 'ਅਮਨ ਦਾ ਗੀਤ', 'ਘੁੱਗੀ ਸੁਹਦੀ ਫਰੇਰੇ 'ਤੇ', 'ਜਲ੍ਹਿਆਂਵਾਲਾ ਅਮਨ ਦੀ ਆਵਾਜ਼ ਹੈ' ਆਦਿ ਅਨੇਕਾਂ ਕਵਿਤਾਵਾਂ ਲਿਖੀਆਂ ਹਨ।

'ਲਮੂੰਬਾ, ਭਗਤ ਸਿੰਘ, ਬਿਸਮਿਲ, ਜਮੀਲਾ ਦੇ ਲਹੂ ਵਿਚ
ਹੱਥ ਰੰਗੇ ਹਨ,
ਉਹੀ ਚਿੱਟੇ ਸ਼ਿਕਾਰੀ ਨੇ ਜਿਨ੍ਹਾਂ ਧਰਤੀ ਦੇ ਹਰ ਕੋਨੇ
ਅਨੇਕਾਂ ਜਲ੍ਹਿਆਂ ਵਾਲੇ ਉਗਾਏ ਹਨ।
ਇਨ੍ਹਾਂ ਉਹ ਫੱਟ ਲਾਏ ਜੋਕਿ ਹੁਣ ਨਾਸੂਰ ਬਣ ਚੁੱਕੇ
ਕਿਤੇ ਪੰਜਾਬ, ਵੀਅਤਨਾਮ, ਕਿਧਰੇ ਕੋਰੀਆ ਰਿਸਦਾ
ਹੈ ਅਫ਼ਰੀਕਾ ਲਹੂ ਰੋਂਦਾ
ਤੇ ਮੈਂ ਮਾਨੁੱਖਤਾ ਦਾ ਅੰਗ ਉਹ ਜਿਸ ਦਾ ਹੈ ਨਾਂ ਥੋਹਿਆ ਗਿਰਾਂ ਥੋਹਿਆ।"
(ਕੰਚਨੀ — ਪੰਨਾ 27)

ਪ੍ਰਮਾਣੂ ਹਥਿਆਰਾਂ ਦੀ ਦੌੜ ਨੇ ਮਾਨੁੱਖਤਾ ਨੂੰ ਵਿਆਕੁਲ ਕੀਤਾ ਹੋਇਆ ਹੈ। ਉਤਰੀ ਅਮਰੀਕਾ, ਯੂਰਪ, ਏਸ਼ੀਆ, ਅਫ਼ਰੀਕਾ ਹਰ ਥਾਂ ਲੱਖਾਂ ਲੋਕੀਂ ਮੁਜ਼ਾਹਰੇ ਕਰਕੇ ਅਮਨ ਦੀ ਆਵਾਜ਼ ਉਚੀ ਕਰ ਰਹੇ ਹਨ।

'ਅੰਬਰ ਦੇ ਇਸ ਚੰਦੋਏ 'ਤੇ ਵੰਡੀਆਂ ਦੀ ਸੂਚਕ
ਕੁਈ ਵੀ ਤਾਂ ਲੀਕ ਨਹੀਂ ਹੈ,
ਇਕ ਵਿਸ਼ਵ-ਰਾਜ ਵਾਲੀ ਸੋਅ ਮਧੁਰ ਆ ਰਹੀ ਹੈ।' (ਕੰਚਨੀ — ਪੰਨਾ 66)

ਮੇਰੀ ਅੱਗ ਨੂੰ/ਗਿਆ ਵਿਚ ਬਾਰੂਦ ਬਦਲਿਆ
ਵੀਅਤਨਾਮ, ਕੋਰੀਆ/ਐਲਸੈਲਵੇਡੋਰ 'ਚ ਏਨੀ ਅੱਗ ਵਰਸਾਈ
ਮੈਂ ਠਰਦਾ ਸੂਰਜ ਹਾਂ! (ਦਰਸ਼ਨ ਗਿੱਲ)

ਲਿਬਨਾਨ, ਈਥੋਪੀਆ, ਅਫ਼ਰੀਕਾ, ਰੋਡੇਸ਼ੀਆ
ਧਰਤੀ ਦੇ ਚੱਪੇ ਚੱਪੇ ਤੇ
ਮੈਂ ਸ਼ਬਦ 'ਕਤਲ' ਚੀਕਦਾ ਹਾਂ (ਸੁਖਿੰਦਰ)

ਅਮਰਜੀਤ ਸੂਫ਼ੀ ਨੇ 'ਜਿੱਤ ਵੀਅਤਨਾਮ ਦੀ', 'ਹੋਚੀਮਿਨ੍ਹ', 'ਅੰਗੋਲਾ', ਆਦਿ ਕਵਿਤਾਵਾਂ ਵਿਚ ਆਜ਼ਾਦੀ ਲਈ ਜੂਝੇ ਅਵਾਮ ਨਾਲ ਇਕਸੁਰ ਹੋਣ ਦਾ ਯਤਨ ਕੀਤਾ ਹੈ। ਰਵਿੰਦਰ ਰਵੀ ਨੇ ਵਾਰਤਕ ਕਿਸਮ ਦੀ ਕਵਿਤਾ ਵਿਚ ਪ੍ਰਮਾਣੂ ਦੌੜ, ਜਨ-ਸੰਖਿਆ ਵਿਸਫੋਟ, ਅਮਨ ਆਦਿ ਵਿਸ਼ਿਆਂ ਉਤੇ ਲਿਖਿਆ ਹੈ:

ਟੱਕਰ ਵਿਚ ਬੱਝੇ ਵਾਤਾਵਰਣ ਵਿਚ
ਨਾ ਸੰਘਰਸ਼ ਦੀ ਲਾਲਸਾ ਮਰਦੀ,
ਨਾ ਸ਼ਾਂਤੀ ਦੀ ਇੱਛਾ!

ਸੰਸਾਰ ਵਿਚ ਇਸ ਸਮੇਂ ਅਮਰੀਕੀ ਸਾਮਰਾਜ ਵਿਰੁਧ ਜੋ ਤੂਫ਼ਾਨ ਉਠ ਖਲੋਤਾ ਹੈ — ਕੈਨੇਡਾ ਦੀ ਪੰਜਾਬੀ ਕਵਿਤਾ ਵੀ ਸਾਮਰਾਜੀ ਸ਼ਕਤੀਆਂ ਦੇ ਵਿਰੋਧ ਵਿਚ ਆਪਣਾ ਯੋਗਦਾਨ ਪਾਉਣ ਵਿਚ ਪਿਛੇ ਨਹੀਂ ਰਹੀ। ਦੱਖਣੀ ਅਫ਼ਰੀਕਾ ਵਿਚ ਚਲ ਰਹੇ ਸੰਘਰਸ਼ ਨੂੰ ਵੀ ਇਸ ਕਵਿਤਾ ਨੇ ਭਰਪੂਰ ਹੁੰਗਾਰਾ ਦਿੱਤਾ ਹੈ। ਬਾਕੀ ਪੰਨਾ 23 ਤੇ

## ਲੋਹ ਆਸ਼ਕ

**ਜਰਨੈਲ ਸਿੰਘ**

ਲੋਹ ਨਗਰ ਵਿਚ
ਮੇਰੇ ਇਰਦ ਗਿਰਦ
ਉੱਪਰ ਹੇਠ
ਲੋਹਾ ਦੌੜਦਾ ਹੈ
ਹਰ ਸੁਬਾਹ, ਹਰ ਸ਼ਾਮ
ਮੈਂ ਲੋਹੇ ਦੇ ਹਥਾਂ ਵਿਚ
ਸ਼ਤਰੰਜ ਦਾ ਮੋਹਰਾ ਬਣਕੇ
ਰਹਿ ਜਾਂਦਾ ਹਾਂ।
ਮੈਂ 'ਆਰਕਟਿਕ ਸਰਕਲ' ਦਾ
''ਐਸਕੀਮੋ' ਹੋਵਾਂ
ਜਾਂ ਹਿਮਾਲੀਆ ਦਾ
'ਸਨੋ ਮੈਨ'
ਲੋਹੇ ਦੀ ਮੌਤ ਰੂਪੀ ਚਰਖੜੀ
ਮੇਰੀਆਂ ਅੱਖਾਂ ਸਾਂਹਵੇਂ
ਘੁੰਮਦੀ ਹੈ।
ਲੋਹ ਨਗਰ ਦੀ
ਲੋਹ ਭੱਠੀ ਵਿਚ
ਮੈਂ ਲੋਹੇ ਦੇ ਸੰਗ
ਨਿੱਤ ਢੱਲਦਾ ਹਾਂ।
ਸਾਗਰ ਦੀ ਕੂਲੀ ਹਿੱਕ ਤੇ
ਗਗਨਾਂ ਦੀ ਵਾਯੂ ਉੱਤੇ
ਜਦ ਲੱਖਾਂ-ਟਨ
ਲੋਹਾ ਤਰਦਾ ਹੈ
ਤਾਂ ਹੱਥ ਵਿਚ ਆਪਣਾ
ਦੀਵਾ ਫੜੀ
ਅਲਾਦੀਨ ਸ਼ਰਮ ਨਾਲ
ਡੁੱਬ ਮਰਦਾ ਹੈ।
ਮੇਰੇ ਹਮ-ਜਿਨਸੋ!
ਮੇਰੇ ਅੰਦਰੋਂ
ਲਹੂ-ਮਾਸ ਦਾ
ਇਨਸਾਨ ਲੱਭਣ ਦੀ
ਨਿਸਫਲ ਕੋਸ਼ਿਸ਼ ਨ ਕਰੋ
ਲੋਹ ਨਗਰ ਵਿਚ
ਲੋਹੇ ਦਾ ਆਸ਼ਕ
ਮੈਂ ਤਾਂ
ਇਕ 'ਰੋਬੋਟ' ਹਾਂ।
(Vancouver, B. C.)

## ਸਟਰੀਟ ਗਰਲ

ਉਸਨੇ ਮੈਨੂੰ ਪੁੱਛਿਆ,
'ਤੇਰੇ ਕੋਲ ਕੀ ਹੈ?'
'ਭਰੀ ਹੋਈ ਜੇਬ'
ਮੈਂ ਜਵਾਬ ਦਿੱਤਾ।
ਮੈਂ ਪੁੱਛਿਆ
"ਤੇਰੇ ਕੋਲ ਕੀ ਹੈ?"
''ਸ਼ਬਦ ਹੀਣ ਜ਼ਿੰਦਗੀ''
ਉਸ ਨੇ ਕਿਹਾ
ਤੇ ਮੈਨੂੰ ਲੱਗਿਆ, ਮੇਰੀ ਜ਼ਿੰਦਗੀ
ਜੇਬ ਤੋਂ ਹੌਲੀ ਹੋ ਗਈ ਹੈ।

## ਆਪਣੇ ਲੋਕਾਂ ਦੀ ਗੱਲ

ਇਥੇ ਜਿਨ੍ਹਾਂ ਦੀ ਮੈਂ ਗੱਲ ਕਰਦਾ ਹਾਂ
ਉਹ ਹਮੇਸ਼ਾ
ਦਿਨਾਂ ਨੂੰ ਡਾਲਰਾਂ ਨਾਲ ਤਕਸੀਮ ਕਰਕੇ
ਬੜੇ ਖੁਸ਼ ਹੋ ਜਾਂਦੇ ਹਨ
ਪਰ ਉਹ
ਦਿਨਾਂ ਨਾਲ ਤਕਸੀਮ ਹੋਈ
ਜ਼ਿੰਦਗੀ ਵਾਰੇ ਕਦੇ ਨਹੀਂ ਸੋਚਦੇ।

—ਹਰੀਪਾਲ

ਮੇਰੇ ਦੇਸ ਦੇ ਬੰਦੀਵਾਨੋ ਧੰਮੀ ਵੇਲਾ ਹੋਇਆ ਜੇ
ਜ਼ੁਲਮ ਦੀ ਕੰਧ ਹੁਣ ਉਲਰ ਪਈ ਜੇ ਲਾਵੋ ਥੋੜਾ ਜਿਹਾ ਜ਼ੋਰ

# ਵਿਸ਼ੇਸ਼ ਸਪਲੀਮੈਂਟ

## ਗੁਫਤਗੂ
# ਸੋਹਣੀ ਦੇ ਸ਼ਹਿਰ ਦਾ ਲੇਖਕ .ਫਖਰ ਜ਼ਮਾਨ

ਗੁਰਚਰਨ ਰਾਮਪੁਰੀ

(ਪਹਿਲੀ ਆਲਮੀ ਪੰਜਾਬੀ ਕਾਨਫਰੰਸ ਲਾਹੌਰ ਦੇ ਕਨਵੀਨਰ ਉਘੇ ਪਾਕਿਸਤਾਨੀ ਲੇਖਕ ਜਨਾਬ ਫ਼ਖਰ ਜ਼ਮਾਨ ਸਾਹਿਬ ਅੱਜ ਕੱਲ ਵੈਨਕੂਵਰ ਆਏ ਹੋਏ ਹਨ। ਉਹ ਸੋਹਣੀ ਦੇ ਸ਼ਹਿਰ ਗੁਜਰਾਤ ਦੇ ਜੰਮਪਲ ਹਨ। ਹੁਣ ਉਹ ਪੱਕੇ ਤੌਰ ਤੇ ਲਾਹੌਰ ਰਹਿੰਦੇ ਹਨ। ਗੁਰਚਰਨ ਰਾਮਪੁਰੀ ਹੋਰਾਂ ਨਾਲ ਉਨ੍ਹਾਂ ਦੀ ਹੇਠ ਲਿਖੀ ਗਲਬਾਤ ਹੋਈ — ਸੰਪਾਦਿਕ)

**ਗੁਰਚਰਨ :** ਵੈਨਕੂਵਰ ਆਣ ਉਤੇ ਏਥੋਂ ਦੇ ਲੋਕਾਂ ਵਲੋਂ ਮੈਂ ਆਪਨੂੰ ਜੀਅ ਆਇਆਂ ਕਹਿੰਦਾ ਹਾਂ। ਬੜੀ ਖੁਸ਼ੀ ਹੋਈ ਹੈ ਕਿ ਤੁਸੀਂ ਵਤਨ ਤੋਂ ਕੈਨੇਡੀਅਨ ਪੰਜਾਬੀ ਲੇਖਕ ਕਾਨਫਰੰਸ ਵਿਚ ਸ਼ਾਮਿਲ ਹੋਣ ਆਏ ਹੋ। ਕੀ ਤੁਹਾਡੇ ਜੀਵਨ ਅਤੇ ਲੇਖਣੀ ਬਾਰੇ ਕੁਝ ਸਵਾਲ ਮੈਂ ਆਪ ਤੋਂ ਪੁੱਛ ਸਕਦਾ ਹਾਂ ?

**ਫ਼ਖਰ :** ਜ਼ਰੂਰ। ਮੈਨੂੰ ਖੁਸ਼ੀ ਹੋਵੇਗੀ।

**ਗੁਰਚਰਨ :** ਤੁਸੀਂ ਸਿਆਸਤਦਾਨ ਵੀ ਹੋ ਅਤੇ ਸਾਹਿਤਕਾਰ ਵੀ। ਇਹਨਾਂ ਦੋਹਾਂ 'ਚੋਂ ਤੁਸੀਂ ਕਿਸ ਨੂੰ ਪਹਿਲ ਦਿੰਦੇ ਹੋ ?

**ਫ਼ਖਰ :** ਰਾਮਪੁਰੀ ਸਾਹਿਬ! ਅਸਲ ਵਿਚ ਗੱਲ ਇਹ ਹੈ ਕਿ ਮੈਂ ਅਦਬ ਅਤੇ ਸਿਆਸਤ ਨੂੰ ਵੱਖੋ ਵੱਖ ਨਹੀਂ ਸਮਝਦਾ। ਜਿਹੜਾ ਵੀ ਕੋਈ ਸੁਚੇਤ ਸਾਹਿਤਕਾਰ ਹੈ ਉਹ ਆਪਣੇ ਆਪ ਨੂੰ ਸਿਆਸਤ ਤੋਂ ਵੱਖ ਨਹੀਂ ਰੱਖ ਸਕਦਾ। ਮੈਨੂੰ ਟਾਮਸ ਮਾਨ ਦੀ ਗੱਲ ਯਾਦ ਆਂਦੀ ਹੈ : ਉਹ ਕਹਿੰਦਾ ਹੈ : (Politics is the destiny of Literature) ਸਾਹਿਤ ਦੀ ਤਕਦੀਰ ਸਿਆਸਤ ਹੈ। ਤੀਜੀ ਦੁਨੀਆਂ ਵਿਚ ਭਾਵੇਂ ਉਹ ਦੱਖਣੀ ਅਮਰੀਕਾ ਦਾ ਹੋਵੇ, ਅਫਰੀਕਾ ਜਾਂ ਦੱਖਣੀ ਏਸ਼ੀਆ ਦਾ, ਈਮਾਨਦਾਰ, ਸੱਚਾ, ਬਾਜ਼ਮੀਰ ਤੇ ਖਰਾ ਲੇਖਕ ਸਿਆਸਤ ਤੋਂ ਆਪਣੇ ਆਪ ਨੂੰ ਵੱਖ ਨਹੀਂ ਰੱਖ ਸਕਦਾ। ਮਿਸਾਲ ਵਜੋਂ ਸਪੇਨ ਦੀ ਲਹਿਰ ਵਿਚ ਪਾਬਲੋ ਨਰੂਦਾ, ਲੋਰਕਾ ਜਹੇ ਬੰਦਿਆਂ ਨੇ ਸਿਆਸਤ ਵਿਚ ਹਿਸਾ ਲਿਆ। ਹੰਗਰੀ ਵਿਚ ਪਟੋਫੀ ਅਤੇ ਤੁਰਕੀ ਵਿਚ ਨਾਜ਼ਿਮ ਹਿਕਮਤ ਦੀ ਕਹਾਣੀ ਵੀ ਇਹੋ ਹੈ। ਸਾਊਥ ਕੋਰੀਆ ਦਾ ਲੋਕ ਹਿਤੂ ਕਵੀ ਦੀ ਮਿਨ ਕਹਿੰਦਾ ਹੈ : ਕਵਿਤਾ ਤਾਰੀਖ ਦਾ ਗੀਤ ਹੈ। ਪਾਕਿਸਤਾਨ ਵਿਚ ਵੀ ਬਹੁਤ ਲੰਮੇ ਸਮੇਂ ਤੋਂ ਜੋ ਹਾਲਤ ਹੈ ਉਹਦੇ ਵਿਚ ਕੋਈ ਅਦੀਬ ਜੇ ਇਹ ਕਹੇ ਕਿ ਮੈਂ ਇੱਕ ਉਚੇ ਬੁਰਜ ਵਿਚ ਬੈਠ ਕੇ, ਆਪਣੇ ਆਪ ਨੂੰ ਲੋਕਾਈ ਕੋਲੋਂ ਵੱਖ ਰੱਖ ਕੇ ਕੁਝ ਲਿਖ ਸਕਦਾ ਹਾਂ, ਮੈਂ ਅਜਿਹੇ ਬੰਦੇ ਨੂੰ ਅਦੀਬ ਮੰਨਣ ਤੋਂ ਇਨਕਾਰੀ ਹਾਂ। ਮੈਂ ਆਪਣੇ ਆਪ ਦੀ ਵੀ ਵੰਡ ਨਹੀਂ ਕਰ ਸਕਦਾ ਕਿ ਅਹਿ ਸਿਆਸਤਦਾਨ ਹੈ ਅਤੇ ਅਹਿ ਸਾਹਿਤਕਾਰ। ਚੰਗੀ ਸਿਆਸਤ ਲਈ ਚੰਗੇ ਅਦੀਬ ਦੀ ਈਮਾਨਦਾਰ ਸੋਚ ਬੜੀ ਜ਼ਰੂਰੀ ਹੈ।

? ਤੁਸੀਂ ਲਿਖਣਾ ਕਦੋਂ ਤੋਂ ਸ਼ੁਰੂ ਕੀਤਾ ਹੈ ?

— ਜਦੋਂ ਮੈਂ ਸਠਵਿਆਂ ਦੇ ਪਹਿਲੇ ਅੱਧ ਸਮੇਂ ਕਾਲਿਜ ਵਿਚ ਪੜ੍ਹਦਾ ਸਾਂ ਤਾਂ ਮੈਂ ਉਰਦੂ ਸ਼ਾਇਰੀ ਕਰਦਾ ਸਾਂ ਅਤੇ ਛੋਟਾ ਮੋਟਾ ਅਫਸਾਨਾ ਲਿਖਦਾ ਸਾਂ। ਯੂਨੀਵਰਸਿਟੀ ਵਿਚ ਪੜ੍ਹਨ ਸਮੇਂ ਲਿਖਣ ਲਈ ਸਮਾਂ ਨਹੀਂ ਸੀ ਮਿਲਦਾ, ਕਿੰਨਾ ਚਿਰ ਮੈਂ ਵਕਤ ਦੇ ਘਾਟੇ ਪਾਰੋਂ ਕੁਝ ਨਾ ਲਿਖਿਆ। ਫਿਰ ਵਕਾਲਤ ਕਰਨ ਸਮੇਂ ਕੁਝ ਅੰਗਰੇਜ਼ੀ ਲੇਖ ਲਿਖੇ ਪਰ ਮੈਂ ਉਨ੍ਹਾਂ ਲਿਖਤਾਂ ਨੂੰ ਸਾਹਿਤ ਨਹੀਂ ਸਮਝਦਾ।

ਫਿਰ ਮੇਰੀ ਸਭ ਤੋਂ ਪਹਿਲੀ ਕਿਤਾਬ ਉਰਦੂ ਸ਼ਾਇਰੀ ਦਾ ਸੰਗ੍ਰਹਿ 'ਜ਼ਹਿਰਾਬ' 1970 ਵਿਚ ਛਪੀ। ਫਿਰ ਇਕ ਵਾਰ ਪਾਕਿਸਤਾਨ ਰੇਡੀਓ ਵਿਚ ਕੰਮ ਕਰਦੇ ਮੇਰੇ ਮਿੱਤਰ ਨੇ ਮੈਨੂੰ ਕਿਹਾ ਕਿ ਰੇਡੀਓ ਲਈ ਇਕ ਪੰਜਾਬੀ ਡਰਾਮਾ ਲਿਖੋ। ਮੈਂ ਪੰਜਾਬੀ ਵਿਚ ਕਦੇ ਕੁਝ ਨਹੀਂ ਸੀ ਲਿਖਿਆ। ਸਿਰਫ ਪੰਜਾਬੀ ਕਵਿਤਾ ਪੜ੍ਹਦਾ ਹੁੰਦਾ ਸਾਂ। ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਮੇਰੇ ਦਿਲ ਪਸੰਦ ਸ਼ਾਇਰ ਸਨ। ਸੋ ਮਿੱਤਰ ਦੇ ਕਹਿਣ ਉਤੇ ਮੈਂ ਡਰਾਮਾ ਲਿਖਿਆ 'ਅੱਖੀਆਂ ਦੀ ਲੋਅ'। ਜਦ ਉਹ ਡਰਾਮਾ ਬੜਾ ਚੰਗਾ ਪ੍ਰੋਡਿਊਸ ਹੋਇਆ। ਪਰ ਵੱਡੀ ਗੱਲ ਇਹ ਹੋਈ ਕਿ ਉਹ ਡਰਾਮਾ ਲਿਖ ਕੇ ਮੈਨੂੰ ਬਹੁਤ ਵੱਡੀ ਅੰਦਰੂਨੀ ਤਸੱਲੀ ਮਿਲੀ ਅਤੇ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਫਿਰ ਮੈਂ ਕੁਝ ਹੋਰ ਪੰਜਾਬੀ ਡਰਾਮੇ ਲਿਖੇ। ਫਿਰ 1973-74 ਦੇ ਨੇੜੇ ਉਹ ਡਰਾਮੇ 'ਚਿੜੀਆਂ ਦਾ ਚੰਬਾ' ਨਾਂ ਦੀ ਮੇਰੀ ਪਹਿਲੀ ਪੰਜਾਬੀ ਕਿਤਾਬ ਵਿਚ ਛਪੇ। ਫਿਰ ਮੇਰਾ ਨਾਵਲ 'ਸੱਤ ਗੁਆਚੇ ਲੋਕ' ਇਕ 'ਮਰੇ ਬੰਦੇ ਦੀ ਕਹਾਣੀ' ਮੇਰੇ ਕਾਵਿ-ਸੰਗ੍ਰਹਿ 'ਕਨਸੋਅ ਵੇਲੇ ਦੀ' ਅਤੇ ਵੰਗਾਰ (1977-78) ਵਿਚ ਛਪੇ। ਇਕ ਉਰਦੂ ਗ਼ਜ਼ਲਾਂ ਦੀ ਕਿਤਾਬ 'ਰਾਸਤੇ ਕੀ ਧੂਲ' (1978 ਵਿਚ) ਛਪਿਆ। ਇਕ ਕਿਤਾਬ ਮੈਂ ਅੰਗਰੇਜ਼ੀ ਵਿਚ ਭੁੱਟੋ ਸਾਹਿਬ ਵੇਲੇ ਪਾਕਿਸਤਾਨ ਦੀ ਖਾਰਜਾ ਪਾਲਿਸੀ (Foreign Policy) ਦੇ ਹਵਾਲੇ ਨਾਲ ਇਕ ਕਿਤਾਬ Z—A—Bhutto — A Political Thinker [1974] ਲਿਖੀ। ਇਕ ਹੋਰ ਕਿਤਾਬ ਲਿਖੀ : Pakistani Writers — An Empirical Study into



their problems ਲਿਖੀ ਜਿਸ ਵਿਚ ਲੇਖਕਾਂ ਦੀਆਂ ਮੁਸ਼ਕਿਲਾਂ ਉਤੇ ਚਾਨਣਾ ਪਾਇਆ ਗਿਆ। 1977 ਵਿਚ ਫੌਜੀ ਰਾਜ ਪਲਟਾ ਹੋ ਗਿਆ।

ਜਦੋਂ 5 ਜੁਲਾਈ 1977 ਨੂੰ ਫੌਜ ਨੇ ਰਾਜ ਸੰਭਾਲਿਆ ਤਾਂ ਤੁਰਤ ਸਰਕਾਰ ਨੇ ਮੇਰੇ ਡਰਾਮੇ ਅਤੇ ਮੇਰੀਆਂ ਹੋਰ ਲਿਖਤਾਂ ਰੇਡੀਓ ਅਤੇ ਟੀ. ਵੀ. ਪਾਕਿਸਤਾਨ ਉਤੇ ਨਸ਼ਰ ਕਰਨ ਉਤੇ ਪਾਬੰਦੀ ਲਾ ਦਿੱਤੀ। ਮੈਂ ਪਿਛਲੇ ਚਾਰ ਪੰਜ ਸਾਲ ਤੋਂ ਲਗਾਤਾਰ ਕੁੱਝ ਸਾਹਿਤਕ ਪ੍ਰੋਗਰਾਮ ਕਰਦਾ ਸਾਂ, ਉਸ ਸਭ ਕੁਝ ਬੰਦ ਕਰ ਦਿੱਤਾ ਗਿਆ।

1978 ਵਿਚ ਮੇਰੀਆਂ ਪੰਜਾਬੀ ਪੁਸਤਕਾਂ (ਦੋ ਨਾਵਲ, ਦੋ ਕਾਵਿ ਸੰਗ੍ਰਹਿ) ਉਤੇ ਫੌਜੀ ਹਕੂਮਤ ਨੇ ਪਾਬੰਦੀ ਲਾ ਦਿੱਤੀ। ਤਾਂ ਮੈਂ ਤੁਰਤ ਲਾਹੌਰ ਹਾਈ ਕੋਰਟ ਵਿਚ ਰਿਟ ਪਟੀਸ਼ਨ ਕਰ ਦਿੱਤੀ। ਉਹ ਮੁਕੱਦਮਾ ਅਜੇ ਤੱਕ ਚਲ ਰਿਹਾ ਹੈ। ਸਰਕਾਰੀ ਵਕੀਲ ਹਰ ਪੇਸ਼ੀ ਉਤੇ ਇਹ ਕਹਿ ਕੇ ਤਾਰੀਖ ਅਗੇ ਪੁਆ ਲੈਂਦਾ ਹੈ ਕਿ ਮੈਂ ਅਜੇ ਤਿਆਰੀ ਨਹੀਂ ਕਰ ਸਕਿਆ ਦਸ ਸਾਲ ਹੋ ਗਏ ਹਨ, ਸਰਕਾਰ ਦੀ ਤਿਆਰੀ ਨਹੀਂ ਹੋਈ। ਉਹ ਰਿਟ ਪਟੀਸ਼ਨ ਇਕ ਬੜਾ ਅਹਿਮ ਦਸਤਾਵੇਜ਼ (Document) ਹੈ, ਜੋ ਕੁਝ ਦੋਸਤਾਂ ਨੇ ਮਿਲਕੇ ਲਿਖਿਆ ਹੈ। ਉਸ ਵਿਚ ਦੱਸਿਆ ਗਿਆ ਹੈ ਕਿ ਜੇ ਕੋਈ ਕਿਤਾਬ ਪਾਕਿਸਤਾਨ ਦੀਆਂ ਕੌਮੀ ਜ਼ਬਾਨਾਂ ਪੰਜਾਬੀ, ਸਿੰਧੀ, ਬਲੋਚੀ ਜਾਂ ਪਸ਼ਤੋ ਵਿਚ ਲਿਖੀ ਜਾਏ ਤਾਂ ਉਸ ਉਤੇ ਕਿਉਂ ਪਾਬੰਦੀ ਲਾਈ ਜਾਂਦੀ ਹੈ। ਦੂਜੀਆਂ ਕਿਤਾਬਾਂ ਉਤੇ ਕਿਉਂ ਪਾਬੰਦੀ ਨਹੀਂ ਲੱਗਦੀ। ਇਕ ਤਾਰੀਖੀ ਹਵਾਲੇ ਨਾਲ ਕੇਸ ਬਣਾ ਕੇ 100 ਸਫੇ ਇਹ ਦਸਤਾਵੇਜ਼ ਲੋਕਾਂ ਸਾਹਮਣੇ ਪੇਸ਼ ਕੀਤੀ ਗਈ ਹੈ। ਫਿਰ ਅੰਗਰੇਜ਼ੀ ਵਿਚ ਉਸਦੀਆਂ ਕਾਪੀਆਂ ਬਣਾ ਕੇ ਵੰਡੀਆਂ ਗਈਆਂ ਹਨ।

ਜੋ ਰਸਾਲਾ 'ਵੰਗਾਰ' ਮੈਂ ਐਡਿਟ ਕਰਦਾ ਸਾਂ, ਉਸਦਾ ਇਕ ਐਡੀਸ਼ਨ ਕੱਢ ਕੇ ਉਹ ਦਸਤਾਵੇਜ਼ ਛਾਪੀ ਗਈ।

ਫਿਰ ਜਦੋਂ 4 ਅਪਰੈਲ 1979 ਵਿਚ ਭੁੱਟੋ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਤਾਂ ਮੈਂ ਨਾਵਲ ਲਿਖਿਆ 'ਬੰਦੀਵਾਨ'। ਇਸੇ ਸਮੇਂ ਦੇ ਦੌਰਾਨ ਮੈਂ ਵੀ ਜੇਲ ਯਾਤਰਾ ਕਰ ਚੁਕਿਆ ਸਾਂ। ਉਸ ਨਾਵਲ ਵਿਚ ਕੈਰੈਕਟਰ 'ਜੈਡ' ਜ਼ੁਲਫਿਕਾਰ ਵੀ ਹੈ ਅਤੇ ਜ਼ਮਾਨ ਵੀ। ਬੰਦੀਵਾਨ 1981 ਵਿਚ ਛਪੀ। ਇਕ ਸਾਲ ਪਿਛੋਂ ਉਸ ਉਤੇ ਵੀ ਪਾਬੰਦੀ ਲਾ ਦਿੱਤੀ ਗਈ। ਉਹ ਹਿੰਦੋਸਤਾਨ ਗੁਰਮੁਖੀ ਹਿੰਦੀ ਵਿਚ ਵੀ ਛਪ ਗਈ ਹੈ ਅੰਗਰੇਜ਼ੀ ਵਿਚ (1983) ਵਿਚ ਵੀ ਛਪ ਗਈ ਅਤੇ ਰੂਸੀ ਵਿਚ (1986) ਵੀ।

(ਬਾਕੀ ਅਗਲੇ ਅੰਕ ਵਿਚ)

## ਅਖੀਰਲੀ ਈਦ

ਦੁੰਬਿਆਂ
ਬਕਰਿਆਂ ਦੀਆਂ ਖੱਲਾਂ ਦੀ
ਕੀ ਗੱਲ ਛੋਹੀ ਜੇ
ਅਸੀਂ ਆਪੇ ਵੀ ਬੇਜ਼ੁਬਾਨ ਹਾਂ
ਅਸੀਂ ਜੀਭਾਂ ਲੈਕੇ ਜੰਮੇ
ਪਰ ਬੇਜ਼ੁਬਾਨਾਂ ਤਰ੍ਹਾਂ ਉਮਰਾਂ ਗੁਜ਼ਾਰੀਆਂ
ਤੁਸਾਂ ਵੱਡੀ ਈਦ ਉਡੀਕਣ ਤੋਂ ਪਹਿਲਾਂ
ਸਾਲ ਵਿਚ ਇਕ ਵਾਰ ਨਹੀਂ
ਸਗੋਂ ਹਰ ਦਿਹਾੜੇ
ਸਾਡੀਆਂ ਗਰਦਨਾਂ ਦੇ ਛੁਰੀਆਂ ਫੇਰੀਆਂ
ਛੁਰੀਆਂ ਵੀ ਖੁੰਢੀਆਂ
ਤਾਂ ਜੇ ਤੁਸੀਂ ਸਾਡੀ ਸ਼ਾਹਰੱਗ ਨੂੰ ਚਸਕੇ ਲੈ ਕੇ ਵੱਢੋ
ਤੇ ਸਾਡੀਆਂ ਛੜੀਆਂ ਛੰਡਣ ਦੇ ਮੰਜ਼ਰ ਕੋਲੋਂ ਫਿਰ ਸਵਾਦ ਲੈ ਸਕੋ
ਤੁਸਾਂ ਜਿਨ੍ਹਾਂ ਮਜ਼ਹਬਾਂ ਦੇ ਨਾਂ ਤੇ
ਸਾਨੂੰ ਘੜੀ ਘੜੀ ਜ਼ਿਬਹ ਕੀਤਾ
ਸਾਡੀਆਂ ਖੱਲਾਂ ਦੇ ਬਿਉਪਾਰ ਕੀਤੇ
ਪਰ ਹੁਣ —
ਹੁਣ ਕੰਧ ਤੇ ਮੋਟਿਆਂ ਅੱਖਰਾਂ ਵਿਚ ਲਿਖਿਆ ਪੜ੍ਹ ਲਵੋ
ਅਹਿ ਤੁਹਾਡੀ ਅਖੀਰਲੀ ਈਦ ਏ।

## ਹੋਰ ਨਹੀਂ ਜਰਨਾ

ਬੜਾ ਜਰਿਆ ਪਰ ਹੁਣ ਨਹੀਂ ਹੋਰ ਜਰਨਾ —
ਦੁੱਖਾਂ, ਪੀੜਾਂ, ਜ਼ਿਆਦਤੀਆਂ, ਸਹਿਣ ਦਾ ਵੀ ਕੋਈ ਤੇ
ਬੰਨਾ ਹੁੰਦਾ ਵੇ
ਤੁਸਾਂ ਅਸਾਨੂੰ ਖੁੰਢੀਆਂ ਛੁਰੀਆਂ ਨਾਲ
ਭਰ ਚਸਕੇ ਲੈ ਕੇ ਕੋਹਿਆ
ਤੁਸਾਂ ਅਸਾਡੀਆਂ ਜੀਭਾਂ ਕੱਟੀਆਂ
ਅੱਖਾਂ ਅੰਨ੍ਹੀਆਂ ਕੀਤੀਆਂ
ਕੰਨਾਂ ਵਿਚ ਪਿਘਲਦਾ ਹੋਇਆ ਸ਼ੀਸ਼ਾ ਪਾਇਆ
ਲੱਤਾਂ ਬਾਹਵਾਂ ਭੰਨ ਕੇ ਅੰਨ੍ਹੇ, ਖੂਹ ਵਿਚ ਸੁਟਿਆ
ਤੁਸਾਂ ਅਸਾਡੇ ਨਾਲ ਕੀ ਕੀ ਨ ਕੀਤਾ
ਪਰ ਅਸੀਂ ਚੁਪ ਰਹੇ —
ਗਾਲ੍ਹਾਂ ਸਾਡਿਆਂ ਹੋਠਾਂ ਉਪਰ ਆ ਆ ਕੇ
ਪੱਬਾਂ ਭਾਰ ਵਾਪਿਸ ਮੁੜ ਜਾਂਦੀਆਂ ਰਹੀਆਂ
ਤੁਸਾਂ ਸਮਝਿਆ ਬੁਜ਼ਦਿਲ, ਨਿਲੱਜੇ ਨੇ
ਲਿੱਸੀ ਸਾਮੀ ਜਾਣ ਕੇ ਸਾਡੀ ਕੰਡ ਤੇ ਕਾਠੀ ਪੀੜੀ
ਅਸੀਂ ਤਦ ਵੀ ਕੁਝ ਨ ਬੋਲੇ
ਤੁਸਾਂ ਸਮਝਿਆ ਅਹਿ ਰੇਤੂ ਦੇ ਬੁਤ ਨੇ
ਮੁਕਦੀ ਗੱਲ ਏ ਤੁਸਾਂ ਸਾਨੂੰ ਮੁਕਾਣ ਲਈ
ਜੋ ਕੁਝ ਕਰ ਸਕਦੇ ਸਾਓ ਕੀਤਾ —
ਪਰ ਹੁਣ ਅਸੀਂ ਹੋਰ ਨਹੀਂ ਜਰਨਾ
ਹੁਣ ਤੁਹਾਡੀਆਂ ਵਧੀਕੀਆਂ ਹੋਰ ਨਹੀਂ ਜਰਨੀਆਂ
ਹੁਣ ਇੱਟ ਦਾ ਉਤਰ ਵੱਟੇ ਨਾਲ ਦਿਆਂਗਾ
ਤਿਆਰ ਓ ਨਾ ? ਆਈ ਜੇ ਮੁੜ ਪਹਿਲੀ —

## .ਗ਼ਜ਼ਲ

ਉੱਚੀ ਟੀਸੀ ਉਤੇ ਚੜ੍ਹਕੇ ਹੇਠਾਂ ਝਾਤੀ ਪਾਵਾਂ
ਬੰਦੇ ਬੌਣੇ ਬੌਣੇ ਵੇਖਾਂ ਆਪਣਾ ਕਦ ਵਧਾਵਾਂ
ਆਪਣੇ ਧੌਲੇ ਵੇਖਾਂ ਤੇ ਮੈਂ ਸੋਚੀਂ ਪੈ ਪੈ ਜਾਵਾਂ
ਲੰਘਦੇ ਵੇਲੇ ਦੇ ਪੈਰਾਂ ਵਿਚ ਛੇਤੀ ਬੇੜੀ ਪਾਵਾਂ
ਸਾਰੇ ਲੋਕੀਂ ਮਲ ਬੈਠੇ ਨੇ ਰੁੱਖਾਂ ਦਾ ਪਰਛਾਵਾਂ
ਬਲਦੀ ਧੁੱਪ 'ਚ ਬਹਿ ਕੇ ਸੋਚਾਂ ਮੰਜੀ ਕਿਥੇ ਡਾਹਵਾਂ
ਅੱਗ ਦਾ ਲੰਬੂ ਵੀ ਨ ਉਠੇ ਸਾਂਭ ਵੀ ਪੱਕੀ ਰੱਖੋ
ਬਲਦੀ ਅੱਗ ਵਿਚ ਮੈਂ ਵੀ ਵਧਕੇ ਗਿੱਲੀ ਲੱਕੜੀ ਡਾਹਵਾਂ
ਅੱਖਾਂ ਵਾਲੇ ਅੰਨ੍ਹੇ ਹੋ ਗਏ ਅੰਨ੍ਹੇ ਹੋਏ ਸੁਜਾਖੇ
ਕਿਸ ਦਾ ਮੋਢਾ ਫੜ ਕੇ ਅਜ ਮੈਂ ਪਾਰ ਸੜਕ ਦੇ ਜਾਵਾਂ
ਅੱਗੇ ਮੇਰੀ ਗੁੱਡੀ ਟੁੱਟ ਗਈ ਚੜ੍ਹ ਕੇ ਅੱਧ ਅਸਮਾਨੀ
ਰੱਖਾਂਗਾ ਹੁਣ ਆਪਣੇ ਸਿਰ ਤੇ ਹੁਣ ਨ ਹੋਰ ਵਧਾਵਾਂ
ਮੈਂ ਵਾਂ ਇਕ ਅਚਰਜ ਪਰਹੁਣਾ ਮੇਰੇ ਲੇਖੀਂ ਗਾਲ੍ਹਾਂ
ਸਰਘੀ ਸਰਘੀ ਖੀਸੇ ਪਾਵਾਂ ਜਿਸ ਭਾਂਡੇ ਵਿਚ ਖਾਵਾਂ
ਵੇਖੋ ਵੇਖੀ ਰੁੱਤਾਂ ਵੀ ਹੁਣ ਬਦਲੇ ਆਪਣੇ ਚਾਲੇ
ਧੁੱਪੇ ਕਾਂਬੂ ਚੜ੍ਹ ਚੜ੍ਹ ਜਾਵੇ ਤੱਤੀਆਂ ਲੱਗਣ ਛਾਵਾਂ।

## ਹੁਣ ਅਸੀਂ ਜਾਗ ਪਏ ਹਾਂ

ਹੁਣ ਠੀਕ ਤੁਸੀਂ ਅਸਾਨੂੰ ਵਿਸਾਹ ਕੇ ਮਾਰਦੇ ਰਹੇ
ਅਸੀਂ ਤੁਹਾਡਿਆਂ ਫਾਇਦਿਆਂ ਦੇ ਮੂਲੀ ਕੰਡਿਆਂ ਉਪਰ
ਵਾਰੋਵਾਰੀ ਕੱਦੂਕਸ ਹੁੰਦੇ ਰਹੇ
ਖੀਰਿਆਂ ਵਾਂਗੰ ਸਿਰ ਕਟਵਾਏ
ਆਪਣੇ ਜੁਸਿਆਂ ਦੀ ਕੁੜੱਤਣ
ਕਢਵਾਂਦੇ ਰਹੇ
ਤੁਹਾਡੇ ਬਣਾਏ ਹੋਏ ਸਪੀਡ ਬ੍ਰੇਕਾਰਾਂ ਦੇ ਕੋਲ ਅਪੜ ਕੇ
ਆਪਣੀਆਂ ਰਫ਼ਤਾਰਾਂ ਘਟਾਂਦੇ ਰਹੇ
(ਜਿਵੇਂ ਕੋਈ ਮਾੜਾ ਪੇਂਡੂ ਆਪਣੇ ਸੌਖੇ ਸ਼ਹਿਰੀਏ ਸਾਕ ਦੇ ਘਰ ਦੇ
ਡ੍ਰਾਇੰਗ ਰੂਮ ਵਿਚ ਵੜਨ ਤੋਂ ਪਹਿਲਾਂ ਜੁੱਤੀ ਲਾਹਕੇ ਅਡੋਲ ਕਾਲੀਨ
ਤੇ ਪੈਰ ਰੱਖੇ)
ਪਰ ਹੁਣ ਅਸਾਨੂੰ ਸਾਰੀ ਸਮਝ ਚਲ ਗਈ ਏ
ਹੁਣ ਅਹਿ ਹਥਿਆਰ, ਅਹਿ ਰੁਕਾਵਟਾਂ, ਅਹਿ ਬੰਨ੍ਹ
ਸਾਡੇ ਇਰਾਦਿਆਂ ਦੇ ਹੜ੍ਹ ਸਾਹਮਣੇ
ਰੇਤ ਦੀਆਂ ਕੰਧਾਂ ਨਾਲੋਂ ਵਧ ਕੇ ਕੁਝ ਵੀ ਨਹੀਂ
ਹੁਣ ਅਸੀਂ ਜਾਗ ਪਏ ਹਾਂ।

## ਸ਼ਿਅਰ

ਸਾਗ਼ਰ ਡਾਢਾ ਲੋੜੀਂਦਾ ਵੇ ਅਜ ਇਕ ਦੁੱਲਾ ਭੱਟੀ ਹੋਰ
ਭੁੰਨੇ ਕਿੰਗਰੇ ਦਿੱਲੀ ਦੇ ਤੇ ਭਾਜੜ ਪਵੇ ਤੱਖਤ ਲਹੌਰ
ਅਜ ਵੀ ਰਾਤੀ ਜਾਗਦੇ ਰਹਿਣਾ ਲੋਕੋ ਉੱਕਾ ਅੱਖ ਨ ਲੱਗੇ
ਚੋਰ ਤੇ ਕੁੱਤੀ ਰਸਮਿਸ ਗਏ ਨੇ ਵਧਿਆ ਸੰਨ੍ਹ ਦਾ ਖਤਰਾ ਹੋਰ

# ਫ਼ਖਰ ਜ਼ਮਾਨ

ਫ਼ਖਰ ਜ਼ਮਾਨ ਪੰਜਾਬੀ ਜ਼ਬਾਨ ਦਾ ਅਜੇਹਾ ਲੇਖਕ ਹੈ, ਜਿਹੜਾ ਆਪਣੀਆਂ ਲਿਖਤਾਂ ਕਾਰਨ ਪਾਕਿਸਤਾਨ ਨਾਲੋਂ ਭਾਰਤ ਵਿਚ ਵਧੇਰੇ ਜਾਣਿਆ ਜਾਂਦਾ ਹੈ। ਫ਼ਖਰ ਦਾ ਜਨਮ 21 ਜਨਵਰੀ 1942 ਨੂੰ ਸੋਹਣੀ ਦੇ ਸ਼ਹਿਰ ਗੁਜਰਾਤ ਵਿਚ ਇਕ ਰਜੇ ਪੁਜੇ ਜ਼ਿਮੀਦਾਰ ਜੱਟ ਘਰਾਣੇ ਵਿਚ ਹੋਇਆ। ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਬੀ. ਏ. (ਆਨਰਜ਼) ਐਮ. ਏ. ਅਤੇ ਐਲ. ਐਲ. ਬੀ. ਦੀਆਂ ਡਿਗਰੀਆਂ ਹਾਸਲ ਕਰਨ ਤੋਂ ਪਿਛੋਂ ਉਸ ਨੇ ਹਾਲੈਂਡ ਦੀ ਹੇਗ ਯੂਨੀਵਰਸਿਟੀ ਦੀ "ਇਨਸਟੀਚਿਊਟ ਆਫ ਸੋਸ਼ਲ ਸਟੱਡੀਜ਼" ਤੋਂ ਉਚੇਰੀ ਵਿਦਿਆ ਹਾਸਲ ਕੀਤੀ। ਫ਼ਖਰ ਇਕੋ ਸਮੇਂ ਪੰਜਾਬੀ, ਉਰਦੂ ਤੇ ਅੰਗਰੇਜ਼ੀ ਵਿਚ ਲਿਖਦਾ ਹੈ ਅਤੇ ਹੁਣ ਤੱਕ ਇਨ੍ਹਾਂ ਤਿੰਨਾਂ ਜ਼ਬਾਨਾਂ ਵਿਚ 9 ਕਿਤਾਬਾਂ ਪ੍ਰਕਾਸ਼ਿਤ ਕਰਵਾ ਚੁਕਾ ਹੈ। ਚਾਰ ਜ਼ਬਤ ਕੀਤੀਆਂ ਗਈਆਂ ਕਿਤਾਬਾਂ ਤੋਂ ਛੁੱਟ-ਫ਼ਖਰ ਨੇ ਪੰਜਾਬ ਵਿਚ 'ਵਣ ਦਾ ਬੂਟਾ' ਅਤੇ 'ਚਿੜੀਆਂ ਦਾ ਚੰਬਾ' ਰੇਡੀਓ ਡਰਾਮਿਆਂ ਦੇ ਸੰਗ੍ਰਹਿ (ਮਜਮੂਏ) ਵੀ ਸ਼ਾਇ ਕੀਤੇ ਹਨ। ਪਿਛਲੇ ਦਸ ਸਾਲਾਂ ਤੋਂ ਉਹ ਪਾਕਿਸਤਾਨ ਦੀ ਰਾਜਨੀਤੀ ਵਿਚ ਵੀ ਸਰਗਰਮ ਹਿੱਸਾ ਲੈਂਦਾ ਆ ਰਿਹਾ ਹੈ ਅਤੇ 1977 ਈ. ਵਿਚ ਜਦ ਸੈਨੇਟ ਭੰਗ ਹੋਈ ਤਾਂ ਉਹ ਇਸ ਦੇ ਅਪਰ ਹਾਊਸ ਦਾ ਮੈਂਬਰ ਵੀ ਸੀ! ਫ਼ਖਰ ਜ਼ਮਾਨ ਮਿਸਜ਼ ਭੁੱਟੋ ਦਾ ਸਿਆਸੀ ਸਲਾਹਕਾਰ ਵੀ ਰਿਹਾ ਹੈ।

ਫ਼ਖਰ ਜ਼ਮਾਨ ਪਾਕਿਸਤਾਨ ਵਿਚ ਪੰਜਾਬੀ ਜ਼ਬਾਨ ਦੀ ਤਰੱਕੀ ਦਾ ਜ਼ਬਰਦਸਤ ਝੰਡਾ-ਬਰਦਾਰ ਹੈ। ਲਾਹੌਰ ਤੋਂ ਉਸ ਦੀ ਸੰਪਾਦਨਾ ਅਧੀਨ ਛਪਦੇ ਹਫਤਾਵਾਰ ਰਸਾਲੇ 'ਵੰਗਾਰ' (ਜੋ ਹੁਣ ਬੰਦ ਹੋ ਚੁਕਾ ਹੈ) ਦੇ ਇਕ ਸੰਪਾਦਕੀ ਵਿਚ ਉਹ ਲਿਖਦਾ ਹੈ :

> ਅਵਾਮੀ ਹਕੂਮਤ ਜਾਣ ਨਾਲ ਸਰਮਾਏਦਾਰਾਂ ਦੇ ਜੁੱਤੇ ਚੱਟਣ ਵਾਲੇ ਨਿਲੱਜੇ ਲੋਕ ਮਾਲਕਾਂ ਦੇ ਇਸ਼ਾਰੇ ਤੇ ਪੰਜਾਬੀ ਦੇ ਖਿਲਾਫ ਮਹਾਜ਼ ਬਣਾਈ ਬੈਠੇ ਨੇ। ਪੰਜਾਬੀ ਜ਼ਬਾਨ ਦੀ ਚੜ੍ਹਤਲ ਨੂੰ ਖੌਫ਼ਜ਼ਦਾ ਹੋ ਕੇ ਇਹ ਖੁਸ਼ਾਮਦੀ ਨਿੱਤ ਨਵੀਆਂ ਤਜਵੀਜ਼ਾਂ ਪੇਸ਼ ਕਰ ਰਹੇ ਨੇ ਤਾਂ ਜੋ ਪੰਜਾਬੀ ਨੂੰ ਮੁਕਾਇਆ ਜਾ ਸਕੇ। ਪਰ, ਪੰਜਾਬੀ ਅਦਬੀ ਤਹਿਰੀਕ ਨੂੰ ਹੁਣ ਕੋਈ ਨਹੀਂ ਰੋਕ ਸਕਦਾ। ਕਾਂਗਾਂ ਬੰਨ੍ਹ ਬੰਨ੍ਹਿਆਂ ਨਹੀਂ ਡੱਕੀਆਂ ਜਾਂਦੀਆਂ। ਅਸੀਂ ਇਹਨਾਂ ਪੰਜਾਬੀ ਦੁਸ਼ਮਣਾਂ ਨੂੰ ਵਾਰਨਿੰਗ ਦੇਨੇ ਆਂ ਪਈ ਆਪਣੀਆਂ ਜੀਭਾਂ ਨੂੰ ਡੱਕੋ

'ਫੈਜ਼ ਅਹਿਮਦ ਫੈਜ਼' ਦੀ ਪ੍ਰਧਾਨਗੀ ਹੇਠ ਹੋਈ ਪੰਜਾਬੀ ਕਨਵੈਨਸ਼ਨ ਵਿਚ ਫ਼ਖਰ ਜ਼ਮਾਨ ਨੇ ਆਪਣੇ ਭਾਸ਼ਣ ਵਿਚ ਕਿਹਾ :

> ਪੰਜਾਬ ਵਿਚ ਪੰਜਾਬੀ ਲਿਆਵਣ ਕੋਲੋਂ ਮੁਫਾਦਪ੍ਰਸਤਾਂ ਦਾ ਟੋਲਾ ਏਸ ਲਈ ਡਰਦਾ ਏ ਪਈ ਪੰਜਾਬੀ ਬੋਲੀ ਪਚਾਨਵੇ ਫੀ ਸਦੀ ਮਿਹਨਤੀਆਂ ਕਾਮਿਆਂ ਤੇ ਵਾਹਕਾਂ ਦੀ ਬੋਲੀ ਏ, ਤੇ ਜੇ ਆਪਣੀ ਮਾਂ ਬੋਲੀ ਰਾਹੀਂ ਲੋਕਾਂ ਆਪਣੀ ਪਛਾਣ ਕਰ ਲਈ ਤਾਂ ਪੰਜ ਫੀ ਸਦੀ ਸਰਮਾਏਦਾਰਾਂ, ਜਾਗੀਰਦਾਰਾਂ, ਜਾਅਲੀ ਦਾਨਿਸ਼ਵਰਾਂ, ਅਫਸਰਾਂ ਤੇ ਉਹਨਾਂ ਦੇ ਏਜੰਟਾਂ ਦਾ ਕੀ ਬਣੇਗਾ ? ਇਹ ਗੱਲ ਅੱਜ ਸਾਨੂੰ ਖਰੀ ਖਰੀ ਕਹਿਣੀ ਏ ਪਈ ਏਥੋਂ ਦੇ ਮਜ਼ਲੂਮਾਂ ਦੀ ਨਿੱਜਾਤ ਤਦ ਹੀ ਮੁਮਕਿਨ ਏ ਜੇ ਉਹ ਜ਼ਾਲਿਮ ਤਬਕੇ ਨੂੰ ਚੁੱਕ ਪਰ੍ਹਾਂ ਮਾਰਨ ਤੇ ਇਹਦੇ ਵਾਸਤੇ ਸਭ ਤੋਂ ਵੱਡਾ ਹਥਿਆਰ ਪੰਜਾਬੀ ਜ਼ਬਾਨ ਏ।

ਫ਼ਖਰ ਪੰਜਾਬੀ ਜ਼ਬਾਨ, ਪੰਜਾਬੀ ਤਹਿਜ਼ੀਬ ਅਤੇ ਪੰਜਾਬੀ ਕਲਚਰ ਦੇ ਫੈਲਾਅ ਲਈ ਬੜਾ ਬੇਤਾਬ ਹੈ। ਬਦੇਸ਼ਾਂ ਵਿਚ ਤਾਲੀਮ ਹਾਸਿਲ ਕਰਕੇ ਅਤੇ ਅੱਧੀ ਦੁਨੀਆਂ ਦੀ ਯਾਤਰਾ ਕਰਨ ਤੋਂ ਪਿਛੋਂ ਉਹ ਆਪਣੇ ਪੰਜਾਬੀ ਹੋਣ ਤੇ ਵਧੇਰੇ ਫ਼ਖਰ ਮਹਿਸੂਸ ਕਰਦਾ ਹੈ। ਪਾਕਿਸਤਾਨ ਵਿਚ ਪੰਜਾਬੀ



ਜ਼ਬਾਨ ਨੂੰ ਉਸ ਦੀ ਹੱਕੀ ਥਾਂ ਦਲਾਣ ਲਈ ਉਹ ਹਰ ਕੋਸ਼ਿਸ਼ ਕਰਨ ਲਈ ਤਿਆਰ ਹੈ। ਉਹ ਕਹਿੰਦਾ ਹੈ :

> ਜਿੰਨਾ ਚਿਰ ਪੰਜਾਬ ਵਿਚ ਮਜ਼ਦੂਰਾਂ, ਕਿਸਾਨਾਂ, ਇਨਕਲਾਬੀ ਦਾਨਿਸ਼ਵਰਾਂ ਤੇ ਤਾਲਿਬ-ਇਲਮਾਂ ਦੀ ਆਪਣੀ ਲੀਡਰਸ਼ਿਪ ਅੱਗੇ ਨਹੀਂ ਆਉਂਦੀ, ਅਸੀਂ ਆਪਣਾ ਮਿਸ਼ਨ ਜਾਰੀ ਰੱਖਾਂਗੇ। ... ਸਾਡਾ ਪ੍ਰੋਗਰਾਮ ਏ ਕਿ ਅਸੀਂ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਜਾਵਾਂਗੇ ਉਥੋਂ ਦੇ ਸੁੱਤੇ ਸਮਾਜੀ ਤੇ ਸਿਆਸੀ ਹਲਕਿਆਂ ਨੂੰ ਜਗਾਵਾਂਗੇ, ਪਬਲਿਕ ਜਲਸੇ ਕਰਾਂਗੇ ਤਾਂ ਜੋ ਪੰਜਾਬ ਦੇ ਵਾਸੀ ਉਥੋਂ ਦੇ ਰੂਪ-ਰੰਗ ਨੂੰ ਸਮਝਣ ਅਤੇ ਪਾਕਿਸਤਾਨ ਦੇ ਅਸਲੀ ਵੈਰੀਆਂ ਨੂੰ ਬੇਨਿਕਾਬ ਕੀਤਾ ਜਾ ਸਕੇ।

ਫ਼ਖਰ ਜ਼ਮਾਨ ਸੌ ਫੀਸਦੀ ਪੰਜਾਬੀ ਹੈ ਤੇ ਉਸ ਦੀ ਹਰ ਕੋਸ਼ਿਸ਼ ਇਹ ਹੀ ਹੈ ਕਿ ਪੰਜਾਬ ਦੀ ਸ਼ਖਸੀਅਤ ਦੀ ਤਲਾਸ਼ ਕੀਤੀ ਜਾ ਸਕੇ। ਪਰੰਤੂ ਇਹੋ ਗੱਲ ਵੇਲੇ ਦੇ ਹਾਕਿਮਾਂ ਨੂੰ ਪਸੰਦ ਨਹੀਂ। ਉਸ ਦੀਆਂ ਪੁਸਤਕਾਂ ਤੇ ਪਾਬੰਦੀ ਲਗਣ ਦੀ ਵਜ੍ਹਾ ਵੀ ਇਹੀ ਹੈ। ਜੇ ਫ਼ਖਰ ਜ਼ਮਾਨ ਦੀਆਂ ਇਹ ਚਾਰੇ ਕਿਤਾਬਾਂ ਪੰਜਾਬੀ ਦੀ ਬਜਾਇ ਉਰਦੂ ਵਿਚ ਲਿਖੀਆਂ ਗਈਆਂ ਹੁੰਦੀਆਂ ਤਾਂ ਕੀ ਫਿਰ ਵੀ ਹਕੂਮਤ ਇਨ੍ਹਾਂ ਨੂੰ ਜ਼ਬਤ ਕਰ ਲੈਂਦੀ ? ਫਿਰ ਸ਼ਾਇਦ ਅਜੇਹਾ ਨਾ ਹੁੰਦਾ। ਫ਼ਖਰ ਮਹਿਸੂਸ ਕਰਦਾ ਹੈ ਕਿ ਜਦ ਉਸਦੇ ਗੁਆਂਢੀ ਦੇਸ਼ ਵਿਚੋਂ ਉਰਦੂ ਦਾ ਕੋਈ ਅਣਜਾਣਿਆ ਲੇਖਕ ਵੀ ਆਉਂਦਾ ਹੈ ਤਾਂ ਸਾਰੇ ਸਰਕਾਰੀ ਤੇ ਗ਼ੈਰ ਸਰਕਾਰੀ ਅਦਾਰੇ ਲੰਗਰ ਲੰਗੋਟੇ ਕੱਸ ਕੇ ਉਸ ਦੇ ਸੁਆਗਤ ਵਿਚ ਜੁਟ ਜਾਂਦੇ ਹਨ। ਅਖਬਾਰਾਂ ਰਸਾਲਿਆਂ ਵਿਚ ਉਚੇਰੇ ਮਜ਼ਮੂਨ ਲਿਖੇ ਜਾਂਦੇ ਹਨ। ਰੇਡੀਓ ਤੇ ਟੀ. ਵੀ. ਵੀ ਉਚੇਚਾ ਨੋਟਿਸ ਲੈਂਦੇ ਹਨ। ਪਰੰਤੂ ਜੇ ਪੰਜਾਬੀ ਦਾ ਪ੍ਰਤੀਨਿਧ ਸਾਹਿਤਕਾਰ ਗ਼ਲਤੀ ਨਾਲ ਵੀ ਪੁੱਜ ਜਾਏ ਤਾਂ ਉਸ ਨੂੰ ਹਰ ਪੱਖ ਤੋਂ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਪਿਛਲੇ ਸਾਲ ਯੂ. ਕੇ. ਵਿਚ ਹੋਈ "ਇਨਟਰਨੈਸ਼ਨਲ ਪੰਜਾਬੀ ਕਾਨਫਰੰਸ" ਵਿਚ ਜ਼ੇਗਮ, ਮੁਨੀਰ ਨਿਆਜ਼ੀ ਤੇ ਫ਼ਖਰ ਜ਼ਮਾਨ ਵਿਚੋਂ ਕਿਸੇ ਨੂੰ ਵੀ ਭਾਗ ਲੈਣ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ।

ਇਕ ਸੁਲਝੇ ਹੋਏ ਬੌਧਿਕ (intellectual) ਦਾਨਿਸ਼ਵਰ ਅਦੀਬ ਹੋਣ ਦੇ ਨਾਤੇ ਉਸ ਨੂੰ ਇਹ ਦੋਗਲੀ ਨੀਤੀ ਤੇ ਵਲ ਫਰੇਬ ਪਸੰਦ ਨਹੀਂ। ਉਹ ਬੜਾ ਹੀ ਜ਼ਹੀਨ, ਸੱਚਾ ਤੇ ਸੁੱਚਾ ਇਨਸਾਨ ਹੈ। ਉਸ ਉਪਰ ਕਤਲ ਦਾ ਝੂਠਾ ਕੇਸ ਬਣਾਕੇ ਕਈ ਮਹੀਨੇ ਉਸ ਨੂੰ ਜੇਲ ਵਿਚ ਵੀ ਡੱਕੀ ਰੱਖਿਆ ਗਿਆ, ਪਰ ਉਸ ਨੇ ਆਪਣੇ ਸਿਧਾਂਤਾਂ ਤੇ ਅਸੂਲਾਂ ਨੂੰ ਆਂਚ ਨਹੀਂ ਆਉਣ ਦਿੱਤੀ।

## ਬੰਦੀਵਾਨ

ਫ਼ਖਰ ਜ਼ਮਾਨ

ਸੂਬੇ ਦੇ ਸਭ ਤੋਂ ਵੱਡੇ 'ਮੁਹਾਫ਼ਿਜ਼' ਨੇ ਗ੍ਰੀਨ ਟੈਲੀਫੋਨ ਉਤੇ ਉਪਰ ਵਾਲੇ ਕੋਲੋਂ ਹਦਾਇਤ ਲਈ। ਦੂਜੇ ਫ਼ੋਨ ਉਪਰ ਜ਼ਿਲੇ ਦੇ ਇਨਚਾਰਜ 'ਮੁਹਾਫ਼ਿਜ਼' ਨੂੰ ਹੁਕਮ ਦਿੱਤਾ ਕਿ 'ਜੈਡ' ਨੂੰ ਐਫ. ਆਈ. ਆਰ. ਵਿਚ ਕਤਲ ਦੀ ਸਾਜ਼ਿਸ਼ ਦਾ ਵੱਡਾ ਮੁਲਜ਼ਿਮ ਨਾਮਜ਼ਦ ਕੀਤਾ ਜਾਏ। "ਇਹਦੇ ਲਈ, ਵੱਡੇ ਮੁਹਾਫ਼ਿਜ਼ ਨੇ ਕਿਹਾ, ਰੋਜ਼ਨਾਮਚੇ ਵਿਚ ਬੇਸ਼ੱਕ ਤਬਦੀਲੀ ਕਰ ਦਿੱਤੀ ਜਾਏ ਤੇ ਨਵੀਂ ਐਫ. ਆਈ. ਆਰ. ਦਰਜ ਕੀਤੀ ਜਾਏ। ਇਹ ਉਪਰ ਵਾਲਿਆਂ ਦਾ ਹੁਕਮ ਏ। 'ਜੈਡ' ਮੁਖ਼ਾਲਿਫ਼ ਧਿਰ ਦਾ ਇਕ ਅਹਿਮ ਆਦਮੀ ਏ ਤੇ ਉਹਨੂੰ ਏਸ ਕੜਿੱਕੀ ਵਿਚ ਫਾਹਣਾ ਸਾਡੀ ਹਕੂਮਤ ਲਈ ਬਹੁਤ ਜ਼ਰੂਰੀ ਏ। ਹਾਂ, ਨਾਲ ਹਮ-ਖਿਆਲ ਅਖਬਾਰਾਂ ਦੇ ਕਰਾਈਮਜ਼ ਰਿਪੋਰਟਰਾਂ ਨੂੰ ਬੁਲਾ ਕੇ ਕਿਹਾ ਜਾਵੇ ਕਿ ਪਹਿਲੇ ਸਫੇ ਉਤੇ ਪਬਲਿਸਿਟੀ ਕੀਤੀ ਜਾਏ ਤੇ ਸਾਰਾ ਇਲਜ਼ਾਮ 'ਜ਼ੈਡ' ਨੂੰ ਦਿੱਤਾ ਜਾਏ। ਵਾਕੇ ਨੂੰ ਇਕ ਦਰਦਨਾਕ ਕਹਾਣੀ ਦਾ ਰੂਪ ਦਿੱਤਾ ਜਾਏ ਤਾਂ ਜੇ ਪੜ੍ਹਨ ਵਾਲੇ ਯਕੀਨ ਕਰ ਲੈਣ ਕਿ 'ਜ਼ੈਡ' ਕਾਤਿਲ ਏ। ਏਸ ਤੋਂ ਇਲਾਵਾ 'ਜ਼ੈਡ' ਦੀ ਜਿੰਨੀ ਮੁਮਕਿਨ ਹੋ ਸਕੇ, ਕਿਰਦਾਰਕਸ਼ੀ (character assessination) ਕੀਤੀ ਜਾਏ। ਮੁਦੱਈ ਪਾਰਟੀ ਨੂੰ ਬੁਲਾ ਕੇ ਸਾਰੀ ਗੱਲ ਸਮਝਾ ਦੇਵੋ। ਉਹਨਾਂ ਦੇ ਆਪਸੀ ਤਜ਼ਾਦਾਤ (contradictions) ਨੂੰ ਇਸਤੇਮਾਲ ਕਰੋ। ਆਪਣੇ ਹਾਮੀ ਸਹਾਫ਼ੀਆਂ (ਪੱਤਰਕਾਰਾਂ) ਨੂੰ ਰੱਜ ਕੇ ਰਕਮ ਦਿੱਤੀ ਜਾਏ (ਕੁੱਤਿਆਂ ਨੂੰ ਹੱਡੀ ਦੀ ਜਗ੍ਹਾ ਲਵਾ ਗੋਸ਼ਤ ਪਾਓ। ਉਹਨਾਂ ਨੂੰ ਐਨਾ ਭੌਂਕਣ ਲਈ ਕਵੋ ਕਿ ਕੰਨ ਪਈ ਆਵਾਜ਼ ਸੁਣਾਈ ਨਾ ਦੇਵੇ)। ਕੇਸ ਇੰਜ ਬਣਾਓ ਕਿ 'ਜ਼ੈਡ' ਨੂੰ ਸਿੱਧੀ ਸਾਂਵੀ ਫਾਂਸੀ ਹੋਵੇ। ਆਪਣੇ ਇਤਮਾਦ ਦੀਆਂ ਸ਼ਹਾਦਤਾਂ ਰੱਖੋ। ਵਾਅਦਾ ਮੁਆਫ਼ ਬਣਾਓ ਯਾ ਕੁਝ ਕਰੋ। 'ਜ਼ੈਡ' ਬਚ ਕੇ ਨਾ ਜਾਏ। ਤੇਰੀ ਤੇ ਤਫ਼ਤੀਸ਼ੀ ਮਾਤਹਿਤਾਂ ਦੀ ਤਰੱਕੀ ਹੋਵੇਗੀ। 'ਜ਼ੈਡ' ਦੀ ਜ਼ਮਾਨਤ ਨਹੀਂ ਹੋਣ ਦਿੱਤੀ ਜਾਵੇਗੀ। ਸਾਰਾ ਇੰਤਜ਼ਾਮ ਕਰ ਲੀਤਾ ਗਿਆ ਵੇ।"

ਜ਼ਿਲਈ 'ਮੁਹਾਫ਼ਿਜ਼' ਨੇ ਸਾਰੇ ਹੁਕਮ ਥਾਣੇ ਦੇ ਇਨਚਾਰਜ 'ਮੁਹਾਫ਼ਿਜ਼' ਨੂੰ ਦੇ ਦਿੱਤੇ। ਫੇਰ ਉਹੋ ਈ ਹੋਇਆ ਜੋ ਗ੍ਰੀਨ ਫੋਨ ਤੋਂ ਹੋਂਦਾ ਹੋਇਆ ਸਫ਼ੇਦ ਫੋਨ ਉਪਰ ਜ਼ਿਲੇ ਤੇ ਕਾਲੇ ਫੋਨ ਉਪਰ ਥਾਣੇ ਨੂੰ ਅਪੜਿਆ ਸੀ। 'ਜ਼ੈਡ' ਦਾ ਨਾਂ ਐਫ. ਆਈ. ਆਰ. ਵਿਚ ਸ਼ਾਮਿਲ ਕਰ ਲਿਆ ਗਿਆ। ਉਹਦੇ ਉਤੇ ਕਤਲ ਦੀ ਸਾਜ਼ਿਸ਼ ਦਾ ਇਲਜ਼ਾਮ ਲਗਾਇਆ। ਉਹਨੂੰ ਗ੍ਰਿਫਤਾਰ ਕਰ ਲਿਆ ਗਿਆ। ਹੱਥਕੜੀ ਲਗਾ ਕੇ ਰੀਮਾਂਡ ਦੇਣ ਵਾਲੀ ਅਦਾਲਤ ਦੇ ਅਹਾਤੇ ਵਿਚ 'ਜ਼ੈਡ' ਨੂੰ ਚਾਰ ਘੰਟੇ ਖਲਵਾਇਆ ਗਿਆ। ਲੋਕੀਂ ਲੰਘਦੇ 'ਜ਼ੈਡ' ਨੂੰ ਵੇਖਦੇ ਸਿਆਣਦੇ, ਅੱਖਾਂ ਅੱਖਾਂ ਵਿਚ ਗੱਲਾਂ ਕਰਨ ਦਾ ਜਤਨ ਕਰਦੇ ਪਰ ਡਰ ਪਾਰੋਂ ਨੇੜੇ ਕੋਈ ਨ ਢੁਕਦਾ। ਜਦ ਮੁਹਾਫਿਜ਼ਾਂ ਨੇ 'ਜ਼ੈਡ' ਦੀ ਆਪਣੇ ਤੌਰ ਤੇ ਰੱਜ ਕੇ ਬੇ-ਇੱਜ਼ਤੀ ਕਰ ਲਈ ਤਾਂ ਫੇਰ ਉਹਨੂੰ ਥਾਣੇ ਲੇ ਜਾਇਆ ਗਿਆ। ਜਰਨਲਿਸਟਾਂ ਹੱਕਿ ਨਮਕ ਅਦਾ ਕੀਤਾ ਤੇ 'ਜ਼ੈਡ' ਨੂੰ ਮੁਲਜ਼ਿਮ ਬਣਾਨ ਲਈ ਸਫ਼ਿਆਂ ਦੇ ਸਫੇ ਕਾਲੇ ਕਰ ਦਿੱਤੇ। 'ਜ਼ੈਡ' ਸਭ ਕੁਝ ਪੜ੍ਹਦਾ ਤੇ ਦਿਲ ਵਿਚ ਹੱਸਦਾ।

ਸੂਬੇ ਦਾ ਵੱਡਾ 'ਮੁਹਾਫਿਜ਼' ਖੁਸ਼ੀ ਨਾਲ ਦੌਹਰਾ ਹੋ ਰਿਹਾ ਸੀ।
ਗ੍ਰੀਨ ਫੋਨ ਦੀਆਂ ਲਾਈਨਾਂ ਵਿਚ ਹਲਚਲ ਮਚ ਗਈ।
ਜ਼ਿਲੇ ਦਾ 'ਮੁਹਾਫਿਜ਼' ਧਮਾਲ ਪਾ ਰਿਹਾ ਸੀ।
ਥਾਣੇ ਦੇ ਸਾਰੇ ਅਮਲੇ ਦੇ ਹਾਸੇ ਛੁਟ ਰਹੇ ਸਨ।

ਏਸ ਸਾਰੀ ਕਾਰਵਾਈ ਨੇ 'ਜ਼ੈਡ' ਉਤੇ ਕੋਈ ਅਸਰ ਨਾ ਕੀਤਾ। ਉਹ ਹਰ ਗੱਲ ਨੂੰ ਹੱਸ ਕੇ ਬਰਦਾਸ਼ਤ ਕਰ ਰਿਹਾ ਸੀ। ਉਹ ਸਮਝ ਰਿਹਾ ਸੀ ਇਹ ਸਾਰਾ ਕੁਝ ਉਹਦੇ ਨਾਲ ਹੋਣ ਵਾਲੇ ਇਕ ਵੱਡੇ ਮਜ਼ਾਕ ਦਾ ਹਿੱਸਾ ਵੇ। ਹੱਥਕੜੀ ਲੱਗਣ ਨਾਲ ਉਹਨੂੰ ਬੇ-ਇੱਜ਼ਤੀ ਦੇ ਇਹਿਸਾਸ ਦੀ ਜਗ੍ਹਾ ਇੱਜ਼ਤ ਵਧਣ ਦਾ ਇਹਸਾਸ ਹੋ ਰਿਹਾ ਸੀ। ਉਹਨੇ ਸੋਚਿਆ ਇਹ ਛੋਟੇ ਦਿਮਾਗ਼ਾਂ ਵਾਲੇ ਨੌਕਰੀ ਪੇਸ਼ਾ ਲੋਕ ਭਲਾ ਮੈਨੂੰ ਇਹਨਾਂ ਤਰੀਕਿਆਂ ਨਾਲ ਕਿਵੇਂ ਜ਼ਲੀਲ ਕਰ ਸਕਦੇ ਨੇ। "ਕਮੀਨਗੀ ਦੀ ਜਿਸ ਪੱਧਰ ਉਤੇ 'ਉਪਰ ਵਾਲੇ' ਉਤਰੇ ਨੇ ਓਥੋਂ ਈ ਤੇ ਮੇਰੀ ਵਡਿਆਈ ਸ਼ੁਰੂ ਹੋਂਦੀ ਏ।" ਜੈਡ ਨੇ ਆਪਣੇ ਆਪ ਨੂੰ ਕਿਹਾ।

ਥਾਣੇ ਵਿਚ 'ਜ਼ੈਡ' ਨੂੰ ਹਵਾਲਾਤ ਵਿਚ ਡੱਕ ਦਿੱਤਾ ਗਿਆ। ਉਹਦੀ ਹੱਥਕੜੀ ਓਥੇ ਵੀ ਨਾ ਖੋਲ੍ਹੀ ਗਈ, ਸਗੋਂ ਹਵਾਲਾਤ ਦੇ ਅੰਦਰ ਸੀਖਾਂ ਵਾਲੇ ਦਰਵਾਜ਼ੇ ਨਾਲ ਹੱਥਕੜੀ ਦੀ ਜ਼ੰਜੀਰ ਦਾ ਇਕ ਸਿਰਾ ਬੰਨ੍ਹ ਦਿੱਤਾ ਗਿਆ। 'ਜ਼ੈਡ' ਨੇ ਥਾਣੇ ਦੇ ਇਨਚਾਰਜ 'ਮੁਹਾਫ਼ਿਜ਼' ਨੂੰ ਕਿਹਾ, "ਬੇੜੀਆਂ ਹੈ ਜੇ ਤਾਂ ਉਹ ਵੀ ਲਾ ਦੇਵੋ।" "ਕਤਲ ਦੇ ਮੁਲਜ਼ਿਮਾਂ ਲਈ ਸਾਨੂੰ ਇਹਤਿਆਤ ਕਰਨੀ ਪੈਂਦੀ ਏ।" ਮੁਹਾਫ਼ਿਜ਼ ਨੇ ਜਵਾਬ ਦਿੱਤਾ।

ਹਵਾਲਾਤ ਵਿਚ ਅਠਾਰਾਂ ਹੋਰ ਮੁਲਜ਼ਿਮ ਸਨ — ਕਾਤਿਲ, ਡਾਕੂ, ਚੋਰ, ਮੁਸ਼ਤਬੇ।

ਰਾਤ ਹੋਈ ਤੇ ਮੱਝਾਂ ਖੋਲ੍ਹਣ ਵਾਲੇ ਨੇ ਹੀਰ ਦੇ ਬੋਲ ਛੋਹ ਦਿੱਤੇ :

ਜਾਹਿਲ ਫ਼ਾਸਿਕ ਹੁਣ ਜੱਗ ਨੂੰ ਮੱਤ ਦੇਂਦੇ,
ਦਾਨਿਸ਼ਮੰਦੀ ਦੀ ਮੱਤ ਖੁਆਰ ਹੋਈ।
ਹੱਕ ਸੱਚ ਦੀ ਗੱਲ ਨ ਕਰੇ ਕੋਈ,
ਝੂਠ ਬੋਲਣਾ ਰਸਮ ਸੰਸਾਰ ਹੋਈ।
ਮਜਲਿਸ ਲਾਇਕੇ ਕਰਨ ਹਰਾਮ ਏਕਾ,
ਹੱਥ ਜ਼ਾਲਿਮਾਂ ਤੇਜ਼ ਕਟਾਰ ਹੋਈ।
ਸੂਬੇਦਾਰ ਨਾਈਂ ਹਾਕਿਮ ਸ਼ਾਹ ਕੋਈ,
ਰਈਅਤ ਮੁਲਕ ਤੇ ਸਭ ਇਕਸਾਰ ਹੋਈ।
ਪਿਆ ਮੁਲਕ ਦੇ ਵਿਚ ਹੈ ਬੜਾ ਰੌਲਾ,
ਹਰ ਕਿਸੇ ਦੇ ਹੱਥ ਤਲਵਾਰ ਹੋਈ।

ਐਨੇ ਚਿਰ ਵਿਚ ਇਨਚਾਰਜ 'ਮੁਹਾਫ਼ਿਜ਼' ਆ ਗਿਆ। ਅਮਲਾ ਹੁਸ਼ਿਆਰ ਹੋ ਗਿਆ। 'ਮੁਹਾਫ਼ਿਜ਼' ਨੇ ਫ਼ਾਤਿਹਾਨਾ ਅੰਦਾਜ਼ ਨਾਲ 'ਜ਼ੈਡ' ਵਲ ਤੱਕਿਆ ਤੇ ਉਹਦਿਆਂ ਹੋਠਾਂ ਉਤੇ ਗ਼ਰੂਰ ਦਾ ਹਾਸਾ ਖਿਡ ਪਿਆ। ਮੱਝਾਂ ਖੋਲ੍ਹਣ ਵਾਲਾ ਚੁੱਪ ਕਰ ਗਿਆ ਸੀ। 'ਮੁਹਾਫ਼ਿਜ਼' ਅਗਾਂਹ ਟੁਰ ਗਿਆ ਤੇ ਉਹਨੇ ਉਚੀ ਆਵਾਜ਼ ਵਿਚ ਗੌਣਾ ਸ਼ੁਰੂ ਕੀਤਾ :

ਸ਼ਕਲ ਮੋਮਿਨਾਂ ਦੀ ਕੰਮ ਮੂਜ਼ੀਆਂ ਦਾ,
ਇਹ ਤਾਂ ਅਸਲ ਸ਼ੈਤਾਨ ਦੀਆਂ ਵਾਦੀਆਂ ਨੇ।
ਜਿਸ ਨੇ ਦਗ਼ੇ ਫ਼ਰੇਬ ਤੇ ਲੱਕ ਬੱਧਾ,
ਸੱਭੋ ਡੋਬੀਆਂ ਆਦਿ ਜੁਗਾਦੀਆਂ ਨੇ।
ਜਦੋਂ ਜਗ ਜਹਾਨ ਤੇ ਸੋਗ ਹੋਵੇ,
ਤਦੋਂ ਕਾਜ਼ੀਆਂ ਦੇ ਘਰ ਸ਼ਾਦੀਆਂ ਨੇ।
ਉਹ ਮਹਿਰੂਮ ਹੋਏ ਰਹਿਮਤ ਰੱਬ ਦੀ ਤੋਂ,
ਜਿਹਨਾਂ ਵੱਢੀਆਂ ਚੀਰੀਆਂ ਖਾਧੀਆਂ ਨੇ।

ਉਹਦੀ ਆਵਾਜ਼ ਵਿਚ ਬੜਾ ਰਸ ਸੀ। 'ਜ਼ੈਡ' ਨੇ ਕਿਹਾ, "ਰਾਤੀਂ ਪੈਂਡਾ ਕਰਨ ਵਾਲਿਆ ! ਤੂੰ ਤੇ ਮੱਝਾਂ ਖੋਲ੍ਹਣ ਵਾਲਾ ਏਂ। ਤੂੰ ਚਰਵਾਲ ਦੀਆਂ ਕਿਉਂ ਗੱਲਾਂ ਕਰਨਾ ਵੇਂ ?" ਉਹਨੇ ਕਿਹਾ, "ਰਾਂਝਣ ਮੇਰੇ ਮਨ ਵਿਚ ਵਸਦਾ ਏ। ਜੇ ਮੱਝਾਂ ਚਰਵਾਣ ਦਾ ਹਸ਼ਰ ਇਹ ਹੋਵੇ ਪਈ ਹੀਰ ਖੇੜੇ ਲੈ ਜਾਣ ਤੇ ਫੇਰ ਮੱਝਾਂ ਖੋਲ੍ਹਣ ਵਾਲਾ ਪੇਸ਼ਾ ਈ ਕਿਉਂ ਨ ਅਪਣਾਇਆ ਜਾਵੇ।" "ਗੱਲ ਹੱਕੀ ਇਹ ਵੇ", ਉਹਨੇ ਕਿਹਾ, "ਕਿ ਰਾਂਝਾ ਜ਼ਰਾ ਨ-ਦਿਲਾ ਸੀ। ਹੀਰ ਉਹਦੇ ਸਾਮ੍ਹਣੇ ਵਿਆਹੀ ਗਈ। ਮੂੰਹ ਵਿਚ ਘੁੰਗਣੀਆਂ ਪਾ ਕੇ ਖਲੋਤਾ ਰਿਹਾ। ਫੇਰ ਆ ਜਾ ਕੇ ਕੀ ਕੀਤੋ ਸੂ ਪਈ ਟਿੱਲੇ ਜਾ ਕੇ ਕੰਨ ਪੜਵਾ ਲਿਓ ਸੂ। ਹੱਥ ਵਿਚ ਠੂਠਾ ਫੜ ਕੇ ਆ ਗਿਆ, ਮਾਂਗਤ ਬਣ ਕੇ। ਅੱਯਾਲੀ ਨੇ ਰਾਹ ਵਿਚ ਖਰੀਆਂ ਖਰੀਆਂ ਸੁਣਾਈਆਂ ਤੇ ਮੁੜ ਕੁਝ ਮੱਤ ਆਈਓ ਸੂ। ਅਖੀਰ ਤੇ ਜੰਜ ਬਨਾਣ ਲਈ ਤਖਤ ਹਜ਼ਾਰੇ ਟੁਰ ਪਿਆ। ਭਲਾ ਤੂੰ ਕਮਲਿਆ ਕੈਦੋ ਦੀਆਂ ਚਾਲਾਂ ਤੇ ਸਮਝ।" (ਜ਼ੈਡ ਉਹਦੀਆਂ ਗੱਲਾਂ ਸੁਣ ਰਿਹਾ ਸੀ ਤੇ ਹੁੰਗਾਰਾ ਭਰ ਰਿਹਾ ਸੀ। ਬਾਕੀ ਸਾਰੇ ਵੀ ਖਾਮੋਸ਼ੀ ਨਾਲ ਕੰਨ ਲਾਈ ਬੈਠੇ ਸਨ)। "ਇਹ ਕੈਦੋ ਬੜੇ ਖਤਰਨਾਕ ਨੇ। ਅੱਜ ਵੀ ਇਹਨਾਂ ਰਾਂਝੇ ਨੂੰ ਜ਼ਹਿਰ ਪਿਆ ਦੇਣਾ ਵੇ ਤੇ ਹੀਰ ਕਮਲੀ ਵਾਲ ਖਿਲਾਰ ਕੇ ਵੈਣ ਪਾਂਦੀ ਰਵ੍ਹੇਗੀ।" ਇਹ ਕਹਿ ਕੇ ਉਹ ਬੰਦਾ ਕਿਸੇ ਡੂੰਘੇ ਵਹਿਣ ਵਿਚ ਲੱਥ ਗਿਆ। ਇਕ ਦੂਜਾ ਬੰਦਾ ਬੋਲਿਆ (ਉਹ ਆਪਣੀ ਜ਼ਨਾਨੀ ਨੂੰ ਕਤਲ ਕਰ ਕੇ ਆਇਆ ਸੀ ਕਿਉਂ ਜੋ ਉਹ ਕਿਸੇ ਹੋਰ ਨਾਲ ਰਲ ਗਈ ਸੀ)। "ਰਾਂਝੇ ਦੀ ਗੱਲ ਛੱਡੋ। ਅਸਲ ਵਿਚ ਜੀਅਦਾਰ ਤੇ ਮਿਰਜ਼ਾ ਸੀ। ਉਹਨੇ ਸਾਹਿਬਾਂ ਦੇ ਵਿਆਹ ਦੀ ਖਬਰ ਸੁਣਦਿਆਂ ਸਾਰ ਈ ਬੱਕੀ ਪੀੜੀ ਤੇ

ਬਾਕੀ ਪੰਨਾ 38 'ਤੇ

# ਹਿਜਰਤ ਅਜੇ ਵੀ ਜਾਰੀ ਹੈ !

**ਜਗਤਾਰ ਸਿੰਘ ਸਿੱਧੂ**

ਚੰਡੀਗੜ੍ਹ — ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਹੋਣ ਪਿਛੋਂ ਵੀ ਦਹਿਸ਼ਤਵਾਦ ਦੇ ਡਰ ਕਾਰਨ ਦੂਜੇ ਰਾਜਾਂ ਨੂੰ ਹਿਜਰਤ ਬੇਰੋਕ ਟੋਕ ਜਾਰੀ ਹੈ। ਪਿਛਲੇ ਲਗਪਗ ਦੋ ਮਹੀਨਿਆਂ ਵਿਚ ਪੰਜਾਬ ਦੇ 650 ਪਰਿਵਾਰ ਤਾਂ ਕੇਵਲ ਦਿੱਲੀ ਜਾ ਕੇ ਹੀ ਵਸੇ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਦਿੱਲੀ ਪ੍ਰਸ਼ਾਸਨ ਨੇ 650 ਪੰਜਾਬੀ ਪਰਿਵਾਰਾਂ ਦੇ ਰਾਸ਼ਟ ਕਾਰਡ ਪੰਜਾਬ ਸਰਕਾਰ ਨੂੰ ਭੇਜੇ ਹਨ। ਦਿੱਲੀ ਪ੍ਰਸ਼ਾਸਨ ਪੰਜਾਬ ਵਿਚੋਂ ਹਿੰਸਾ ਕਾਰਨ ਹਿਜਰਤ ਕਰਨ ਵਾਲੇ ਪਰਿਵਾਰਾਂ ਦੀ ਬਾਕਾਇਦਾ ਪੁਸ਼ਟੀ ਕਰਦਾ ਹੈ, ਕਿਉਂ ਜੋ ਉਸ ਪਿਛੋਂ ਉਨ੍ਹਾਂ ਨੂੰ ਬਣਦੀਆਂ ਸਹੂਲਤਾਂ ਮੁਹਈਆ ਕੀਤੀਆਂ ਜਾਂਦੀਆਂ ਹਨ। ਦਿੱਲੀ ਵਲੋਂ ਰਾਸ਼ਨ ਕਾਰਡ ਭੇਜ ਕੇ ਉਨ੍ਹਾਂ ਪਰਿਵਾਰਾਂ ਦੇ ਸਹੀ ਹੋਣ ਦੀ ਪੁਸ਼ਟੀ ਮੰਗੀ ਜਾਂਦੀ ਹੈ। ਇਸ ਲਈ ਕੇਂਦਰੀ ਪ੍ਰਸ਼ਾਸਨ ਪੰਜਾਬ ਤੋਂ ਉਜੜ ਕੇ ਗਏ ਪਰਿਵਾਰਾਂ ਦੇ ਰਾਸ਼ਨ ਕਾਰਡ ਇਕੱਠੇ ਕਰਦਾ ਹੈ ਅਤੇ ਫਿਰ ਉਨ੍ਹਾਂ ਨੂੰ ਪੁਸ਼ਟੀ ਲਈ ਪੰਜਾਬ ਭੇਜਿਆ ਜਾਂਦਾ ਹੈ। ਵਰਨਣਯੋਗ ਹੈ ਕਿ ਹਿੰਸਕ ਵਾਰਦਾਤਾਂ ਦੇ ਡਰ ਕਾਰਨ ਦਿੱਲੀ ਵਿਚ ਪਹਿਲਾਂ ਦੀ ਇਕ ਹਜ਼ਾਰ ਪੰਜਾਬੀ ਪਰਿਵਾਰਾਂ ਨੇ ਡੇਰੇ ਲਾਏ ਹੋਏ ਹਨ।

ਜ਼ਿਲਿਆਂ ਤੋਂ ਪ੍ਰਾਪਤ ਵੇਰਵਿਆਂ ਅਨੁਸਾਰ ਰਾਸ਼ਟਰਪਤੀ ਰਾਜ ਲਾਗੂ ਹੋਣ ਮਗਰੋਂ ਇਕੱਲੇ ਅੰਮ੍ਰਿਤਸਰ ਜ਼ਿਲੇ ਵਿਚੋਂ 320 ਪਰਿਵਾਰ ਹਿਜਰਤ ਕਰ ਕੇ ਚਲੇ ਗਏ ਹਨ। ਦੂਜਾ ਨੰਬਰ ਗੁਰਦਾਸਪੁਰ ਜ਼ਿਲੇ ਦਾ ਆਉਂਦਾ ਹੈ।

ਹਿੰਸਕ ਵਾਰਦਾਤਾਂ ਦੇ ਡਰ ਕਾਰਨ ਉਜੜਨ ਵਾਲੇ ਪਰਿਵਾਰ ਹਿਮਾਚਲ, ਰਾਜਸਥਾਨ, ਜੰਮੂ ਅਤੇ ਕਸ਼ਮੀਰ ਤੇ ਹਰਿਆਣਾ ਵਿਚ ਵੀ ਗਏ ਹਨ। ਇਕ ਅੰਦਾਜ਼ੇ ਅਨੁਸਾਰ ਲਗਪਗ 1700 ਪੰਜਾਬੀ ਪਰਿਵਾਰ ਹਰਿਆਣਾ ਵਿਚ ਜਾ ਕੇ ਵਸੇ ਹਨ। ਰਾਜਸਥਾਨ ਵਿਚ 150 ਪਰਿਵਾਰ ਵਸੇ ਹਨ। ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੋ ਅਜਿਹੇ ਰਾਜ ਹਨ ਜਿਨ੍ਹਾਂ ਨੇ ਪੰਜਾਬ ਸਰਕਾਰ ਦੀਆਂ ਵਾਰ ਵਾਰ ਬੇਨਤੀਆਂ ਦੇ ਬਾਵਜੂਦ ਪੰਜਾਬ ਵਿਚੋਂ ਉਜੜ ਕੇ ਗਏ ਪਰਿਵਾਰਾਂ ਦੇ ਵੇਰਵੇ ਨਹੀਂ ਭੇਜੇ ਹਨ। ਕਿਹਾ ਜਾਂਦਾ ਹੈ ਕਿ ਹਿਮਾਚਲ ਦੇ ਮੰਡੀ ਕਸਬੇ ਵਿਚ ਹੀ 150 ਪਰਿਵਾਰ ਹਿਜਰਤ ਕਰ ਕੇ ਗਏ ਹਨ।

ਇਹ ਤੱਥ ਵੀ ਕਾਫੀ ਦਿਲਚਸਪ ਹਨ ਕਿ ਇਨ੍ਹਾਂ ਪਰਿਵਾਰਾਂ ਨਾਲ ਸਬੰਧਤ ਜ਼ਿਲਿਆਂ ਦੇ ਅਧਿਕਾਰੀ ਖਾਮੋਸ਼ ਹਨ। ਉਨ੍ਹਾਂ ਵਿਚੋਂ ਕੋਈ ਵੀ ਮੰਨਣ ਨੂੰ ਤਿਆਰ ਨਹੀਂ ਕਿ ਰਾਸ਼ਟਰਪਤੀ ਰਾਜ ਦੌਰਾਨ ਅਮਨ ਕਾਨੂੰਨ ਦੀ ਹਾਲਤ ਵਿਗੜਨ ਕਾਰਨ ਕੋਈ ਹਿਜਰਤ ਹੋਈ ਹੈ।

ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੇ ਸਤ੍ਹਾ ਸੰਭਾਲਦਿਆਂ ਹੀ ਐਲਾਨ ਕੀਤਾ ਸੀ ਕਿ ਉਜੜ ਕੇ ਗਏ ਪਰਿਵਾਰਾਂ ਨੂੰ ਵਾਪਸ ਲਿਆਉਣ ਲਈ ਛੇਤੀ ਹੀ ਸਰਗਰਮ ਉਪਰਾਲਾ ਕੀਤਾ ਜਾਵੇਗਾ। ਇਸ ਮਸਲੇ ਉਤੇ ਵਿਚਾਰ ਕਰਨ ਲਈ ਰਾਜਪਾਲ ਨੇ ਪਹਿਲਾਂ 6 ਜੁਲਾਈ ਨੂੰ ਮੀਟਿੰਗ ਰੱਖੀ ਸੀ ਪ੍ਰੰਤੂ ਉਹ ਰੱਦ ਕਰਨੀ ਪਈ ਸੀ। ਉਸ ਪਿਛੋਂ 17 ਅਤੇ 21 ਜੁਲਾਈ ਦੀਆਂ ਮੀਟਿੰਗਾਂ ਵੀ ਰੱਦ ਕੀਤੀਆਂ ਗਈਆਂ ਕਿਉਂ ਜੋ ਰਾਜਪਾਲ ਹੋਰਨਾਂ ਰੁਝੇਵਿਆਂ ਵਿਚ ਲੱਗੇ ਹੋਏ ਸਨ।

ਸਰਕਾਰੀ ਰੀਪੋਰਟਾਂ ਅਨੁਸਾਰ 30 ਜੂਨ ਤੱਕ ਹਿਜਰਤ ਕਰ ਕੇ ਗਏ ਕੁੱਲ ਪਰਿਵਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ : ਅੰਮ੍ਰਿਤਸਰ 971, ਬਠਿੰਡਾ 6, ਫਰੀਦਕੋਟ 39, ਫਿਰੋਜ਼ਪੁਰ 47, ਗੁਰਦਾਸਪੁਰ 376, ਹੁਸ਼ਿਆਰਪੁਰ 2. ਜਲੰਧਰ 141, ਕਪੂਰਥਲਾ 15, ਲੁਧਿਆਣਾ 63, ਪਟਿਆਲਾ 8 ਅਤੇ ਰੋਪੜ ਵਿਚੋਂ ਇਕ। ਇਸ ਵਿਚ ਉਹ ਪਰਿਵਾਰ ਸ਼ਾਮਲ ਨਹੀਂ ਕੀਤੇ ਗਏ ਜਿਹੜੇ ਕਿ ਰੁਜ਼ਗਾਰ ਆਦਿ ਨੂੰ ਮੁਖ ਰੱਖ ਕੇ ਪੰਜਾਬ ਛੱਡ ਕੇ ਚਲੇ ਗਏ ਹਨ। ਅਜਿਹੇ ਪਰਿਵਾਰਾਂ ਦੀ ਗਿਣਤੀ ਵੀ ਲਗਪਗ 600 ਬਣਦੀ ਹੈ। ਇਨ੍ਹਾਂ ਵਿਚੋਂ ਲਗਪਗ 150 ਪਰਿਵਾਰਾਂ ਨੇ ਰਾਸ਼ਟਰਪਤੀ ਰਾਜ ਲਾਗੂ ਹੋਣ ਪਿਛੋਂ ਹਿਜਰਤ ਕੀਤੀ ਹੈ।

ਪੰਨਾ 21 ਦੀ ਬਾਕੀ

ਛੱਤੀ ਨੂੰ ਰੋਂਦਿਆਂ ਛੱਡ ਕੇ ਖੀਵੇ ਵਲ ਭੱਜਿਆ। ਅਸਲੀ ਮਰਦ ਸੀ। ਜੇ ਉਹਦੀ ਅੱਖ ਨ ਲਗਦੀ ਤਾਂ ਮੀਰ ਸ਼ਮੀਰ ਦੀ ਕੀ ਮਜਾਲ ਸੀ ਕਿ ਉਹਨੂੰ ਮਾਰ ਦੇਂਦੇ। ਬੱਸ ਭੁੱਟ ਦੇ ਠੌਂਕੇ ਨੇ ਉਹਨੂੰ ਬਰਬਾਦ ਕੀਤਾ।"

"ਯਾਰ ਕਿਸੇ ਨੂੰ ਮਿਰਜ਼ਾ ਆਵੰਦਾ ਏ ?"

"ਆਹੋ ਵਰਿਆਮੇ ਨੂੰ ਬੜੀ ਅਟਕਲ ਏ। ਚੱਲ ਓਇ ਵਰਿਆਮਿਆ। ਸੁਣਾ ਉਹਦੇ ਬੋਲ। 'ਜ਼ੈਡ' ਨੂੰ ਬਾਅਦ ਵਿਚ ਪਤਾ ਚੱਲਿਆ ਕਿ ਵਰਿਆਮਾ ਸੂਬੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਹ ਉਠਿਆ, ਖੰਘਿਆ ਤੇ ਕੰਧ ਨਾਲ ਟੇਕ ਲਾ ਕੇ ਗੌਣ ਲੱਗਾ :

ਮਿਰਜ਼ਾ ਆਖੇ ਕੋਈ ਨ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ।
ਕਟਕ ਭੜਾ ਦੇਂ ਟੱਕਰੀਂ, ਮੈਥੋਂ ਭੀ ਰਾਠ ਡਰੇ।
ਵਲ ਵਲ ਵੱਢਾਂਗਾ ਸੂਰਮੇਂ, ਜਿਵੇਂ ਖੇਤੀ ਨੂੰ ਪੈਣ ਗੜੇ।
ਸਿਰ ਸਿਆਲਾਂ ਦੇ ਵੱਢ ਕੇ, ਸੁੱਟਾਂਗਾ ਵਿਚ ਰੜੇ।
ਵਰਿਆਮੇ ਦੀ ਆਵਾਜ਼ ਹੋਰ ਉਚੀ ਹੋ ਗਈ :
ਸਿਰ ਸਿਆਲਾਂ ਦੇ ਵੱਢ ਕੇ, ਦੇਵਾਂ ਜੰਡ ਚੜ੍ਹਾ
ਬੱਕੀ ਦੀ ਬਹਿਲ ਤੇ ਬਹਿ ਕੇ, ਬੱਕੀ ਨੂੰ ਲਾਜ ਨਾ ਲਾ।
ਸ਼ੇਰ ਤੇ ਕਲਿਆਰ ਭੌਂਕਦੇ, ਦੇਖ ਜਿਨ੍ਹਾਂ ਦੀ ਧੂੰ।
ਜਿਉਂ ਮੱਕਾ ਲੱਭਾ ਹਾਜੀਆਂ, ਮੈਨੂੰ ਲੱਭਾ ਤੂੰ।
ਸ਼ਹਿਰ ਸਿਆਲਾਂ ਦੇ ਆ ਲੱਗੇ, ਜਿਉਂ ਫੱਟਾਂ ਉਤੇ ਲੂਣ।
ਤੇਗ਼ਾਂ ਮਾਰ ਉਡਾਵਣਗੇ, ਜਿਉਂ ਪੇਂਜਾ ਪਿੰਜਦਾ ਰੂੰ।

ਵਰਿਆਮਾ ਗੌਂਦਿਆਂ ਗੌਂਦਿਆ ਰੁਕ ਗਿਆ। ਉਹਨੇ 'ਜ਼ੈਡ' ਵੱਲ ਘੂਰ ਕੇ ਵੇਖਿਆ ਤੇ ਕਹਿਣ ਲੱਗਾ, "ਮੈਨੂੰ ਪਤਾ ਏ ਤੁਹਾਨੂੰ ਕਿਉਂ ਨਪੀੜ ਲਿਆਏ ਨੇ। ਮੈਂ 'ਮੁਹਾਫ਼ਿਜ਼ਾਂ' ਦੀਆਂ ਗੱਲਾਂ ਸੁਣ ਰਿਹਾ ਸਾਂ। ਉਹਨਾਂ ਦੇ ਇਰਾਦੇ ਤੁਹਾਨੂੰ ਫੱਟੇ ਲਵਾ ਕੇ ਰਹਿਣ ਦੇ ਨੇ।"

ਵਰਿਆਮਾ ਚੁੱਪ ਕਰ ਗਿਆ ਤੇ ਝਬਦੇ ਮਗਰੋਂ ਆਵਾਜ਼ ਚੁੱਕੀ :

ਉਠੀਂ ਮਿਰਜ਼ਿਆ ਸੁੱਤਿਆ, ਖੱਬੇ ਆਏ ਅਸਵਾਰ।
ਹੱਥੀਂ ਤੇਗ਼ਾਂ ਰੰਗਲੀਆਂ, ਕਰਦੇ ਮਾਰੋ ਮਾਰ।
ਵਰਿਆਮਾ ਗੌਂਦਾ ਰਿਹਾ।

ਪਹਿਰੇ ਉਪਰ ਛੋਟੇ 'ਮੁਹਾਫ਼ਿਜ਼' ਹਵਾਲਾਤ ਦੇ ਅੰਦਰ ਝਾਤੀ ਪਾਂਦੇ ਰਹੇ। ਇਸ਼ਾਰਿਆਂ ਨਾਲ ਚੁਪ ਕਰਵਾਣ ਦੀ ਕੋਸ਼ਿਸ਼ ਵੀ ਕਰਦੇ ਰਹੇ। ਪਰ, ਵਰਿਆਮੇ ਨੂੰ ਰੋਕਣਾ ਨਾ-ਮੁਮਕਿਨ ਹੋ ਗਿਆ ਸੀ। ਉਹ ਕਾਫੀ ਦੇਰ ਤੀਕ ਆਪਣੀ ਲੈਅ ਵਿਚ ਮਿਰਜ਼ਾ ਸੁਣਾਂਦਾ ਰਿਹਾ।

# ਪਾਕਿ ਸਰਕਾਰ ਬਾਦਸ਼ਾਹ ਖਾਨ ਦੀ ਅੰਤਮ ਇੱਛਾ ਪੂਰੀ ਕਰੇਗੀ

ਇਸਲਾਮਾਬਾਦ — ਪਾਕਿਸਤਾਨ ਖਾਨ ਅਬਦੁਲ ਗਫਾਰ ਖਾਨ ਦੀ ਇਸ ਅੰਤਮ ਇੱਛਾ ਦਾ ਸਨਮਾਨ ਕਰੇਗਾ ਕਿ ਉਨ੍ਹਾਂ ਨੂੰ ਅਫਗਾਨਿਸਤਾਨ ਵਿਚ ਜਲਾਲਾਬਾਦ ਵਿਖੇ ਦਫਨਾਇਆ ਜਾਵੇ। ਪ੍ਰੈਸ ਰਿਪੋਰਟਾਂ ਅਨੁਸਾਰ ਸਰਕਾਰ ਬਾਦਸ਼ਾਹ ਖਾਨ ਵਲੋਂ ਦੇਸ਼ ਲਈ ਪਾਏ ਮਹਾਨ ਯੋਗਦਾਨ ਨੂੰ ਪੂਰੀ ਤਰ੍ਹਾਂ ਮਾਨਤਾ ਦਿੰਦੀ ਹੈ ਅਤੇ ਉਤਰ-ਪੱਛਮੀ ਸਰਹੱਦੀ ਸੂਬੇ ਦੀ ਸਰਕਾਰ ਨੂੰ ਕਿਹਾ ਗਿਆ ਹੈ ਕਿ ਸਮੇਂ ਤੋਂ ਪਹਿਲਾਂ ਹੀ ਲੋੜੀਂਦੇ ਪ੍ਰਬੰਧ ਕੀਤੇ ਜਾਣ।

ਪਰ ਕੌਮਾਂਤਰੀ ਸਰਹੱਦ ਦੀ ਪਵਿੱਤਰਤਾ ਕਾਇਮ ਰੱਖੀ ਜਾਵੇਗੀ। ਭਾਵੇਂ ਬਾਦਸ਼ਾਹ ਦੇ ਅਕਾਲ ਚਲਾਣੇ ਦੀ ਸੂਰਤ ਵਿਚ ਸਰਕਾਰ ਲੋਕਾਂ ਦੇ ਸਰਹੱਦੋਂ ਪਾਰ ਜਾਣ ਉਤੇ ਰੋਕਾਂ ਲਾਵੇਗੀ ਪਰ ਲੋੜੀਂਦੇ ਕਾਨੂੰਨੀ ਦਸਤਾਵੇਜ਼ ਲੈ ਕੇ ਲੋਕ ਉਥੇ ਜਾ ਸਕਣਗੇ ਤਾਂ ਜੋ ਵਾਪਸੀ ਵੇਲੇ ਉਨ੍ਹਾਂ ਨੂੰ ਕੋਈ ਦਿੱਕਤ ਨਾ ਆਵੇ।

## ਗ਼ਜ਼ਲ

**ਨਰਿੰਦਰ ਬਾਈਆ "ਅਰਸ਼ੀ"**

ਲੈਣਾ ਸੁਖ ਦਾ ਕੀ ਉਸ ਨੇ ਮਜ਼ਾ, ਜਿਸ ਨੇ ਦੁੱਖ ਦਾ ਨਾ ਪਲ ਦੇਖਿਆ
ਉਹ ਕੀ ਛਾਵਾਂ ਦਾ ਜਾਣੇ ਅਨੰਦ, ਜਿਸ ਨੇ ਤਪਦਾ ਨਾ ਥਲ ਵੇਖਿਆ।
ਐਸੀ ਦੁਨੀਆਂ ਕਦਰਦਾਨ ਡਿੱਠੀ, ਐਸੀ ਪਰਖ ਜ਼ਮਾਨੇ ਦੀ ਵੇਖੀ
ਕੱਚ ਬਣਿਆ ਹੈ ਸੋਨੇ ਦੀ ਸ਼ੋਭਾ, ਤੇ ਹੀਰਾ ਰੁਲਦਾ ਧੂਦਲ ਵੇਖਿਆ।
ਤੂੰ ਰੇਤੇ ਤੇ ਮਿੱਟੀ ਦਾ ਪੁਤਲਾ, ਐ ਇਨਸਾਨ ਤੇਰੀ ਕੀ ਹਸਤੀ
ਮੈਂ ਹਾਂ ਮਜ਼ਬੂਤ ਕੈਂਦਾ ਸੀ ਜੋ, ਉਹ ਵੀ ਡਿਗਿਆ ਮੈਹਲ ਵੇਖਿਆ
ਜਿਸ ਨੇ ਬੇਕਾਰ ਵਕਤ ਬਿਤਾਇਆ, ਉਸ ਨੇ ਪਾਈ ਸਦਾ ਹੀ ਨਾਕਾਮੀਂ
ਜਿਸ ਨੇ ਕੀਮਤ ਸਮੇਂ ਦੀ ਪਛਾਣੀ, ਉਹ ਹੀ ਹੋਇਆ ਸਫਲ ਵੇਖਿਆ।
ਐਵੇਂ ਨਿਰਦੋਸ਼ੇ ਸੂਲੀਂ ਚੜ੍ਹੇ, ਐਵੇਂ ਪਾਈ ਸਜ਼ਾ ਬੇਗੁਨਾਹਾਂ
ਸਾਰੇ ਸ਼ਹਿਰ ਮੁਹੱਲੇ ਨੇ ਅੱਖੀਂ, ਹੈ ਕਰਦਾ ਕਾਤਿਲ ਕਤਲ ਵੇਖਿਆ।
ਵੇਖਿਆ।

ਕੱਚੀ ਛਪਰੀ ਉੱਤੇ ਕਾਹਦਾ ਸ਼ਿਕਵਾ ਏ।
ਪੱਕੇ ਬਣੇ ਸਰੋਵਰ ਵਿਚ ਵੀ ਗਾਰਾ ਏ।
ਆਖਣ ਨੂੰ ਹੀ ਇਕ ਪਰਿਵਾਰ ਕਹਾਂਦਾ ਏ,
ਓਦਾਂ ਹਰ ਇਕ ਬੰਦਾ ਕੱਲ੍ਹਾ ਕੱਲ੍ਹਾ ਏ।


ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹੋਰ ਹਰ ਕਿਸਮ ਦੀ ਪ੍ਰਿੰਟਿੰਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਸਪੈਸ਼ਲ

ਜੁਲਾਈ ਤੇ ਅਗਸਤ ਦੇ ਮਹੀਨੇ ਫਾਰਮਾਂ ਦੇ ਪਿੱਕਰ ਕਾਰਡ ਛਪਾਉਣ ਲਈ 10% ਡਿਸਕਾਊਂਟ ਦਿਤਾ ਜਾਵੇਗਾ

13289 - 98A Ave., Surrey, B.C. V3T 5G2 ਫ਼ੋਨ : 585-7916

ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

BOMBAY SWEETS MANUFACTURER INC.

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722

$2.50 / ਪੌਂਡ ਵਾਲੀਆਂ ਜਲੇਬੀਆਂ $1.99

$2.50 / ਪੌਂਡ ਵਾਲੇ ਲੱਡੂ $1.75

CONTACT:
NARESH SHUKLA & BROS.

Thinking of Buying or Selling

New Houses, Lots, Building Contracts

Specializing :

Resale New Housing Lot Sales and Farms



Don't delay call now :
Hardeep S. Bhangav
Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

Ph. Off: 594-4141
Pager 438-2333 #1596

BENCH MARK REALTY CORPORATION

Bench Mark Realty Corp.
7218 King George Hwy. Surrey, B.C. V3W 5A5

ਪੰਨਾ 19 ਦੀ ਬਾਕੀ

6.

ਕੈਨੇਡਾ ਦੀ ਪੰਜਾਬੀ ਕਵਿਤਾ ਵਿਚ ਮੋਹਨਜੀਤ ਅਨੁਸਾਰ 'ਸੁਰਜੀਤ ਕਲਸੀ ਦੀ ਕਵਿਤਾ ਦਾ ਸਹਿਜ ਪ੍ਰਗਟਾ ਹੀ ਉਸਦੀ ਔਰਤ-ਦ੍ਰਿਸ਼ਟੀ ਦਾ ਪ੍ਰਤੀਕ ਹੈ।' ਸੁਖਿੰਦਰ ਸੁਰਜੀਤ ਕਲਸੀ ਨੂੰ 'ਫੈਮਿਨਿਨ ਪੋਇਟਰੀ' ਦੀ ਪ੍ਰਤੀਨਿਧ ਮੰਨਦਾ ਹੈ। ਉਸ ਅਨੁਸਾਰ 'ਇਹ ਕਵਿਤਾ ਇਕ ਇਕੱਲੀ ਔਰਤ ਦੀ ਦ੍ਰਿਸ਼ਟੀ ਦੀ ਵੀ ਪ੍ਰਤੀਨਿਧਤਾ ਕਰਦੀ ਹੈ ਅਤੇ ਸਮੂਹ ਔਰਤਜ਼ਾਤ ਦੀ ਦ੍ਰਿਸ਼ਟੀ ਦੀ ਵੀ।' ਸੁਰਜੀਤ ਕਲਸੀ ਦਾ ਕੈਨੇਡਾ ਵਿਚ ਬੇਬਸੀ ਦੀ ਜ਼ਿੰਦਗੀ ਹੰਢਾ ਰਹੀਆਂ ਔਰਤਾਂ, ਸ਼ਰਾਬੀ ਪਤੀਆਂ ਦੀ ਕੁਟਮਾਰ ਦਾ ਸ਼ਿਕਾਰ ਹੋਈਆਂ ਔਰਤਾਂ, ਜਾਗੀਰੂ ਸਮਾਜ ਦੀ ਰਹਿਦ ਖੂੰਦ ਸੰਸਕਾਰਾਂ ਵਾਲੀਆਂ ਸੱਸਾਂ ਦੇ ਬੁਰੇ ਵਰਤਾਰੇ ਭੋਗਦੀਆਂ ਔਰਤਾਂ ਨਾਲ ਨੇੜਲੇ ਸੰਬੰਧਾਂ ਕਾਰਨ ਉਸ ਨੂੰ ਵਿਭਚਾਰੀ ਪੂੰਜੀਵਾਦੀ ਸਮਾਜ ਵਿਚ ਫੈਲੇ ਇਸ ਅਰਾਜਕਤਾਵਾਦੀ ਵਤੀਰੇ ਦਾ ਪੂਰਾ ਗਿਆਨ ਹੈ ਸੰਵੇਦਨਸ਼ੀਲ ਹੋਣ ਕਾਰਨ ਉਸ ਨੇ ਔਰਤ ਉਤੇ ਹੋ ਰਹੇ ਜ਼ੁਲਮ ਨੂੰ ਬੜੇ ਨੇੜੇ ਹੋ ਕੇ ਦੇਖਿਆ ਹੈ। ਇਸ ਸਬੰਧ ਵਿਚ ਉਸ ਨੇ ਕੈਨੇਡਾ ਦੇ ਬਾਕੀ ਕਵੀਆਂ ਨਾਲੋਂ ਗੁਣਾਤਮਕ ਤੇ ਗਿਣਾਤਮਕ ਪੱਧਰ ਉਤੇ ਵੱਧ ਲਿਖਿਆ ਹੈ। ਉਸਦੀਆਂ ਕਵਿਤਾਵਾਂ 'ਪੌਣਾਂ ਨਾਲ ਗੁਫਤਗੂ', 'ਅੰਤਰਘਟ ਤਕ ਪਿਆਸੀ', 'ਬਿਨ-ਚਿਹਰੀ', 'ਤੁਸੀਂ ਕਹਿੰਦੇ ਹੋ' ਆਦਿ ਸ਼ਕਤੀਸ਼ਾਲੀ ਕਵਿਤਾਵਾਂ ਹਨ।

ਇਸ ਸੰਦਰਭ ਵਿਚ ਗੁਰਚਰਨ ਰਾਮਪੁਰੀ, ਸਾਧੂ, ਰਾਜਿੰਦਰ, ਜਸਵੰਤ ਚੀਮਾ, ਹਰਮਿੰਦਰ ਨੇ ਵੀ ਇਸੇ ਦ੍ਰਿਸ਼ਟੀ ਤੋਂ ਨਜ਼ਮਾਂ ਲਿਖੀਆਂ ਹਨ :

"ਕੱਲ੍ਹ ਦੀ ਭਟਕਣ
ਇਹ ਅੱਜ ਦੀ ਬੇਵਸੀ
ਮੇਰੀ ਰੂਹ ਦੇ ਦਰਦ
ਕਲ੍ਹ ਵੀ ਸੀ, ਅੱਜ ਵੀ ਨੇ।' (ਹਰਮਿੰਦਰ)

"ਯੁੱਗਾਂ ਤੋਂ ਲੱਭਦੀ ਰਹੀ
ਆਪਣਾ ਚਿਹਰਾ
ਆਪਣਾ ਜ਼ਿਹਨ
ਆਪਣੀ ਸ਼ਨਾਖਤ
ਉਫ਼! ਇਹ ਤਾਂ ਚਿਹਰੇ ਦਾ ਯੁੱਗ ਨਹੀਂ
ਬਦਨ ਦੀ ਬੋਲੀ ਬੋਲਦੀ
ਹਰ ਮਰਦਾਵੀਂ ਸੋਚ
ਔਰਤ ਦਾ ਧੜ ਤੁਰਦੀ ਹੈ! (ਸੁਰਜੀਤ ਕਲਸੀ)

ਜ਼ਿੰਦਗੀ ਦੀ ਰਾਂਗਲੀ ਸਵੇਰ
ਨੂੰ ਮਿਲਣ ਲਈ
ਵਸ 'ਚ ਆਪਣੇ, 'ਉਸ' ਲਈ,
ਸੰਸਾਰ ਕਰ ਰਹੀ ਹਾਂ ਮੈਂ। (ਗੁਰਚਰਨ ਰਾਮਪੁਰੀ)

ਜਿਥੇ ਸੁਰਜੀਤ ਕਲਸੀ ਦੀਆਂ ਕਵਿਤਾਵਾਂ ਵਿਚੋਂ ਸ੍ਵੈ-ਵਿਸ਼ਵਾਸ ਤੇ ਠਰ੍ਹੰਮੇ ਨਾਲ ਸੋਚਦੀ ਤੇ ਆਪਣੀ ਆਜ਼ਾਦੀ ਲਈ ਜੂਝਣ ਲਈ ਤਤਪਰ ਔਰਤ ਦਾ ਚਿਹਰਾ ਉਭਰਦਾ ਹੈ ਉਥੇ ਰਾਜਿੰਦਰ ਦੀ ਇਕ ਨਜ਼ਮ ਜੋ ਨਜ਼ਰਾਂ ਸਾਹਮਣਿਓਂ ਗੁਜ਼ਰੀ ਹੈ ਉਸ ਵਿਚ ਬੇਬਸ ਤੇ ਥੱਕੀ ਹੰਭੀ ਔਰਤ ਦਾ ਚਿਹਰਾ ਹੀ ਸਾਹਮਣੇ ਆਉਂਦਾ ਹੈ :

'ਮੇਰਾ ਜੋ ਅਸਲੀ ਆਪਾ ਸੀ
ਮੇਰੇ ਧੁਰ ਅੰਦਰ ਦਾ ਸੱਚ
ਪਤਾ ਨਹੀਂ ਕਿੰਨੇ ਦਿਨਾਂ ਤੋਂ
ਅੰਦਰ ਹੀ ਅੰਦਰ
ਕਿਸੇ ਹਨੇਰੀ ਖੁੰਦਰ ਵਿਚ
ਉਥੇ ਸਾਹ ਲੈਂਦਾ ਸੀ
ਅੱਜ ਉਸਨੇ
ਦਮ ਤੋੜ ਦਿਤਾ ਹੈ
ਤੇ ਮੈਂ ਆਪਣੇ ਹੱਥੀਂ
ਉਸਦੀ ਲਾਸ਼
ਬੇਵਸੀ ਦੀ ਚਿਤਾ ਵਿਚ
ਸੁਆਹ ਕਰ ਦਿਤੀ ਹੈ। (ਰਾਜਿੰਦਰ)

ਜਿਥੇ ਇਹ ਕਵਿਤਾ ਹੰਭੀ ਹਾਰੀ ਔਰਤ ਦਾ ਵਿਅਕਤੀਤਵ ਰੂਪਮਾਨ ਕਰਦੀ ਹੈ ਉਥੇ ਇਹ ਬੇਵਸੀ ਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਵੀ ਨਜ਼ਰ ਨਹੀਂ ਆਉਂਦੀ। ਕੈਨੇਡਾ ਦੀ ਪੰਜਾਬੀ ਕਵਿਤਾ ਅੱਜ ਦੇ ਸਮਾਜ ਵਿਚ ਏਥੋਂ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਜਿਨ੍ਹਾਂ ਨੂੰ ਭਾਰਤ ਤੋਂ ਲਿਆਂਦੇ ਤੇ ਮਾਪਿਆਂ ਦੇ ਚੁਣੇ ਮੰਗੇਤਰਾਂ ਨਾਲ ਨੂੜਿਆ ਜਾਂਦਾ ਹੈ — ਉਸਦੀ ਗੱਲ ਕਰਨ ਤੋਂ ਵੀ ਝਿਜਕ ਰਹੀ ਮਾਲੂਮ ਦਿੰਦੀ ਹੈ। ਕੈਨੇਡਾ ਵਿਚ ਅਜਿਹੇ ਕੇਸ ਵਾਪਰ ਚੁਕੇ ਹਨ ਜਿਥੇ ਕੁੜੀਆਂ ਨੇ ਮਾਪਿਆਂ ਵਲੋਂ ਚੁਣੇ ਮੰਗੇਤਰਾਂ ਨਾਲ ਵਿਆਹ ਤੋਂ ਇਨਕਾਰ ਕਰਕੇ ਖੁਦਕਸ਼ੀਆਂ ਕੀਤੀਆਂ ਹਨ। ਪੱਛਮੀ ਜੀਵਨ ਦੇ ਵਕਤੀ ਪ੍ਰਭਾਵ ਹੇਠ ਕੁੜੀਆਂ ਦਾ ਕੁਰਾਹੇ ਪੈ ਜਾਣਾ ਵੀ ਅਜਿਹੀ ਕਵਿਤਾ ਨੇ ਅਖੋਂ ਪਰੋਖੇ ਕੀਤਾ ਹੋਇਆ ਹੈ।

7.

ਅਸੀਂ ਪਹਿਲਾਂ ਵੀ ਦੇਖ ਚੁਕੇ ਹਾਂ ਕਿ ਕੈਨੇਡਾ ਦੀ ਪੰਜਾਬੀ ਕਵਿਤਾ ਮੁੱਖ ਤੌਰ ਉਤੇ ਉਨ੍ਹਾਂ ਕਵੀਆਂ ਦੇ ਆਲੇ ਦੁਆਲੇ ਘੁੰਮਦੀ ਹੈ ਜੋ ਪ੍ਰਗਤੀਵਾਦੀ ਜਾਂ ਨਵ-ਪ੍ਰਗਤੀਵਾਦੀ ਧਾਰਾ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਬਹੁਤੇ 'ਕੱਲ੍ਹ' ਦੀ ਗੱਲ ਵੱਲ ਬਹੁਤੇ ਕੇਂਦ੍ਰਿਤ ਰਹੇ ਹਨ। 'ਅੱਜ' ਦੀ ਗੱਲ ਕੈਨੇਡਾ ਦੀ ਪੰਜਾਬੀ ਕਵਿਤਾ ਨੇ ਅਜੇ ਕਰਨੀ ਹੈ। ਅਸੀਂ ਇਹ ਵੀ ਦੇਖਿਆ ਹੈ ਕਿ ਇਹ ਕੈਨੇਡਾ ਦੇ ਪੰਜਾਬੀ ਕਵੀ ਮੁੱਖ ਤੌਰ ਉਤੇ ਨਿਮਨ-ਮੱਧ-ਵਰਗੀ ਸ਼੍ਰੇਣੀ ਨਾਲ ਸਬੰਧਤ ਰਹੇ ਹਨ। ਇਹ ਇਸ ਸ਼੍ਰੇਣੀ ਨਾਲ ਸਬੰਧਤ ਪ੍ਰੰਪਰਾਵਾਂ, ਸਭਿਆਚਾਰ ਤੇ ਇਸ ਦੇ ਹਿਤਾਂ ਨੂੰ ਪ੍ਰਤੀਬਿੰਬਤ ਵੀ ਕਰਦੇ ਹਨ ਪਰ ਇਸਨੂੰ ਨਫ਼ਰਤ ਨਾਲ ਵੀ ਵੇਖਦੇ ਹਨ। ਨਫ਼ਰਤ ਪ੍ਰਗਟਾਉਣ ਲਈ ਵਿਅੰਗ ਦੀ ਵਿਧੀ ਅਪਣਾਈ ਜਾਂਦੀ ਹੈ। ਉਹ ਇਹ ਵੀ ਜਾਣਦੇ ਹਨ ਕਿ ਪੂੰਜੀਵਾਦੀ ਸਮਾਜ ਵਿਚ ਉਨ੍ਹਾਂ ਦਾ ਕੀ ਸਥਾਨ ਹੈ। ਉਹ ਇਸ ਸਮਾਜ ਦੀਆਂ ਅੰਤਰ-ਵਿਰੋਧਤਾਈਆਂ ਨੂੰ ਵੀ ਸਮਝਦੇ ਹਨ ਪਰ ਆਪਣੇ ਅਰਧ-ਜਾਗੀਰੂ ਖਾਸੇ ਕਾਰਨ ਉਹ ਕਦਮ ਪੁਟਣ ਤੋਂ ਵੀ ਅਕਸਰ ਹਿਚਕਚਾਉਂਦੇ ਹਨ। ਇਸੇ ਕਾਰਨ ਉਨ੍ਹਾਂ ਦੀ ਕਵਿਤਾ ਵਿਚ ਸ਼ੰਕੇ ਦਾ ਇਜ਼ਹਾਰ ਆਮ ਮਿਲਦਾ ਹੈ।

ਗੁਰਚਰਨ ਰਾਮਪੁਰੀ ਦੀ ਪੁਸਤਕ 'ਅੰਨ੍ਹੀ ਗਲੀ' ਤੋਂ ਭਲੀਭਾਤ ਪ੍ਰਗਟ ਹੁੰਦਾ ਹੈ ਕਿ ਉਹ ਪੱਛਮੀ ਪੂੰਜੀਵਾਦੀ ਪ੍ਰਬੰਧ ਤੋਂ ਨਾਖੁਸ਼ ਹੈ ਪਰ ਸਮਾਜਵਾਦੀ ਵਿਚਾਰਧਾਰਾ ਨਾਲ ਪਰਨਾਏ ਹੋਣ ਦੇ ਬਾਵਜੂਦ ਉਸ ਦਾ ਮੱਧ-ਸ਼੍ਰੇਣਿਕ ਵਿਅਕਤੀਵਾਦ ਉਸ ਦੀ ਸੋਚਣੀ ਵਿਚ ਸ਼ੰਕੇ ਉਤਪੰਨ ਕਰਦਾ ਹੈ :

"ਕੱਲ੍ਹ ਜੋ ਆਖੇ
ਕਿ ਗੱਦੀ ਹੈ ਚਿੰਨ੍ਹ ਜਬਰ ਦਾ
ਅੱਜ ਗੱਦੀ ਨੂੰ ਪਾਕ ਪਵਿੱਤਰ ਦੱਸੀ ਜਾਏ
ਸੱਚ ਕੱਲ੍ਹ ਵੀ ਲਟਕ ਰਿਹਾ ਸੀ
ਅੱਜ ਵੀ ਲਟਕੇ।

ਜਾਂ

ਸੰਭਵ ਏ ਮਾਨੁੱਖ ਦੇ ਹੱਕਾਂ ਦਾ ਕੂਈ ਢੰਡੋਰਚੀ
ਅੰਦਰੋਂ ਹਿਟਲਰ ਹੋਏ

ਗੁਰਚਰਨ ਰਾਮਪੁਰੀ ਦੀ ਸੋਚ ਇਕ ਦੁਰਾਹੇ ਤੇ ਆ ਖੜ੍ਹੀ ਪ੍ਰਤੀਤ ਹੁੰਦੀ ਹੈ। ਉਸਦੀ ਕਵਿਤਾ ਦਾ ਕਾਵਿ-ਮੁਹਾਵਰਾ, ਬਿੰਬ-ਵਿਧਾਨ ਇਕ ਜਮੂਦ ਦੀ ਅਵਸਥਾ ਵਿਚ ਆ ਖੜ੍ਹਦੇ ਹਨ। ਇਸ ਦਾ ਮੁਖ ਕਾਰਨ ਮੱਧ-ਸ਼੍ਰੇਣੀ ਦੇ ਵਿਅਕਤੀ ਦਾ ਜਮਾਤੀ ਖਾਸਾ ਹੈ। ਜਿਨਾਂ ਚਿਰ ਉਹ ਇਤਿਹਾਸਕ ਚੇਤਨਾ ਦਾ ਪੱਲਾ ਮਜ਼ਬੂਤੀ ਨਾਲ ਫੜਦਾ ਹੈ ਉਨਾਂ ਚਿਰ ਉਸਦੀ ਪ੍ਰਤੀਬੱਧਤਾ ਕਾਇਮ ਰਹਿੰਦੀ ਹੈ।

ਇਥੇ ਜੁਝਾਰੂ ਕਵਿਤਾ ਨਾਲ ਪਰਨਾਏ ਦੋ ਕਵੀਆਂ ਇਕਬਾਲ ਰਾਮੂਵਾਲੀਆ ਤੇ ਸੁਰਿੰਦਰ ਧੰਜਲ ਦਾ ਜ਼ਿਕਰ ਕਰਨਾ ਵੀ ਪ੍ਰਕਰਣ ਤੋਂ ਬਾਹਰੀ ਗੱਲ ਨਹੀਂ ਹੋਵੇਗੀ। ਜਿਨਾਂ ਚਿਰ ਇਨ੍ਹਾਂ ਕਵੀਆਂ ਉਪਰ ਅਤੀਤ ਦਾ ਪ੍ਰਭਾਵ ਰਿਹਾ ਇਹ ਕੈਨੇਡਾ ਵਿਚ ਰਹਿੰਦੇ ਵੀ ਇਨਕਲਾਬੀ ਸ਼ਕਤੀਆਂ ਨਾਲ ਬੱਝੇ ਰਹੇ ਪਰ ਸਮਾਂ ਪੈਣ ਨਾਲ ਇਹ ਪ੍ਰਭਾਵ ਪੇਤਲਾ ਪੈਂਦਿਆਂ ਹੀ ਇਨ੍ਹਾਂ ਦੀਆਂ ਕਵਿਤਾਵਾਂ ਦਾ ਸੁਰ ਬਦਲ ਗਿਆ :

"ਅਸੀਂ ਜੋ ਸ਼ਾਇਰ ਹਾਂ, ਜਾਂ ਭਰਮ ਜਿਹਾ ਸ਼ਾਇਰ ਹੋਵਣ ਦਾ
ਡਿਸਕੋ ਨਾਚ ਦੇ ਸਾਜ਼ਾਂ ਦੀ ਪਾਗਲ ਭਿਣਭਿਣੀ ਸਾਹਵੇਂ
ਨਬਜ਼ ਦੀ ਟਪਕ ਹਾਂ ਜਾਂ ਅੱਖ ਝਮਕਣ ਦਾ ਖੜਾਕਾ ਹਾਂ
ਅਸਲ ਵਿਚ ਨਾ ਅਸੀਂ ਬਿੰਬਾਵਲੀ ਵਰਗੇ ਰਹੇ ਹਾਂ
ਨਾ ਉਪਮਾਵਾਂ ਅਲੰਕਾਰਾਂ ਦੀ ਕਿਣਮਣ
ਨਾ ਹੀ ਸ਼ਿਅਰਾਂ ਦੀ ਟੁਣਕਦੀ ਰਵਾਨੀ ਜਹੇ। (ਇਕਬਾਲ ਰਾਮੂਵਾਲੀਆ)

ਜਾਂ

'ਨਵੇਂ ਬਟੂਏ ਦੀ ਚਿੜ ਚਿੜ ਹਾਂ
ਓਵਰ-ਟਾਈਮ ਦੇ ਨੋਟਿਸ ਦੀ ਹਾਸੀ ਹਾਂ ਬੁਝੀ ਜਹੀ
ਮਸ਼ੀਨਾਂ ਦੀ ਤੇ ਮਾਲਕ ਦੀ
ਸੁਬਾ ਤੋਂ ਸੁਬਾ ਤੱਕ ਕੰਨਾਂ 'ਚ ਰਿੜਦੀ ਅਣਥੱਕ ਬੁੜਬੁੜ ਹਾਂ
ਦਫ਼ਤਰੀ ਮੇਜ਼ ਦੇ ਉਤੇ ਫ਼ਰੀ ਕਾਫ਼ੀ ਦੇ
ਬੇਲਜ਼ਤ ਸੁੜ੍ਹਾਕੇ ਹਾਂ
ਅਸੀਂ ਜੋ ਸਫ਼ਰ ਦੇ ਇਕਰਾਰਨਾਮੇ ਸਾਂ
ਹੁਣ ਬੱਸ ਜੋਸ਼ ਹਾਂ ਲੱਕੜ ਦੇ ਅੰਗਾਂ ਦਾ
ਅਸੀਂ ਜੋ ਲੋਕ-ਭਗਤੀ ਦੇ ਸੁਨੇਹੇ ਸਾਂ
ਬੈਂਕ ਕਾਪੀ ਦੀ ਮੁਸਕੌਂਦੀ ਹੋਈ ਤਿਊੜੀ ਹੀ ਰਹਿ ਗਏ ਹਾਂ।"
(ਇਕਬਾਲ ਰਾਮੂਵਾਲੀਆ)

ਇਕਬਾਲ ਦਾ ਬਿੰਬ-ਵਿਧਾਨ ਜੋ 'ਸਿਤਾਰ ਦੀਆਂ ਤਾਰਾਂ', 'ਤਬਲੇ ਦੀ ਡੁਗ ਡੁਗ', 'ਅਲਗੋਜ਼ਿਆਂ ਦੀ ਜੋੜੀ', 'ਸਾਰੰਗੀ ਦੇ ਗਜ਼', 'ਕੜ੍ਹੀਆਂ ਦੀ ਚੌਂਕਣੀ', 'ਬਿਆਈਆਂ ਦੀ ਦਲਦਲ', 'ਪੈਲੀ ਦੇ ਨੰਬਰਾਂ 'ਚੋਂ, ਜੰਮਿਆ ਟਰੈਕਟਰ', 'ਹਥੌੜਿਆਂ ਵਾਂਗ ਉਲਰੇ ਮੁਕੇ' ਆਦਿ 'ਬਟੂਏ ਦੀ ਚਿੜਚਿੜ' 'ਫ਼ਰੀ ਕਾਫ਼ੀ', 'ਲੱਕੜ ਦੇ ਅੰਗ', 'ਬੈਂਕ ਕਾਪੀ ਦੀ ਮੁਸਕੌਂਦੀ ਤਿਊੜੀ' ਵਿਚ ਬਦਲ ਗਿਆ ਹੈ। ਅਸਲ ਵਿਚ ਇਕਬਾਲ ਦੀ ਕਵਿਤਾ ਦੀ ਸਫ਼ਰ ਯਥਾਰਥ ਤੋਂ ਯਥਾਰਥ ਤੱਕ ਦਾ ਹੀ ਹੈ।

ਸੁਰਿੰਦਰ ਧੰਜਲ ਵੀ ਵਿਦਰੋਹੀ ਕਵਿਤਾ ਦਾ ਪਿਛੋਕੜ ਲੈ ਕੇ ਕੈਨੇਡਾ ਪੁਜਿਆ ਸੀ। ਇਨਕਲਾਬੀ ਅਮਲ ਦੀ ਕਵਿਤਾ ਵਿਚ ਆਤਮ-ਵਿਰੋਧ ਲਈ ਕੋਈ ਥਾਂ ਨਹੀਂ ਹੁੰਦੀ। ਇਨਕਲਾਬੀ ਕਵੀ ਆਤਮ-ਵਿਰੋਧ ਤੋਂ ਮੁਕਤ ਹੋ ਕੇ ਵਿਦਰੋਹ ਦੀ ਚੇਤਨਤਾ ਅਤੇ ਭਾਵਨਾ ਨਾਲ ਜੁੜਦੇ ਹਨ ਅਤੇ ਇਨ੍ਹਾਂ ਦਾ ਕਾਵਿਕ-ਅਨੁਭਵ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ। ਪਰ ਧੰਜਲ ਦੀ ਕਵਿਤਾ 'ਮਾਂ-ਭੂਮੀ ਤੋਂ ਤੁਰੇ ਭਗੌੜੇ ਮਿਲਕਣ ਅਤੇ ਵਲਾਇਤਾਂ" ਦੇ ਸਫ਼ਰ ਵਿਚੋਂ ਗੁਜ਼ਰਦੀ ਆਪਣਾ ਇਨਕਲਾਬੀ ਰੰਗ ਗੁਆ ਕੇ ਏਥੇ ਆ ਖੜ੍ਹਦੀ ਹੈ :

'ਉਧਾਰੇ ਲਏ ਬੌਣੇ ਅਰਥ
ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗਲਾਸ ਵਾਂਗ
ਟੁਟ ਭੁਟ ਜਾਂਦੇ ਨੇ
ਆਪਣੇ ਹੀ ਬੇਮੰਜ਼ਲੇ ਸਫ਼ਰ ਦੇ ਪੈਰਾਂ ਹੇਠ। (ਸੁਰਿੰਦਰ ਧੰਜਲ)

'ਜੰਡ ਉਤੇ ਟੰਗ ਦਿੱਤਾ ਹੈ
ਅਸੀਂ ਖੁਦ ਹੀ ਆਪਣਾ ਤਰਕਸ਼
... ... ....
ਆਪਣੇ ਆਪ ਨਾਲ ਲੁਕਣਮੀਟੀ ਖੇਡਦੇ ਹਾਂ।' (ਧੰਜਲ)

'ਪੱਬ ਹੈ, ਸੰਗੀਤ ਹੈ
ਨਾਚ ਹੈ, ਸ਼ੋਰ ਹੈ

## ਕੌਣ ?

ਕੌਣ—?
ਹੰਝੂਆਂ ਦੇ ਫੂਲ ਉਗਾਏ
ਕੌਣ ?
ਉਸ ਦੇ ਹਾਰ ਬਣਾ
ਗਲ ਵਿਚ ਪਾਏ।
ਕੌਣ ਕਿਸ ਦੀ ?
ਅਜ ਕਰਦਾ ਭਾਲ
ਕੌਣ ਕਿਸ ਦੀ ?
ਅਜ ਕਰੇ ਹੁਨਾਲ
ਕੌਣ ਕਰੇ !
ਰੂਹ ਦੀ ਪੁਕਾਰ
ਕੌਣ ਕਰੇ ?

ਭੁਖੇ ਢਿਡ ਇਕਰਾਰ।
ਕੌਣ ਕਰੂ
ਭੁਖ ਦਾ ਗਿਆਨ
ਕੌਣ ਕਰੂ !
ਵਫ਼ਾ ਦਾ ਅਧਿਆਨ।
ਕੌਣ ਕਰੇ ?
ਹੁਸਨ ਇਸ਼ਕ ਦਾ ਮੇਲ
ਕੌਣ ਕਰੇ ?
ਅੱਗ ਪਾਣੀ ਦਾ ਮੇਲ।
ਕੌਣ ਫੜੂ ?
ਸਚ ਦਾ ਡੰਡਾ
ਕੌਣ ਕਹੂ ?
ਮੰਦੇ ਨੂੰ ਚੰਗਾ।

ਕੌਣ ਕਰੇ ਅਜ—
ਮਿੱਟੀ ਦੀ ਬੰਦਗੀ
ਕੌਣ ਕਰੇ ਦੂਰ
ਜਿਸਮਾਂ ਦੀ ਗੰਦਗੀ
ਕੌਣ ਕਰੇਗਾ
ਚੰਨ ਵਰਗੀ ਨੁਹਾਰ
ਕੌਣ ਕਰੇਗਾ ?
ਝਾਂਜਰਾਂ ਦੀ ਛਣਕਾਰ
ਕੌਣ ਕਰੇਗਾ ?
ਕੀਤੇ ਬਿਨਾਂ ਕੁਝ ਨਹੀਂ
ਕੌਣ ਕਰੇਗਾ ?
ਕੀਤੇ ਬਿਨਾਂ ਯੁਧ ਨਹੀਂ
ਕੌਣ ਕਰੇ ਹੀਲਾ।
ਸ਼ੁਤ ਖਾਣੇ ਪੀਣ ਦਾ
ਕੌਣ ਕਰੇ ਬਹਾਨਾ
'ਪੁਰੇਵਾਲ' ਫਿਰ ਜੀਣ ਦਾ।

## ਗ਼ਜ਼ਲ

ਰਾਜ ਕਸ਼ਮੀਰੀ

○

ਏਸ ਬਣ ਵਿੱਚ ਵਾਜ ਕਿਸਨੂੰ ਮਾਰੀਏ।
ਕਦੋਂ ਤੀਕਰ ਹੌਂਸਲਾ ਨਾ ਹਾਰੀਏ।

ਦਿਨ-ਕਟੀ ਕਰੀਏ ਗੁਜ਼ਾਰਾ ਤੋਰੀਏ,
ਝੱਟ ਲੰਘਾਈਏ ਰੋਜ਼ ਬੁੱਤਾ ਸਾਰੀਏ।

ਜ਼ਿੰਦਗੀ ਜਦ ਵੀ ਕਰੇ ਕੋਈ ਸਵਾਲ,
ਲਾਰਿਆਂ ਦੇ ਨਾਲ ਉਸਨੂੰ ਚਾਰੀਏ।

ਚੀਕ ਕੇ ਇਹ ਸਾਜ਼ਸ਼ੀ ਚੁੱਪ ਤੋੜੀਏ,
ਇਸ ਖੜ੍ਹੇ ਪਾਣੀ ਨੂੰ ਪੱਥਰ ਮਾਰੀਏ।

ਕੁਝ ਤਾਂ ਹੋਵੇ ਹੋਏ ਭਾਵੇਂ ਹਾਦਸਾ,
ਹਾਰ ਹੀ ਦਿਲ-ਤੋੜਵੀਂ ਇਕ ਹਾਰੀਏ।

ਆਖਦੇ ਨੇ ਜ਼ਿੰਦਗੀ ਨੂੰ ਸਿਰ-ਫਿਰੇ,
ਜਾਨ ਕਿਸ ਆਦਰਸ਼ ਉੱਤੇ ਵਾਰੀਏ।

ਸੁਪਨਿਆਂ ਦੇ ਸ਼ਹਿਰ ਕੁਝ ਚਿਰ ਵਿਚਰੀਏ,
ਕਾਗਜ਼ੀ ਹੀ ਬੇੜੀਆਂ ਕੁਝ ਤਾਰੀਏ।

△

ਬੀਅਰ ਹੈ, ਵਿਸਕੀ ਹੈ,
ਨਸ਼ਾ ਹੈ, ਲੋਰ ਹੈ
ਰਾਤ ਜਾਗਦੀ ਹੈ ..... (ਧੰਜਲ)

ਸਾਧੂ ਤੇ ਅਮਰਜੀਤ ਸੂਫ਼ੀ ਸਮਾਜਵਾਦੀ ਵਿਚਾਰਧਾਰਾ ਦੇ ਧਾਰਨੀ ਕਵੀ ਹਨ ਤੇ ਉਨ੍ਹਾਂ ਦੀਆਂ ਕਵਿਤਾਵਾਂ ਦਾ ਵਿਸ਼ਾ-ਵਸਤੂ ਵੀ ਇਨ੍ਹਾਂ ਵਿਚਾਰਾਂ ਦੀ ਰੰਗਣ ਵਾਲਾ ਹੈ ਉਨ੍ਹਾਂ ਮਜ਼ਦੂਰਾਂ ਦੀ ਅਧੋਗਤੀ, ਪੂੰਜੀਵਾਦੀ ਪ੍ਰਬੰਧ ਵਿਚ ਮਜ਼ਦੂਰ ਦਾ ਸ਼ੋਸ਼ਣ, ਨਸਲਵਾਦੀ ਵਰਤਾਰਾ ਆਦਿ ਵਿਸ਼ੇ ਚੁਣੇ ਹਨ। ਇਨ੍ਹਾਂ ਦੋਵਾਂ ਕਵੀਆਂ ਵਿਚ ਵਿਸ਼ਾ-ਪੱਖ ਤੋਂ ਲਚਕ ਨਾ ਆਉਣ ਦਾ ਕਾਰਨ ਇਨ੍ਹਾਂ ਦੀ ਸਮਾਜਵਾਦ ਪ੍ਰਤੀ ਪ੍ਰਤੀਬੱਧਤਾ ਹੈ ਪਰ ਇਨ੍ਹਾਂ ਦੋਵਾਂ ਦੀ ਸਮੱਸਿਆ ਕਾਵਿਕ-ਮੁਹਾਵਰੇ ਦੀ ਹੈ ਜੋ ਇਨ੍ਹਾਂ ਦੀ ਪਕੜ ਵਿਚ ਨਹੀਂ ਆ ਰਿਹਾ। ਕਾਵਿਕ ਪਕੜ ਦੀ ਢਿੱਲ ਕਵਿਤਾ ਨੂੰ ਫਲੈਟ ਪੱਧਰ ਉਤੇ ਲੈ ਆਉਂਦੀ ਹੈ :

ਇਲਤ ਹੈ ਹਾਕਮਾਂ ਦੀ
ਨਾ ਹੋਰ ਹੈ ਕਿਸੇ ਦੀ
ਲੋਕਾਂ ਨੂੰ, ਨਾਲ ਲੋਕਾਂ
ਭਿੜਾਇਆ ਗਿਆ ਹੈ। (ਅਮਰਜੀਤ ਸੂਫ਼ੀ)

ਮਾਲਕਾਂ ਦਾ ਵਧ ਰਿਹਾ ਸੰਕਟ
ਸਾਡੀ ਮਜ਼ਦੂਰੀ ਦੀ ਸੁੰਗੜ ਰਹੀ ਕੀਮਤ
ਹਰ ਕੋਈ ਦਿਸੇ ਫਿਕਰਮੰਦ
ਚੜ੍ਹ ਆਪੋ ਆਪਣੀ ਅਕਲ ਦੇ ਘੋੜੇ
ਲੱਭ ਰਹੇ ਕਾਰਨ। (ਸਾਧੂ)

ਇਹ ਵਿਚਾਰ ਕਾਵਿਕ-ਮੁਹਾਵਰਾ ਨਾ ਸਿਰਜਦੇ ਹੋਏ ਸਪਾਟ-ਬਿਆਨੀ ਬਣ ਕੇ ਸਾਹਮਣੇ ਆਉਂਦੇ ਹਨ। ਇਸ ਪੱਖੋਂ ਮੁਹਿੰਦਰ ਸੁਮਲ ਦੀਆਂ ਨਜ਼ਮਾਂ ਕਾਵਿਕ-ਮੁਹਾਵਰਾ ਕਾਫ਼ੀ ਹੱਦ ਤੱਕ ਸਿਰਜਣ ਦੇ ਸਮਰੱਥ ਹਨ। ਸੁਖਪਾਲ ਵੀ ਇਸ ਪੱਖੋਂ ਚੇਤੰਨ ਕਵੀ ਹੈ।

"ਖ਼ਬਰਦਾਰ ! ਜਾਗਦੇ ਰਹਿਣਾ ਬਈ ਓਹ !
ਨੀਂਦ ਦਾ ਅਰਥ ਮੌਤ ਹੈ ਅੱਜ ਦੀ ਰਾਤ !" (ਸੁਖਪਾਲ)

8.

1982 ਤੋਂ ਕੈਨੇਡਾ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਵਿਚ ਇਕ ਮੋੜ ਪੰਜਾਬ ਵਿਚ ਉਭਰੇ ਮਜ਼੍ਹਬੀ ਜਨੂੰਨ ਨੇ ਫਿਰ ਲੈ ਆਂਦਾ ਹੈ। ਕੈਨੇਡਾ ਦੇ ਕਵੀ ਇਸ ਅਨਹੋਣੀ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਤਾਂ ਰਹਿ ਸਕਦੇ ਸਨ ਅਤੇ ਨਾ ਹੀ ਬਦੇਸ਼ ਵਿਚ ਬੈਠੇ ਉਹ ਪੰਜਾਬ ਦੇ ਨਿਘਰੇ ਜਾ ਰਹੇ ਹਾਲਾਤ ਲਈ ਕੋਈ ਨੁੰਮਣਾ ਹੀ ਬਣ ਸਕਦੇ ਸਨ। ਸਾਧੂ ਤੇ ਸੁਖਪਾਲ ਦੇ ਯਤਨ ਨਾਲ ਇਕ ਕਾਵਿ-ਸੰਗ੍ਰਹਿ 'ਜੰਗਲ ਦੇ ਵਿਰੁੱਧ' 1986 ਵਿਚ ਛਪਿਆ ਹੈ ਜਿਸ ਵਿਚ ਪੰਜਾਬ ਵਿਚ ਵਗਦੀ ਫਿਰਕੂ ਹਨੇਰੀ ਵਿਰੁੱਧ ਕੈਨੇਡਾ ਦੇ ਕਵੀਆਂ ਦੀਆਂ ਕਵਿਤਾਵਾਂ ਕਲਮ-ਬੱਧ ਹੋਈਆਂ ਹਨ। ਦਰਸ਼ਨ ਗਿੱਲ ਨੇ ਇਸ ਤੋਂ ਪਹਿਲਾਂ ਨਸਲਵਾਦ-ਵਿਰੋਧੀ ਨਜ਼ਮਾਂ ਦਾ ਇਕ ਸੰਕਲਨ ਛਾਪਿਆ ਸੀ ਜਿਸ ਵਿਚ ਕੈਨੇਡਾ ਦੇ ਪੰਜਾਬੀ ਕਵੀਆਂ ਨਾਲ ਇੰਗਲੈਂਡ ਤੇ ਅਫ਼ਰੀਕਾ ਦੇ ਕਵੀਆਂ ਨੂੰ ਵੀ ਸ਼ਾਮਲ ਕੀਤਾ ਸੀ। ਨਸਲਵਾਦ ਵਾਂਗ ਮਜ਼੍ਹਬੀ ਜਨੂੰਨ ਇਕ ਅਜਿਹਾ ਕੋੜ੍ਹ ਹੈ ਜੋ ਸਾਮਰਾਜੀ ਤਾਕਤਾਂ ਨੇ ਸਮੁੱਚੇ ਸੰਸਾਰ ਵਿਚ ਫੈਲਾਉਣ ਦਾ ਕੋਝਾ ਯਤਨ ਆਰੰਭਿਆ ਹੋਇਆ ਹੈ।

ਕੈਨੇਡਾ ਦੇ ਪੰਜਾਬੀ ਕਵੀਆਂ ਨੇ ਪੰਜਾਬ ਵਿਚ ਮਜ਼੍ਹਬੀ ਜਨੂੰਨ ਫੈਲਾਉਣ ਲਈ ਸਾਮਰਾਜੀ ਤਾਕਤਾਂ, ਭਾਰਤ ਵਿਚ ਰਾਜ ਕਰ ਰਹੀ ਹਾਕਮ ਜੁੰਡਲੀ, ਅਤੇ ਪੰਜਾਬ ਵਿਚ ਫੈਲੀਆਂ ਮਜ਼੍ਹਬੀ ਜਨੂੰਨੀਆਂ ਦੀਆਂ ਟੋਲੀਆਂ ਨੂੰ ਸਪੱਸ਼ਟ ਰੂਪ ਵਿਚ ਬੇਗੁਨਾਹ ਲੋਕਾਂ ਦੇ ਕਤਲਾਂ ਦਾ ਜ਼ਿਮੇਂਵਾਰ ਠਹਿਰਾਇਆ ਹੈ। ਗੁਰਚਰਨ ਰਾਮਪੁਰੀ ਤੇ ਸੁਰਿੰਦਰ ਧੰਜਲ ਨੇ ਆਪਣੀਆਂ ਪੁਸਤਕਾਂ 'ਕਤਲਗਾਹ' ਤੇ 'ਜ਼ਖਮਾਂ ਦੀ ਫ਼ਸਲ' ਵਿਚ ਇਸ ਫਿਰਕੂ ਜਨੂੰਨ ਦਾ ਵਿਰੋਧ ਕੀਤਾ ਹੈ। ਗੁਰਚਰਨ ਰਾਮਪੁਰੀ, ਸੁਰਿੰਦਰ ਧੰਜਲ ਤੋਂ ਬਿਨਾਂ ਸਾਧੂ, ਸੁਖਿੰਦਰ, ਇਕਬਾਲ ਰਾਮੂਵਾਲੀਆ, ਅਜਮੇਰ ਰੋਡੇ, ਸੁਰਜੀਤ ਕਲਸੀ, ਸੁਖਪਾਲ, ਅਮਰਜੀਤ ਚਾਹਲ, ਮੱਖਣ ਟੁੱਟ, ਮੁਹਿੰਦਰ ਸੁਮਲ, ਦਰਸ਼ਨ ਗਿੱਲ, ਅਮਰ ਸਿੰਘ ਬੈਨੀਪਾਲ, ਹਰੀਪਾਲ, ਲਾਟ ਭਿੰਡਰ, ਅਵਤਾਰ ਗਿੱਲ, ਅਮਨਪਾਲ ਸਾਰਾ, ਅਵਤਾਰ ਰੋਡੇ, ਮੰਗਾ ਸਿੰਘ ਬਾਸੀ ਆਦਿ ਨੇ ਕਵਿਤਾਵਾਂ ਰਾਹੀਂ ਪੰਜਾਬ ਵਿਚ ਫੈਲੇ ਦਹਿਸ਼ਤਗਰਦੀ ਦੇ ਮਾਹੌਲ ਦਾ ਭਰਪੂਰ ਖੰਡਨ ਕੀਤਾ ਹੈ।

ਪਰ ਕੈਨੇਡਾ ਵਿਚ ਇਕ ਭਰਪੂਰ ਫਸਲ ਅਜਿਹੇ ਕਵੀਆਂ ਦੀ ਵੀ ਉੱਗੀ ਹੈ ਜੋ ਧਾਰਮਿਕ ਜਨੂੰਨ ਫੈਲਾਉਣ ਵਿਚ ਪਿਛੇ ਨਹੀਂ ਰਹੀ। ਰਵਿੰਦਰ ਰਵੀ, ਗੁਰਦੇਵ ਸਿੰਘ ਮਾਨ ਆਦਿ ਅਜਿਹੀ ਸ਼੍ਰੇਣੀ ਦੇ ਕਵੀ ਹਨ। ਰਵਿੰਦਰ ਰਵੀ ਨੇ ਤਾਂ ਦੋਹਰੇ ਮਾਪ-ਦੰਡ ਵੀ ਅਪਨਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਕੈਨੇਡਾ ਵਿਚ ਛਪਦੀਆਂ ਉਸਦੀਆਂ ਰਚਨਾਵਾਂ ਦਾ ਉਘੜਵਾਂ ਰੰਗ ਫਿਰਕੂ ਰਿਹਾ ਹੈ ਜਦ ਕਿ ਪੰਜਾਬ ਵਿਚ ਛਪਵਾਈਆਂ ਜਾਂਦੀਆਂ ਨਜ਼ਮਾਂ ਉਤੇ ਗ਼ੈਰ-ਫਿਰਕੂ ਰੰਗ ਚੜ੍ਹਾਉਣ ਦੀ ਅਸਫਲ ਕੋਸ਼ਿਸ਼ ਵੀ ਕੀਤੀ ਗਈ ਹੈ।

9.

ਚਰਕੀਸ਼ੇਵਸਕੀ ਅਨੁਸਾਰ ਸੱਚੀ ਤੇ ਸੁੱਚੀ ਸੁੰਦਰਤਾ ਯਥਾਰਥਕ ਅਨੁਭਵ ਤੋਂ ਮਿਲਦੀ ਹੈ। ਰੁਮਾਂਸ, ਮਿਥਿਹਾਸ ਜਾਂ ਗਲਪ ਤੋਂ ਨਹੀਂ ਮਿਲ ਸਕਦੀ ਤੇ ਨਾ ਹੀ ਉਪਕਲਪਨਾ ਤੋਂ ਪੈਦਾ ਹੋ ਸਕਦੀ ਹੈ। ਉਪਕਲਪਨਾ (Fancy) ਤੋਂ ਪੈਦਾ ਹੋਈ ਸੁੰਦਰਤਾ ਉਤਨੀ ਉਚੇਰੀ ਨਹੀਂ ਹੁੰਦੀ ਜਿੰਨੀ ਕਿ ਵਸਤੂਨਿਸ਼ਠ ਯਥਾਰਥਕਤਾ (objective reality) ਦੀ। ਇਸ ਲਈ ਕਲਾ ਤੇ ਇਸਦੀਆਂ ਜੜ੍ਹਾਂ ਜੀਵਨ ਤੇ ਇਸਦੀਆਂ ਘਟਨਾਵਾਂ ਵਿਚੋਂ ਹੋਣੀਆਂ ਚਾਹੀਦੀਆਂ ਹਨ। ਕਵੀ ਦੀ ਸੰਵੇਦਨਾ ਤੀਬਰ ਹੋਣੀ ਜ਼ਰੂਰੀ ਹੈ। ਉਸ ਦੀ ਸੋਚ ਸ਼ਕਤੀ ਦਾ ਵਿਕਸਤ ਹੋਣਾ ਵੀ ਲਾਜ਼ਮੀ ਹੈ। ਕਿਉਂਕਿ ਅਜਿਹੇ ਕਵੀ ਦੇ ਬਿੰਬ ਸਪੱਸ਼ਟ ਰੂਪ-ਰੇਖਾ ਵਾਲੇ ਹੋਣਗੇ। ਜਿਤਨੇ ਉਸਦੇ ਵਿਚਾਰ ਤੇ ਸ਼ਬਦ ਸਪੱਸ਼ਟ-ਹੋਣਗੇ ਉਨੀ ਸਪੱਸ਼ਟ ਤੇ ਭਾਵਕ ਉਸ ਯਥਾਰਥ ਦੀ ਵਿਆਖਿਆ ਹੋਵੇਗੀ ਜਿਸ ਨਾਲ ਕਵੀ ਦੀ ਕਲਪਨਾ ਸੰਪਰਕ ਪੈਦਾ ਕਰਦੀ ਹੈ। ਪਰ ਕਲਾ ਪਦਾਰਥਕ ਵੀ ਹੈ ਤੇ ਮਾਨਸਿਕ ਵੀ। ਮਾਨਸਿਕ ਸੁੰਦਰਤਾ ਵਿਚਾਰਾਂ ਤੇ ਭਾਵਾਂ

→

□ ਮਨਜੀਤ ਕਾਦਰ

ਰਾਹਜਨਾਂ ਤੋਂ ਭਾਲਦੇ ਹਾਂ ਰਹਿਬਰੀ।
ਇਹ ਅਸਾਡੀ ਵੀ ਤਾਂ ਹੈ ਨਾਦਾਨਗੀ।
ਇਹ ਵੀ ਪੇਸ਼ਾ ਖਾਨਦਾਨੀ ਹੋ ਗਿਆ,
ਬਾਪ ਪਿੱਛੋਂ ਪੁੱਤ ਕਰਦਾ ਲੀਡਰੀ।
ਧਰਤ ਦੀ ਪੀੜਾ ਨੂੰ ਕਰ ਕੇ ਅਣਸੁਣੀ,
ਚੰਨ ਉੱਤੇ ਪਹੁੰਚਿਆ ਹੈ ਆਦਮੀ।
ਬਿਨ ਕਿਸੇ ਹੀਲੇ ਹੀ ਕੀੜਾ-ਨਰਕ ਦਾ,
ਆਸ ਐਵੇਂ ਰੱਖੀ ਜਾਵੇ ਸੁਰਗ ਦੀ।
ਏਸ ਵਿੱਚੋਂ ਰੰਗ ਉਡਿਆ ਸੁਹਜ ਦਾ,
ਖ਼ੁਦਕਸ਼ੀ ਦੇ ਰਾਹ ਪਈ ਹੈ ਜ਼ਿੰਦਗੀ।
ਆਦਮੀ ਚੋਂ ਆਦਮੀ ਦੀ ਤਾਂ ਪਛਾਣ,
ਰਾਖਸ਼ੀ-ਕਿਰਦਾਰ ਅੰਦਰ ਹੋ ਰਹੀ।
ਦਹਿਸ਼ਤਾਂ ਦੇ ਦੈਂਤ ਰਸਤੇ ਰੋਕਦੇ,
ਜਿਸ ਦਿਸ਼ਾ ਦੇ ਵਲ ਹੀ ਤੁਰਦੇ ਆਦਮੀ




# Business Financial Planning



How can I ensure that in the future my estate will have the necessary liquidity to meet outstanding debts, taxes, etc.?




**Taking Care of Your Family and Business**



What about a basic benefits package for my employees?




**Recruiting and Retaining Key Employees**



How can I increase my retirement benefits?




**Affordable Retirement Packages for You and Your Employees**

**Find Out More About The Plan(s) That Interest You Call Your Financial Planner and Complete Brokerage Service:**



**Sudesh Kalia**
**Bus: (604) 685-9335**
**Res: (604) 254-5837**

NORTH AMERICAN LIFE

ਦੀ ਹੁੰਦੀ ਹੈ ਜੋ ਸੂਖਮਤਾ ਕਹਾਉਂਦੀ ਹੈ ਅਤੇ ਇਸੇ ਕਾਰਨ ਇਸ ਵਿਚ ਬੌਧਿਕਤਾ ਪ੍ਰਵੇਸ਼ ਕਰਦੀ ਹੈ। ਭਾਵਾਂ ਤੇ ਬੁੱਧੀ ਦਾ ਸੁਮੇਲ ਹੀ ਵਧੀਆ ਕਵਿਤਾ ਨੂੰ ਜਨਮ ਦਿੰਦਾ ਹੈ।

'ਉਹ ਕਲਾ, ਕਾਹਦੀ ਕਲਾ
ਸਰਲ, ਸਿੱਧੀ ਜੇ ਨਹੀਂ (ਅਮਰਜੀਤ ਸੂਫ਼ੀ)

ਸਰਲਤਾ ਤੇ ਸਾਦਗੀ ਕਾਵਿ-ਕਲਾ ਦਾ ਸਿਖਰ ਬਣ ਨਿਬੜਦੇ ਹਨ ਪਰ ਇਹ ਸਰਲਤਾ ਤੇ ਸਾਦਗੀ ਕਵੀ ਦੀ ਕਠਨ ਤੱਸਿਆ ਤੋਂ ਪਿਛੋਂ ਦਾ ਅਮਲ ਹਨ। ਬਿੰਬਾਵਲੀ ਕਾਵਿ-ਕਲਾ ਦੀ ਆਤਮਾ ਹੈ। ਸੂਖਮ ਵਿਚਾਰਾਂ ਤੋਂ ਪਹਿਲਾਂ ਬਿੰਬਾਂ ਰਾਹੀਂ ਸੋਚਿਆ ਜਾਂਦਾ ਹੈ। ਪਦਾਰਥ ਸਾਡੇ ਮਨ ਉਤੇ ਬਿੰਬਾਂ ਰਾਹੀਂ ਅਕਸ ਪਾਉਂਦੇ ਹਨ। ਪਰ ਇਹ ਅਕਸ ਗਤੀਹੀਨ, ਨਿਰਜਿੰਦ, ਸੂਖਮ ਜਾਂ ਹੂ-ਬ-ਹੂ ਪਦਾਰਥ ਦਾ ਬਿੰਬ ਨਹੀਂ ਹੁੰਦਾ। ਅਕਸ ਵਿਚ ਕਲਪਨਾ ਦਖਲ ਦਿੰਦੀ ਹੈ। ਇਸ ਅਕਸ ਵਿਚ ਸਿਮਰਤੀ ਵੀ ਦਖਲ ਦਿੰਦੀ ਹੈ ਜਿਸ ਨਾਲ ਸਮਾਜਿਕ ਤੇ ਇਤਿਹਾਸਕ ਅਨੁਭਵ ਜੁੜਿਆ ਰਹਿੰਦਾ ਹੈ। ਬਿੰਬ ਦਾ ਵਿਕਾਸ ਵੀ ਸੁੰਦਰਤਾ ਦੇ ਨਿਯਮਾਂ ਅਨੁਸਾਰ ਹੁੰਦਾ ਹੈ ਜਿਵੇਂ ਕਿ ਲੈਅ, ਇਕਸੁਰਤਾ, ਧੁਨੀ ਦੇ ਅਨੁਸਾਰ। ਬਿੰਬ ਦੀ ਤਹਿ ਵਿਚ ਜੋ ਵਿਚਾਰ, ਭਾਵ ਜਾਂ ਅਰਥ ਹੁੰਦੇ ਹਨ ਉਹ ਪਾਠਕਾਂ ਦੇ ਮਨਾਂ ਵਿਚ ਭਿੰਨ ਭਿੰਨ ਹੋ ਸਕਦੇ ਹਨ। ਸਾਦ੍ਰਿਸ਼ (analogy) ਤੇ ਰੂਪਕ (metaphors) ਕਲਪਨਾ ਨੂੰ ਕਈਆਂ ਦਿਸ਼ਾਵਾਂ ਵਿਚ ਪ੍ਰੇਰਦੇ ਤੇ ਸੁਝਾ ਦਿੰਦੇ ਹਨ। ਇਹ ਸਮਾਜ ਦੀ ਆਰਥਿਕ ਵਿਵਸਥਾ, ਵਿਧਾਨ, ਰਵਾਜਾਂ, ਵਿਸ਼ਵਾਸ਼ਾਂ, ਸਦਾਚਾਰ ਤੇ ਆਚਾਰ ਦਾ ਚਿਤਰ ਖਿਚਦਾ ਹੈ। ਯਥਾਰਥਕਤਾ ਦਾ ਨਿਰਣਾ ਵੀ ਹੁੰਦਾ ਹੈ ਪਰ ਉਹ ਸਿੱਧਾ ਨਹੀਂ ਸਗੋਂ ਪਰੋਖ ਹੁੰਦਾ ਹੈ।

ਕੈਨੇਡਾ ਦੀ ਪੰਜਾਬੀ ਕਵਿਤਾ ਵਿਚ ਬਹੁਤੀ ਬਿੰਬਾਵਲੀ ਤੇ ਰੂਪਕ ਅਜੇ ਵੀ ਪੰਜਾਬ ਦੀ ਆਰਥਿਕ ਵਿਵਸਥਾ, ਵਿਧਾਨ, ਰਵਾਜਾਂ, ਵਿਸ਼ਵਾਸ਼ਾਂ, ਸਦਾਚਾਰ ਤੇ ਆਚਾਰ ਤੇ ਆਧਾਰਿਤ ਰਚੇ ਜਾ ਰਹੇ ਹਨ। ਪੱਛਮੀ ਸਮਾਜ ਵਿਚੋਂ ਲਏ ਬਿੰਬ ਤੇ ਰੂਪਕ ਬਹੁਤ ਘੱਟ ਕਵੀਆਂ ਨੇ ਵਰਤੇ ਹਨ। ਸਾਡੇ ਅਚੇਤ ਮਨ ਵਿਚ ਅਜੇ ਵੀ ਉਹ ਹੀ ਬਿੰਬ ਸਾਕਾਰ ਹੁੰਦੇ ਹਨ।

ਰਾਮਪੁਰੀ ਦੇ ਬਿੰਬ-ਵਿਧਾਨ ਨੂੰ ਅਸੀਂ ਜਮੂਦ ਦੀ ਅਵਸਥਾ ਵਿਚ ਇਸੇ ਲਈ ਕਿਹਾ ਸੀ। 'ਕਤਲਗਾਹ' ਵਿਚ ਰਾਮਪੁਰੀ ਉਨ੍ਹਾਂ ਹੀ ਬਿੰਬਾਂ ਨੂੰ ਵਾਰ ਵਾਰ ਵਰਤਦਾ ਹੈ। ਏਸੇ ਤਰ੍ਹਾਂ 'ਅੰਨ੍ਹੀ ਗਲੀ' ਵਿਚ ਪੱਛਮੀ ਸਭਿਆਚਾਰ ਦੇ ਪ੍ਰਗਟਾਵੇ ਸਮੇਂ ਵੀ ਉਹ ਨਵੇਂ ਬਿੰਬ ਸਿਰਜਣ ਦੀ ਥਾਂ ਪੁਰਾਣੇ ਬਿੰਬਾਂ ਨੂੰ ਨਵੇਂ ਅਰਥ ਦੇਣ ਦੀ ਕੋਸ਼ਿਸ਼ ਕਰਦਾ ਹੈ।

ਇਕਬਾਲ ਰਾਮੂਵਾਲੀਆ ਆਪਣੇ ਕਾਵਿਕ-ਬਿੰਬਾਂ ਲਈ ਪੇਂਡੂ ਚੌਗਿਰਦੇ ਨੂੰ ਚੁਣਦਾ ਹੈ, ਸੁਰਿੰਦਰ ਧੰਜਲ ਇਤਿਹਾਸ ਦੇ ਮਿਥਿਹਾਸ ਨੂੰ ਬਿੰਬਾਂ ਲਈ ਵਰਤਦਾ ਹੈ। 'ਜ਼ਖਮਾਂ ਦੀ ਫਸਲ' ਵਿਚ ਧਾਰਮਿਕ ਬਿੰਬ ਉਸ ਦੀ ਕਵਿਤਾ ਲਈ ਸਮੱਸਿਆ ਬਣ ਖੜੋਂਦੇ ਹਨ। ਸੁਖਿੰਦਰ ਨੇ ਬਿੰਬਾਵਲੀ ਦੇ ਖੇਤਰ ਵਿਚ ਨਵੇਂ ਬਿੰਬ ਸਿਰਜਣ ਦੀ ਕੋਸ਼ਿਸ਼ ਕੀਤੀ ਹੈ — 'ਲੱਕੜ ਦੀਆਂ ਮੱਛੀਆਂ' ਵਿਚ ਸਿਰਜੇ ਬਿੰਬ ਨਵੇਂ ਹਨ ਪਰ ਉਸਦੀ ਕਵਿਤਾ ਉਨ੍ਹਾਂ ਬਿੰਬਾਂ ਦਾ ਭਾਰ ਝਲਣ ਦੇ ਸਮਰਥ ਨਹੀਂ ਜਾਪਦੀ। ਅਜਮੇਰ ਰੋਡੇ ਨੇ ਵਿਗਿਆਨਕ ਬਿੰਬ ਚੇਤੰਨ ਰੂਪ ਵਿਚ ਸਿਰਜੇ ਹਨ। ਸਾਧੂ ਤੇ ਅਮਰਜੀਤ ਸੂਫ਼ੀ ਨੇ ਬਹੁਤੀ ਰਚਨਾ ਸਰਲ ਰੂਪ ਵਿਚ ਕੀਤੀ ਹੈ। ਰਵਿੰਦਰ ਰਵੀ ਦਾ ਬਿੰਬ-ਵਿਧਾਨ ਦੁਹਰਾਓ ਦਾ ਸੂਚਕ ਹੈ।

ਰੋਮਾਂਸਵਾਦੀ ਕਵੀ ਗਿੱਲ ਮੋਰਾਂਵਾਲੀ, ਮਨਜੀਤ ਮੀਤ, ਕਸ਼ਮੀਰਾ ਸਿੰਘ ਚਮਨ, ਗੁਰਦੇਵ ਸਿੰਘ ਮਾਨ, ਅਮਰ ਸਿੰਘ ਬੈਨੀਪਾਲ ਆਦਿ ਰੋਮਾਂਚਿਕ ਬਿੰਬਾਂ (ਪ੍ਰੰਪਰਾਗਤ) ਦਾ ਆਸਰਾ ਲੈਂਦੇ ਹੀ ਪ੍ਰਤੀਤ ਹੁੰਦੇ ਹਨ।

10.

ਸਮਾਂ 'ਅੱਜ' ਨੂੰ 'ਕੱਲ੍ਹ' ਬਣਾ ਦਿੰਦਾ ਹੈ ਅਤੇ 'ਕੱਲ੍ਹ' ਨੂੰ 'ਪਰਸੋਂ'। ਨਿਯਮ ਦੀ ਨਿਰੰਤਰਤਾ ਨੂੰ ਪਰੰਪਰਾ ਕਿਹਾ ਜਾਂਦਾ ਹੈ। ਪਰੰਪਰਾ ਭੂਤ ਤੇ ਵਰਤਮਾਨ ਦੀ ਸਾਂਝੀ ਕੜੀ ਹੈ। ਅਰਥਾਤ ਕੈਨੇਡਾ ਦੀ ਪੰਜਾਬੀ ਕਵਿਤਾ ਨੇ ਪੰਜਾਬ ਵਿਚ ਰਚੀ ਜਾਂਦੀ ਕਵਿਤਾ ਦੀ ਪਰੰਪਰਾ ਨੂੰ ਅਪਣਾਇਆ ਹੈ। ਗੁਰਚਰਨ ਰਾਮਪੁਰੀ ਨਾਲ ਇਹ ਪਰੰਪਰਾ ਤੁਰਦੀ ਹੈ। ਪਰ ਰਾਜਸੀ, ਆਰਥਿਕ ਸਮਾਜਕ ਅਤੇ ਧਾਰਮਿਕ ਪਰੰਪਰਾਵਾਂ ਬਦਲਦੀਆਂ ਰਹਿੰਦੀਆਂ ਹਨ। ਸਾਹਿਤ ਤੇ ਕਲਾ ਵੀ ਮਨੁੱਖਾਂ ਵਾਂਗ ਬਦਲਦੇ ਰਹਿੰਦੇ ਹਨ। ਕਈ ਗੱਲਾਂ ਜੋ ਪੁਰਾਣੀਆਂ ਹੋ ਕੇ ਛੱਡੀਆਂ ਗਈਆਂ ਹਨ, ਰੁਮਾਂਟਿਕ ਭਾਵਨਾ ਨਾਲ ਫਿਰ ਦੁਹਰਾਈਆਂ ਜਾਂਦੀਆਂ ਹਨ। ਗੇਟੇ ਉਨ੍ਹਾਂ ਕਵੀਆਂ ਨੂੰ ਬਹੁਤਾ ਸਮਝਦਾਰ ਨਹੀਂ ਸਮਝਦਾ ਸੀ ਜੋ ਨਿਰਪੇਖ ਮੌਲਿਕਤਾ (absolute originality) ਦਾ ਦਾਅਵਾ ਕਰਦੇ ਸਨ। ਬਾਹਰਲੀ ਦੁਨੀਆਂ ਹਰ ਮੋੜ ਉਤੇ ਆਪਣੀ ਛਾਪ ਕਵੀਆਂ ਦੇ ਮਨਾਂ ਉਤੇ ਛੱਡ ਜਾਂਦੀ ਹੈ।

ਲੀਓਨੋਵ (Leonov) ਅਨੁਸਾਰ ਵਿਸ਼ਵ ਸਾਹਿਤਕ ਵਿਰਸਾ ਇਕ ਧਾਰਾ ਹੈ ਅਤੇ ਕੌਮੀ ਸਾਹਿਤ ਦੂਜੀ ਧਾਰਾ ਹੈ। ਜਦ ਇਨ੍ਹਾਂ ਦੋਵਾਂ ਦਾ ਸੰਪਰਕ ਹੁੰਦਾ ਹੈ ਤਾਂ ਇਨ੍ਹਾਂ ਵਿਚੋਂ ਇਕ ਨਵੀਂ ਧਾਰਾ ਨਿਕਲਦੀ ਹੈ। ਇਸੇ ਤਰ੍ਹਾਂ ਸਾਹਿਤ ਦੀ ਪਰੰਪਰਾ ਵਿਚ ਇਸ ਦੇ ਰੂਪਾਂ(Genres, forms, kinds) ਦੀ ਵੀ ਆਪਣੀ ਆਪਣੀ ਪਰੰਪਰਾ ਹੁੰਦੀ ਹੈ।

ਕੈਨੇਡਾ ਦੀ ਪੰਜਾਬੀ ਕਵਿਤਾ ਨੇ ਅਜੇ ਤੱਕ ਆਪਣੀ ਪਰੰਪਰਾਗਤ ਨਿਰੰਤਰਤਾ ਨਿਭਾਈ ਹੈ। ਅਜੋਕੇ ਪੱਛਮੀ ਸਭਿਆਚਾਰ ਦੇ ਹਾਣ ਦੀ ਕਵਿਤਾ ਅਜਿਹੇ ਸਭਿਆਚਾਰ ਵਿਚ ਭਿੱਜ ਕੇ ਹੀ ਲਿਖੀ ਜਾ ਸਕਦੀ ਹੈ। ਸਾਡੇ ਇਸ ਸਭਿਆਚਾਰ ਵਿਚ ਪੂਰੀ ਤਰ੍ਹਾਂ ਭਿੱਜ ਕੇ ਲਿਖਣ ਦਾ ਦਾਅਵਾ ਕਰਨ ਵਾਲੇ ਕਵੀ ਵੀ ਅਜੇ ਸਤਹੀ ਪੱਧਰ ਦੀ ਕਵਿਤਾ ਤੋਂ ਉਪਰ ਨਹੀਂ ਉਠ ਸਕੇ। ਪੱਛਮੀ ਸਭਿਆਚਾਰ ਵਿਚ ਭਿੱਜੀ ਕਵਿਤਾ ਕਿਹੋ ਜਿਹਾ ਮੁਹਾਂਦਰਾ ਅਪਣਾਉਂਦੀ ਹੈ — ਇਹ ਭਵਿੱਖ ਹੀ ਦੱਸੇਗਾ।

---

ਪਿਪਲਾਂ ਉਤੇ ਪੀਂਘਾਂ ਪਦਾਆ
ਝੂਟਣ ਜਣੀਆਂ-ਖਣੀਆਂ ਵੇ ਹੋ।
ਤੈਨੂੰ ਕੁਝ ਨਾ ਸਾਰ ਬੇਕਦਰਾ
ਸਾਡੇ ਤੇ ਕੀ ਬਣੀਆਂ ਵੇ ਹੋ।

# ਕੈਨੇਡੀਅਨ ਪੰਜਾਬੀ ਕਹਾਣੀ



ਸੁਰਜੀਤ ਕਲਸੀ

ਪੰਜਾਬੀ ਸਾਹਿਤ ਵਿਚ ਕਹਾਣੀ ਦਾ ਵਿਕਾਸ ਵੀਹਵੀਂ ਸਦੀ ਦੇ ਪਿਛਲੇ ਚਾਰ ਪੰਜ ਦਹਾਕਿਆਂ ਵਿਚ ਹੁੰਦਾ ਹੈ। ਮਧਕਾਲੀ ਸਾਹਿਤ ਵਿਚ ਕਹਾਣੀ ਕਹਿਣ ਦੀ ਪ੍ਰਥਾ ਬਾਤਾਂ, ਬੁਝਾਰਤਾਂ, ਰੁਮਾਂਚਿਕ ਕਿੱਸਿਆਂ ਅਤੇ ਵਾਰਦਾਤਾਂ ਰਾਹੀਂ ਪ੍ਰਗਟ ਹੁੰਦੀ ਹੈ। ਇਸ ਦੇ ਨਾਲ ਹੀ ਭਾਰਤੀ ਸਾਹਿਤਕ ਪਰੰਪਰਾ ਵਿਚ ਮਿਥਿਹਾਸਕ ਕਹਾਣੀਆਂ, ਕਥਾਵਾਂ, ਬੀਰ ਗਾਥਾਵਾਂ, ਤੇ ਰੋਮਾਂਚਿਕ ਬਾਤਾਂ ਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਕਹਾਣੀ ਦੀ ਪ੍ਰਥਾ ਸਾਹਿਤ ਵਿਚ ਪੁਰਾਣੀ ਹੀ ਨਹੀਂ ਸਗੋਂ ਪੰਚ-ਤੰਤਰ ਵਰਗੀਆਂ ਕਹਾਣੀਆਂ ਨਾਲ ਭਰਪੂਰ ਵੀ ਹੈ ਜਿਨ੍ਹਾਂ ਵਿਚ ਜਾਨਵਰ ਤੇ ਪੰਛੀ ਭਾਖਿਆ ਦਿਆ ਕਰਦੇ ਸਨ।

ਕਹਾਣੀ ਦੇ ਵਿਕਾਸ ਵਿਚ ਇਹ ਕਹਿਣਾ ਕਿਸੇ ਹੱਦ ਤੱਕ ਠੀਕ ਲਗਦਾ ਹੈ ਕਿ ਪੰਜਾਬੀ ਸਾਹਿਤ ਵਿਚ ਕਹਾਣੀ ਦੇ ਲਿਖਤੀ ਰੂਪ ਵਿਚ ਜਾਂ ਛਪਾਈ ਦੇ ਰੂਪ ਵਿਚ ਆਉਣ ਨਾਲ ਮੂੰਹ ਜ਼ਬਾਨੀ ਸੁਣਾਈਆਂ ਜਾਣ ਵਾਲੀਆਂ ਕਹਾਣੀਆਂ ਤੇ ਲੋਕ ਕਥਾਵਾਂ ਦੀ ਪ੍ਰਥਾ ਕੁਝ ਪਿੱਛੇ ਪੈ ਜਾਂਦੀ ਹੈ। ਵੀਹਵੀਂ ਸਦੀ ਵਿਚ ਪੰਜਾਬੀ ਕਹਾਣੀ ਨੇ ਸਾਹਿਤਕ ਰੂਪ ਵਿਚ ਵਿਕਾਸ ਕੀਤਾ ਭਾਵ ਬਹੁਤ ਗਿਣਤੀ ਪੰਜਾਬੀ ਕਹਾਣੀਕਾਰਾਂ ਨੇ ਕਹਾਣੀਆਂ ਲਿਖੀਆਂ ਤੇ ਪੁਸਤਕ ਰੂਪ ਵਿਚ ਛਪਵਾਈਆਂ। ਇਨ੍ਹਾਂ 'ਚੋਂ ਵਰਨਣਯੋਗ ਹਨ — ਸੰਤ ਸਿੰਘ ਸੇਖੋਂ, ਨਾਨਕ ਸਿੰਘ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ, ਜਸਵੰਤ ਕੰਵਲ ਤੇ ਕੁਝ ਨਵੇਂ ਕਹਾਣੀਕਾਰ ਜਿਵੇਂ ਕਿ ਗੁਰਦੇਵ ਸਿੰਘ ਰੁਪਾਣਾ ਤੇ ਵਰਿਆਮ ਸੰਧੂ ਆਦਿ ਨੇ ਪੰਜਾਬੀ ਕਹਾਣੀ ਨੂੰ ਨਿਖੇਰਿਆ ਤੇ ਇਕ ਉੱਚੀ ਸਾਹਿਤਕ ਪੱਧਰ ਤੱਕ ਲੈ ਆਏ।

ਪੰਜਾਬੀ ਕਹਾਣੀ ਦੀ ਇਸ ਨਿਰੰਤਰ ਧਾਰਾ ਨੂੰ ਵੇਖਦਿਆਂ ਕੈਨੇਡਾ ਦੀ ਪੰਜਾਬੀ ਕਹਾਣੀ ਦਾ ਵਿਕਾਸ ਬ੍ਰਿਛ ਦੀ ਇਕ ਟਹਿਣੀ ਤੇ ਲਗੇ ਫੁੱਲ ਪੱਤੀਆਂ ਦਾ ਜ਼ਿਕਰ ਹੈ। ਕੈਨੇਡਾ ਵਿਚ ਪਿਛਲੇ 14 ਜਾ 15 ਸਾਲਾਂ ਦੇ ਦੌਰਾਨ ਲਿਖੀਆਂ ਗਈਆਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਨ ਲਈ ਵਤਨੋਂ ਦੂਰ, ਪ੍ਰਦੇਸੀ ਪੰਜਾਬ, ਕੈਨੇਡਾ ਦਰਪਣ, ਇੰਡੋ-ਕਨੇਡੀਅਨ ਟਾਈਮਜ਼ ਅਤੇ ਇਕਾ ਦੁਕਾ ਹੋਰ ਅਖਬਾਰਾਂ ਜਾਂ ਰਸਾਲਿਆਂ ਵਿਚ ਛਪੀਆਂ ਕਹਾਣੀਆਂ ਅਤੇ ਚਾਰ ਲੇਖਕਾਂ ਦੀਆਂ ਪੁਸਤਕਾਂ ਨੂੰ ਮੁੱਖ ਰਖਿਆ ਗਿਆ ਹੈ।

ਕੈਨੇਡਾ ਆਉਣ ਤੋਂ ਪਹਿਲਾਂ ਕੁਝ ਲੇਖਕਾਂ ਨੇ ਕਹਾਣੀਆਂ ਛਪਵਾਈਆਂ ਜਾਂ ਕਹਾਣੀਆਂ ਦੀਆਂ ਪੁਸਤਕਾਂ ਛਪਵਾਈਆਂ ਜਾਂ ਪਹਿਲਾਂ ਦੀਆਂ ਲਿਖੀਆਂ ਕਹਾਣੀਆਂ ਨੂੰ ਪਿਛੋਂ ਪੁਸਤਕ ਰੂਪ ਵਿਚ ਛਪਵਾਇਆ ਇਨ੍ਹਾਂ ਵਿਚ ਹੇਠਾਂ ਲਿਖੇ ਲੇਖਕਾਂ ਦੀਆਂ ਪੁਸਤਕਾਂ ਜਿਵੇਂ ਕਿ ਰਵਿੰਦਰ ਰਵੀ ਦੀਆਂ ਕਹਾਣੀਆਂ ਦੀਆਂ ਪੰਜ ਪੁਸਤਕਾਂ — ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੌਨ ਪ੍ਰਤੀ ਕੌਨ, ਅਤੇ ਮੇਲੀ ਪੁਸਤਕ — ਜੋ ਕਿ ਕੈਨੇਡਾ ਦੇ ਪੰਜਾਬੀ ਕਹਾਣੀ ਸਾਹਿਤ ਵਿਚ ਸ਼ਾਮਿਲ ਕਰਨ ਨਾਲੋਂ ਪੰਜਾਬ ਦੇ ਪੰਜਾਬੀ ਕਹਾਣੀ ਸਾਹਿਤ ਵਿਚ ਸਮਿਲਤ ਕਰਨਾ ਵਧੇਰੇ ਠੀਕ ਹੋਏਗਾ। ਅਗੇ ਜਾ ਕੇ ਰਵਿੰਦਰ ਰਵੀ ਵਲੋਂ ਕੈਨੇਡਾ ਵਿਚ ਲਿਖੀਆਂ ਕਹਾਣੀਆਂ ਦੀ ਪੁਸਤਕ — ਜਿਥੇ ਦੀਵਾਰਾਂ ਨਹੀਂ — ਦੀਆਂ ਕਹਾਣੀਆਂ ਦਾ ਸਾਹਿਤਕ ਵਿਸ਼ਲੇਸ਼ਣ ਕੀਤਾ ਜਾਏਗਾ।

ਇਸੇ ਤਰ੍ਹਾਂ ਤਾਰਾ ਸਿੰਘ ਹੇਅਰ ਵਲੋਂ ਭਾਰਤ ਵਿਚ ਲਿਖੀਆਂ ਪਰ ਕੈਨੇਡਾ ਵਿਚ ਆਉਣ ਮਗਰੋਂ ਛਪਵਾਈਆਂ ਕਹਾਣੀਆਂ ਦੀ ਪੁਸਤਕ — "... ਤੇ ਸਿਵਾ ਬਲਦਾ ਰਿਹਾ" ਨੂੰ ਵੀ ਪੰਜਾਬ ਦੇ ਕਹਾਣੀ ਸਾਹਿਤ ਵਿਚ ਹੀ ਰਖਿਆ ਗਿਆ ਹੈ। ਇਸੇ ਤਰ੍ਹਾਂ ਬਲਬੀਰ ਸਿੰਘ ਮੋਮੀ, ਹਰਭਜਨ ਹਾਂਸ, ਗਿਆਨੀ ਕੇਸਰ ਸਿੰਘ ਤੇ ਅਮਰੀਕੀ ਕੰਗ ਦੀਆਂ ਪੰਜਾਬ 'ਚ ਛਪੀਆਂ ਕਹਾਣੀਆਂ ਤੇ ਸੁਰਜੀਤ ਕਲਸੀ ਦੀਆਂ ਕੁਝ ਕਹਾਣੀਆਂ ਜੋ ਉਸਦੇ ਕੈਨੇਡਾ ਆਉਣ ਤੋਂ ਪਹਿਲਾਂ ਛਪੀਆਂ ਦਾ ਜ਼ਿਕਰ ਕਰਨਾ ਇਸ ਪੇਪਰ ਵਿਚ ਢੁਕਦਾ ਨਹੀਂ ਹੈ।

ਕੈਨੇਡਾ ਵਿਚ ਆ ਕੇ ਵਸੇ ਕੁਝ ਕਹਾਣੀਕਾਰਾਂ ਜਾਂ ਜਿਨ੍ਹਾਂ ਕੁਝ ਇਕ ਲੇਖਕਾਂ ਨੇ ਕੈਨੇਡਾ ਵਿਚ ਹੀ ਕਹਾਣੀਆਂ ਲਿਖਣੀਆਂ ਆਰੰਭੀਆਂ ਅਤੇ ਇਥੋਂ ਦੇ ਅਖਬਾਰਾਂ, ਰਸਾਲਿਆਂ ਵਿਚ ਛਪਵਾਈਆਂ ਉਹ ਹਨ —

ਗਿਆਨੀ ਕੇਸਰ ਸਿੰਘ, ਰਵਿੰਦਰ ਰਵੀ, ਅਮਰਜੀਤ ਚਾਹਲ, ਸਾਧੂ, ਸੁਰਜੀਤ ਕਲਸੀ, ਅਵਤਾਰ ਗਿੱਲ, ਹਰਭਜਨ ਪਵਾਰ, ਹਰਿਭਜਨ ਹਾਂਸ, ਦੇਵਿੰਦਰ ਸੇਖੋਂ, ਅਮਰੀਕ ਕੰਗ, ਬਲਬੀਰ ਸਿੰਘ ਮੋਮੀ, ਤੇਜ ਸੰਧੂ, ਤੇਜ ਭੰਮੀਪੁਰੀ, ਸੁਖਦੇਵ ਫਲੌਰਾ, ਬਲਦੇਵ ਚੀਮਾ, ਹਰੀਪਾਲ, ਸੰਤੋਖ ਢੀਨਾ, ਜਗਦੇਵ ਜਟਾਣਾ, ਗੁਰਜੀਤ ਸਾਂਗਰਾ, ਸੁਖਵੰਤ ਹੁੰਦਲ, ਅਜਮੇਰ ਰੋਡੇ, ਕਰਮਜੀਤ ਘੁਮਾਣ, ਕੁਲਵੰਤ ਸਹੋਤਾ, ਪਰਮਜੀਤ ਗਿੱਲ, ਮਨਜੀਤ ਗਿੱਲ, ਅਮਰਜੀਤ ਸੂਫ਼ੀ, ਜਰਨੈਲ ਚੰਦੀ, ਅਤੇ ਕੁਝ ਹੋਰ ਲੇਖਕ

## ਅਜ ਅਸੀਂ ਇਥੇ !

ਅਜ ਇਥੇ—
ਮਾਂ ਦੇ ਬੱਚੇ ਹੁੰਦੇ ਹੋਏ ਵੀ
ਮਾਂ ਦੀ ਕੁਖ ਖਾਲੀ ਹੈ
ਜੀਕਣ ਵਖ ਹੁੰਦੀ
ਫੁਲ ਤੋਂ ਡਾਲੀ ਹੈ
ਇਕ ਦਿਨ ਐਸਾ ਆਇਆ
ਜਿਹਨੂੰ ਦੇਖ ਮੈਂ ਘਬਰਾਇਆ
ਇਕੋ ਰਸਤਾ ਹੈ—
ਪਰ, ਮੰਜ਼ਿਲ ਅਲਗ-ਅਲਗ
ਪਾਟੀ ਅੱਧ ਵਿਚਕਾਰੋਂ
ਜਦੋਂ ਬਾਪੂ ਦੀ ਪੱਗ
ਕਿਸ ਨੇ ਜਿਤਿਆ ਜੱਗ ?
ਹਉਮੈਂ ਦੀ ਅੱਗ ਵਿਚ
ਨਾ ਕੋਈ ਜਿਤਿਆ !
ਨਾ ਕੋਈ ਹਾਰਿਆ !
ਇਕ ਵਾਰ ਜੇ ਨੌਹਾਂ ਨਾਲੋਂ
ਮਾਸ ਟੁੱਟ ਕੇ ਝੜ ਜਾਵੇ।
ਤਾਂ—ਫਿਰ—?

ਉਂਝ ਟੁਟਿਆ ਮਾਸ ਕਦੇ ਨਹੀਂ ਜੁੜਦਾ !
ਹਰ ਕੋਈ ਅੱਖ ਬਚਾ ਕੇ ਟੁਰਦਾ !
ਅੱਜ ਅਸੀਂ ਇਥੇ
ਮਾਂ ਦੀ ਮਮਤਾ ਨੂੰ ਤਰਸੇ
ਇਕਨ੍ਹਾਂ ਨੂੰ ਆ ਜਾਂਦਾ ਹੈ
ਆਪਣੀ ਸ਼ੋਹਰਤ ਦਾ ਖਿਆਲ
ਮਾਂ ਵੀ ਲੋਰੀ ਦੇ ਕੇ
ਉਸੇ ਨੂੰ ਕਰ ਦੇਵੇ ਨਿਹਾਲ।
ਮੈਂ ਉਸ ਮਾਂ ਨੂੰ ਕੀ ਆਖਾਂ ?
ਜਿਸ ਦੇ ਦੋ ਹੋਣ ਰੂਪ,
ਇਕ ਪੱਲ ਜਨਮ ਦਾ ਸਰਾਪ
ਦੂਜੇ ਪੱਲ ਦੁੱਖ ਦਾ ਵਰਲਾਪ
ਉਂਝ ਮਾਂ ਦੀਆਂ
ਬਾਬਤ ਦੇਵੇਂ ਅੱਖਾਂ
ਕੀ ਉਨ੍ਹਾਂ ਤੇ ਰੋਵਾਂ ?
ਕੀ ਉਨ੍ਹਾਂ ਤੇ ਹੱਸਾਂ ?
ਇਕ ਅੱਖ ਹੀ ਆਪਣੀ
ਆਪ ਸੁਰਮਚੂ ਖੋਬ ਦਿਤਾ
ਦੂਜੀ ਅੱਖ ਤੇ
ਗੰਜੀ ਦੇ ਨਹਾਉਣ ਵਾਂਗ
ਸਿਰ ਤੇ ਹੈ ਹੱਥ ਫੇਰ ਦਿਤਾ
ਉਸ ਮਾਂ ਨੂੰ ਐ—'ਪੁਰੇਵਾਲ'
ਮੈਂ ਕੀ ਆਖਾਂ ?
ਉਸ ਮਾਂ ਵੱਲ
ਮੈਂ ਕੀਕਣ ਝਾਖਾਂ
ਸਣੇ ਭਰਾਵਾਂ ਜੋ
ਇਥੇ ਪੁੱਠੇ ਪੈਰੀਂ ਚਲਦੀ
ਬੀਮਾਰ ਰੀਂਗਦੀ ਮਮਤਾ
ਬੇਵਫਾ ਨੂੰ ਜਫਾ ਨੂੰ
ਮੈਂ ਕੀਕਣ ਆਖਾਂ !
ਤੇ—
ਮਮਤਾ ਨੂੰ ਕੀਕਣ ਚੱਖਾ।

ਇਹ ਕੀ ਖਿੱਦੋ ਫੋਹਲਿਆ ?
ਇਹ ਕੀ ਖਿੱਦੋ ਗੋਲਿਆ ?
ਹਿਕ ਵਲ ਆਵੇਂ,
ਮੇਰੇ ਬੁਲ੍ਹਾਂ ਵਲ ਜਾਵੇਂ,
ਮੇਰੀ ਗਲ੍ਹਾਂ ਵਲ ਧਾਵੇਂ,
ਬੁਲ੍ਹ ਢੋਲ ਦੀ ਅਮਾਨ
ਗਲ੍ਹਾਂ ਢੋਲ ਦੀ ਅਮਾਨ,
ਵੇ ਤੂੰ ਹੋ ਗਿਆ ਸ਼ਤਾਨ,
ਵੇ ਤੂੰ ਡਾਢਾ ਬੇਈਮਾਨ,
ਦਸ ਇਹ ਕੀ ਏ ਮਖੌਲ ਵੇ ?

## ਪਛਤਾਵਾ

ਬਾਬੇ ਦੋ ਸਾਊਥਾਲ ਦੇ
ਬੈਠੇ ਬੈਂਚ ਤੇ ਬਾਤਾਂ ਪਾਣ।
ਬੀਤੀਆਂ ਗੱਲਾਂ ਸੋਚ-ਸੋਚ ਕੇ
ਇਕ ਦੂਜੇ ਤੇ ਹੱਸੀ ਜਾਣ।
ਪੰਜੀ ਵਰ੍ਹੇ ਵਲੈਤ 'ਚ ਰਹਿਕੇ
ਕੀ ਖੱਟਿਆ ਏ ਏਥੇ ਆ ਕੇ?

ਪੌਂਡਾਂ ਖਾਤਰ ਜ਼ਿੰਦਗੀ ਰੁਲ ਗਈ,
ਢੇਰੀ ਲਾਈ ਚਾਅ, ਟੱਬਰ ਲਏ ਗੁਆ
ਭੂਆ, ਚਾਚੇ, ਤਾਏ, ਮਾਮੇ ਤੁਰ ਗਏ

ਛੱਡੇ ਭੈਣ ਭਰਾ, ਮਿਟ ਨਾ ਬੈਠੇ ਜਾ
ਹੁਣ ਤਾਂ ਮਿੱਤਰਾ ਕਾਹਦਾ ਰੋਣਾ,
ਸੱਭ ਕੁਝ ਆਪਣੇ ਹਥੀਂ ਆਪ ਗੁਆ।

ਵੱਡਾ ਮੁੰਡਾ ਗੋਰੀ ਲਈ ਫਿਰਦੈ
ਕੁੜੀ ਪਿਛੋਂ ਮੰਗਵਾਉਣ ਨਹੀਂ ਦਿੰਦੀ।
ਛੋਟਾ ਸੂਟੇ ਤੇ ਮੂਟੇ ਖਿੱਚੇ,
ਪਿਛੇ ਚਾਰ ਖੱਤੇ ਸ਼ਰੀਕਾਂ ਦੱਬ ਲਏ
ਹੁਣ ਨਾ ਕੁਝ ਏਥੇ ਨਾ ਕੁਝ ਉਥੇ
ਚੰਗੇ ਪੌਂਡ ਕਮਾਏ ਅਸਾਂ, ਪੌਂਡਾਂ ਨੇ ਦੱਬ ਲਏ।

ਖਿੱਚ ਖਿੱਚ ਬਾਰੇ, ਬਰੂਮ ਮਾਰ ਮਾਰ,
ਲਾ ਲਾ ਡਬਲਾਂ ਸਾਹੋ ਸਾਹ

ਮੰਡਾ ਸੇਟਰਡਾ ਮਰਨ ਨਹੀਂ ਦਿੱਤਾ
ਪੀ ਪੀ ਲੇਟ-ਬਿਟਰ ਦੇ ਪੈਂਟ
ਇਸ ਚੰਦਰੀ ਔਲਾਦ ਦੀ ਖਾਤਰ,
ਸੱਭ ਕੁਝ ਲਿਆ ਲੁਟਾ।

ਆਪਾਂ ਆਪ ਪਿਛੋਕੜ ਕੋਹਿਆ
ਸੰਤਾ ਸਿਹਾਂ ਹੁਣ ਗੱਲ ਨਹੀਂ ਬਣਨੀ
ਹੁਣ ਤਾਂ ਅਸੀਂ 'ਲਾਵਾਰਸ ਲਾਸ਼ਾਂ'
ਡੁੱਗਾ ਆਪਣਾ ਗਾਲ ਚੁੱਕੇ ਹਾਂ
ਕੁਝ ਵਰਿਆਂ ਦੀ ਅਮੀਰੀ ਖਾਤਰ
'ਕੁਲ' ਆਪਣੀ ਨੂੰ ਮਾਰ ਚੁੱਕੇ ਹਾਂ।

ਇਹ ਬਾਬੇ ਨੇ ਸਾਊਥਾਲ ਦੇ,
ਹੋਏ ਨਮੋਸ਼ੇ ਅੱਧੋਰਾਣੇ
ਗਏ ਦਿਨਾਂ ਦੀ ਭੁੱਲ ਹੋਈ ਨੂੰ
ਮੁੜ-ਮੁੜ ਬੈਠੇ ਸੋਚ ਰਹੇ ਨੇ।
ਆਪਣੇ ਆਪ 'ਚ ਝੂਰ ਰਹੇ ਨੇ
'ਨਵੇਂ' ਪ੍ਰਾਹੁਣਿਆਂ ਨੂੰ 'ਘੂਰ ਰਹੇ ਨੇ'।

ਸੁਰਿੰਦਰ ਘਈ, ਸਾਊਥਾਲ


# BLOCK BROS. REALTY LTD.

9360 - 120 St. SURREY, B.C. V3V 4B9

ਆਪਣਾ ਘਰ ਖ਼ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫ਼ੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 581-4601**

**Res. (604) 591-1354 ਜਾਂ 588-0749**



**BEANT SEKHON**
Res. 591-1354
or
588-0749

# An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL **Ph. 872-7375**



## ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

**ਬਾਬੂ ਬਾਂਸਲ**

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

**ਫ਼ੋਨ : 872-7375**

# ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
- ਘਰ ਜਾਂ ਜ਼ਮੀਨ ਖ਼ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖ਼ਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



**Off. 324-6727**

**Res. 324-4160**

**#201 - 2001 East 36th Ave. [at victoria]**
**Vancouver. B.C. V5P 1C9**

ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

**LIFE ■ HEALTH ■ GROUP ■ DISABILITY INSURANCE**

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ

ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,

ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?



**Off: 685-7364** **Bhupinder Dhaliwal** **Res: 589-1559**

Bhupinder Dhaliwal

ਜਿਨ੍ਹਾਂ ਸਿਰਫ ਇਕ ਅੱਧ ਵਾਰ ਹੀ ਕਹਾਣੀ ਲਿਖੀ।

ਇਸ ਖੋਜ ਪੱਤਰ ਦੇ ਸੀਮਤ ਘੇਰੇ ਨੂੰ ਵੇਖਦਿਆਂ ਉਪਰੋਕਤ ਸਾਰੇ ਲੇਕਾਂ ਦੀਆਂ ਰਚਨਾਵਾਂ ਦਾ ਸਾਹਿਤਕ ਪੱਖ ਤੋਂ ਵਿਸ਼ਲੇਸ਼ਣ ਕਰਨਾ ਸ਼ਾਇਦ ਸੰਭਵ ਨਾ ਹੋ ਸਕੇ ਫੇਰ ਵੀ ਵੱਧ ਤੋਂ ਵੱਧ ਕੋਸ਼ਿਸ਼ ਇਹ ਰਹੇਗੀ ਕਿ ਉਪਰੋਕਤ ਲੇਖਕਾਂ ਦੀਆਂ ਕੁਝ ਕਹਾਣੀਆਂ ਦੇ ਵਿਸ਼ੇ ਵਸਤੂ ਦਾ ਜ਼ਿਕਰ ਜ਼ਰੂਰ ਕੀਤਾ ਜਾਏ। ਇਸ ਖੋਜ ਪੱਤਰ ਵਿਚ ਜਿਨ੍ਹਾਂ ਵੀ ਕਹਾਣੀਆਂ ਨੂੰ ਜ਼ਿਕਰ ਯੋਗ ਚੁਣਿਆ ਗਿਆ ਹੈ ਉਨ੍ਹਾਂ ਦਾ ਵਿਸ਼ਲੇਸ਼ਣ ਕਿਸੇ ਵਾਦ ਜਾਂ ਕਿਸੇ ਧਾਰਾ ਨਾਲ ਜੋੜ ਕੇ ਕਰਨ ਤੋਂ ਪ੍ਰਹੇਜ਼ ਕੀਤਾ ਗਿਆ ਹੈ ਸਗੋਂ ਉਨ੍ਹਾਂ ਕਹਾਣੀਆਂ ਦਾ ਮੁਲਅੰਕਣ ਸਾਹਿਤਕ ਅਲੋਚਨਾ ਦੇ ਪ੍ਰਮਾਣਿਤ ਨਿਯਮਾਂ ਯਾਨੀ ਕਿ ਵਿਸ਼ਾ ਵਸਤੂ, ਪਲਾਟ, ਪਤਰ ਉਸਾਰੀ, ਸ਼ੈਲੀ ਆਦਿ ਅਜਿਹੇ ਸਾਹਿਤਕ ਨੁਕਤਿਆਂ ਦੇ ਆਧਾਰ ਤੇ ਕੀਤਾ ਜਾਏਗਾ ਇਸੇ ਕਰਕੇ ਕੁਝ ਕੁ ਕਹਾਣੀਆਂ ਦਾ ਜ਼ਿਕਰ ਵੱਖ ਵੱਖ ਪੱਖਾਂ ਤੋਂ ਵਧੇਰੇ ਵਾਰ ਆਏਗਾ।

**ਸਾਹਿਤਕ ਵਿਸ਼ਲੇਸ਼ਣ :**

ਗਿਣਨਾਤਮਕ ਪੱਖ ਤੋਂ ਕਹਾਣੀਆਂ ਦਾ ਸਾਹਿਤਕ ਵਿਸ਼ਲੇਸ਼ਣ ਕਰਨ ਲਈ ਭਾਵੇਂ ਬਹੁਤ ਸਾਰੇ ਵਿਸਥਾਰ ਦੀ ਲੋੜ ਹੈ ਜਿਹੜਾ ਕਿ ਇਕ ਪੁਸਤਕ ਦਾ ਰੂਪ ਮੰਗਦਾ ਹੈ ਪਰ ਇਸ ਸੀਮਤ ਖੋਜ ਪੱਤਰ ਵਿਚ ਕੁਝ ਉਨ੍ਹਾਂ ਕਹਾਣੀਆਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਹੜੀਆਂ ਗੁਣਾਤਮਕ ਪੱਖੋਂ — ਵਿਸ਼ੇ ਵਸਤੂ, ਪਲਾਟ, ਸ਼ੈਲੀ (style), ਪਾਤਰੀਕਰਣ ਅਤੇ ਸ਼ਿਲਪਕਾਰੀ (craftsmanship) ਦੀ ਕਸਵੱਟੀ ਉਤੇ ਲਗਭੱਗ ਪਰਖੀਆਂ ਜਾ ਸਕਦੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਚਾਰ ਅਧੀਨ ਕਹਾਣੀਆਂ ਵਿਚ, ਚਾਹੇ ਉਹ ਕੈਨੇਡੀਅਨ ਪੱਖ ਪੇਸ਼ ਕਰਦੀਆਂ ਹਨ ਜਾਂ ਪੰਜਾਬ ਦੀ ਮਿੱਟੀ ਦਾ ਮੋਹ, ਸਮਾਜਕ ਅੰਸ਼ ਪ੍ਰਧਾਨ ਹਨ। ਕਹਾਣੀਆਂ ਆਮ ਕਰਕੇ ਯਥਾਰਥ ਅਤੇ ਰੋਜ਼ਾਨਾ ਜ਼ਿੰਦਗੀ ਦੇ ਨੇੜੇ ਵਿਚਰਦੀਆਂ ਹਨ; ਕਲਪਨਿਕ ਕਹਾਣੀਆਂ ਬੇਸ਼ਕ ਘੱਟ ਹਨ ਫਿਰ ਵੀ ਕਈ ਕਹਾਣੀਕਾਰਾਂ ਦੀ ਕਲਪਣਾ ਪੰਜਾਬ ਅਤੇ ਖਾਸ ਕਰਕੇ ਉਨ੍ਹਾਂ ਥਾਵਾਂ, ਜੂਹਾਂ, ਬੇਲਿਆਂ ਤੱਕ ਸੀਮਿਤ ਹੈ ਜਿਥੇ ਉਹ ਪਲੇ ਅਤੇ ਵੱਡੇ ਹੋਏ — ਮਿੱਟੀ ਦਾ ਮੋਹ ਅਤੇ ਪਿੱਛੇ ਨਾਲ ਭਾਵਨਾਤਮਕ ਸਾਂਝ ਤੀਬਰ ਰਹਿੰਦੀ ਹੈ।

ਇਥੇ ਇਹ ਗੱਲ ਕੈਨੇਡਾ ਵਿਚ ਵਿਚਰ ਅਤੇ ਰਚਨਾ ਕਰ ਰਹੇ ਪੰਜਾਬੀ ਲੇਖਕਾਂ ਦੇ ਪੱਖ ਵਿਚ ਜਾਂਦੀ ਹੈ ਕਿ ਉਨ੍ਹਾਂ ਕੋਲ ਨਾ ਸਿਰਫ਼ ਇਹ ਗੁਣ ਹੈ ਸਗੋਂ ਉਨ੍ਹਾਂ ਨੂੰ ਇਹ ਲਾਭ ਵੀ ਹੈ ਕਿ ਉਨ੍ਹਾਂ ਕੋਲ ਸਹਿਜ ਸੁਭਾ ਹੀ ਦੋਹਾਂ ਧਰਤੀਆਂ, ਦੋਹਾਂ ਸਭਿਆਚਾਰਾਂ, ਵੱਖਰੀਆਂ ਕਦਰਾਂ ਕੀਮਤਾਂ ਤੇ ਵੱਖਰੇ ਵਾਤਾਵਰਣ ਆਦਿ ਦਾ ਤਜ਼ਰਬਾ ਆ ਜਾਂਦਾ ਹੈ ਤਜ਼ਰਬਾ ਨਾ ਵੀ ਹੋਵੇ ਗਿਆਨ 'ਚ ਇਜ਼ਾਫਾ ਜ਼ਰੂਰ ਹੁੰਦਾ ਹੈ। ਜੇ ਉਹ ਚਾਹੁੰਣ ਆਪਣੀ ਲੇਖਣੀ ਸਦਕਾ ਦੋਹਾਂ ਤਰ੍ਹਾਂ ਦੇ ਤਜ਼ਰਬਿਆਂ ਨਾਲ ਕਈ ਤਰ੍ਹਾਂ ਦੇ ਵਿਸ਼ੇ, ਕਈ ਤਰ੍ਹਾਂ ਦੇ ਪਲਾਟ ਤੇ ਆਪਣੀ ਸ਼ੈਲੀ ਨਾਲ ਕਈ ਤਰ੍ਹਾਂ ਦੀਆਂ ਵਿਲੱਖਣ ਕਹਾਣੀਆਂ ਸਿਰਜ ਸਕਦੇ ਹਨ ਜਾਂ ਇਨ੍ਹਾਂ ਦੋਹਾਂ ਸਭਿਆਚਾਰਾਂ ਦੀ ਤੱਕਰਾਰ, ਮੁਕਾਬਲਾ ਜਾਂ ਇਕ ਦੂਜੇ 'ਤੇ ਭਾਰੂ ਹੋਣਾ ਆਦਿ ਕਈ ਕੁਝ ਕਲਮਬੱਧ ਕਰ ਸਕਦੇ ਹਨ। ਬਹੁਤ ਸਾਰੇ ਲੇਖਕ ਅਜਿਹੇ ਯਤਨ ਕਰ ਵੀ ਰਹੇ ਹਨ ਜਿਵੇਂ ਕਿ ਹੱਥਲੀਆਂ ਬਹੁਤ ਸਾਰੀਆਂ ਕਹਾਣੀਆਂ ਕੈਨੇਡਾ ਆਏ ਨਵੇਂ ਪਰਵਾਸੀਆਂ ਦੇ ਜੀਵਨ ਦੀਆਂ ਮੁਸ਼ਕਲਾਂ ਦੀ ਤਰਜਮਾਨੀ ਕਰਦੀਆਂ ਹਨ/ਸਭਿਆਤਾਵਾਂ ਦਾ ਫਰਕ ਅਤੇ ਉਸ ਦੇ ਦਵੰਧ ਤੋਂ ਪੈਦਾ ਹੋਇਆ ਧੱਕਾ, ਨਵੀਂ ਧਰਤੀ ਦੀਆਂ ਮੁਸ਼ਕਲਾਂ, ਚਕਾ ਚੌਂਧ ਰੰਗੀਨੀਆਂ ਦਾ ਪ੍ਰਭਾਵ, ਪੈਸੇ ਕਮਾਉਣ ਅਤੇ ਪਿੱਛੇ ਪਰਵਾਰਾਂ/ਰਿਸ਼ਤੇਦਾਰਾਂ ਨੂੰ ਮੱਦਦ ਭੇਜਣ ਦਾ ਬੋਝ ਜਾਂ ਨਾ ਭੇਜਣ ਦਾ ਜੁਰਮ ਜਿਹਾ ਅਹਿਸਾਸ; ਨੌਕਰੀਆਂ ਲਭਣ ਦੀਆਂ ਮੁਸ਼ਕਲਾਂ ਤੇ ਕੜੀ ਮੁਸ਼ੱਕਤ ਨਾਲ ਕਮਾਏ ਡਾਲਰ/ਬੱਚਿਆਂ ਦਾ ਪਾਲਣ ਪੋਸ਼ਣ; ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੀ ਟੱਕਰ, ਤਕਰਾਰ, ਗ਼ਲਤਫਹਿਮੀਆਂ; ਬੱਚਿਆਂ ਵਿਚ ਦੋਹਾਂ ਸਭਿਆਚਾਰਾਂ ਦੀ ਟੱਕਰ ਤੋਂ ਪੈਦਾ ਹੋਏ ਦਵੰਧ ਅਤੇ ਵਿਸ਼ਾਲ ਖਿਲਾਅ ਦਾ ਦੁਖਾਂਤ ਆਦਿ ਕਈ ਕੁਝ ਪੇਸ਼ ਕਰਦੀਆਂ ਇਹ ਕਹਾਣੀਆਂ ਕੈਨੇਡਾ ਦੇ ਪੰਜਾਬੀ ਸਾਹਿਤ ਵਿਚ ਮਹੱਤਵਪੂਰਣ ਵਾਧਾ ਕਰਦੀਆਂ ਹਨ।

**ਵਿਸ਼ਾ ਵਸਤੂ :**

ਵਿਸ਼ੇ ਵਸਤੂ ਦੇ ਪੱਖ ਤੋਂ ਇਨ੍ਹਾਂ ਕਹਾਣੀਆਂ ਦਾ ਵਿਸ਼ਲੇਸ਼ਣ ਕਰਨ ਲਈ ਇਨ੍ਹਾਂ ਨੂੰ ਮੁੱਖ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ, ਇਸ ਸ਼੍ਰੇਣੀ ਵੰਡ ਦੀਆਂ ਸਰਹੱਦਾਂ ਪੈਨਸਲ ਦੀਆਂ ਲਕੀਰਾਂ ਹਨ ਜਿਨ੍ਹਾਂ ਰਾਹੀਂ ਕੁਝ ਕੁ ਕਹਾਣੀਆਂ ਦੇ ਵਿਸ਼ੇ ਇਕ ਦੂਜੀ ਸ਼੍ਰੇਣੀ ਹੇਠ ਸਹਿਜ ਹੀ ਇਧਰ ਓਧਰ ਟਿਕਾਏ ਜਾ ਸਕਦੇ ਹਨ। ਸੋ ਇਹ ਸ਼੍ਰੇਣੀ-ਵੰਡ ਕੱਟੜ ਨਾ ਰਹਿ ਕੇ ਪਾਠਕਾਂ ਦੇ ਵਿਚਾਰਾਂ ਅਨੁਸਾਰ ਲੱਚਕ ਦੀ ਗੁੰਜਾਇਸ਼ ਰਖਦੀ ਹੈ। ਆਓ ਦੇਖੀਏ ਇਹ ਤਿੰਨ ਕਹਿੜੀਆਂ ਸ਼੍ਰੇਣੀਆਂ ਹਨ :

(1) ਕੈਨੇਡੀਅਨ ਤੱਤ/ਕੈਨੇਡਾ ਦੇ ਪਰਵਾਸੀ ਜੀਵਨ ਨਾਲ ਸੰਬੰਧਤ ਵਿਸ਼ੇ
(2) ਪੰਜਾਬੀ/ਭਾਰਤੀ ਤੱਤ/ਪੰਜਾਬ ਦੀ ਧਰਤੀ ਨਾਲ ਸੰਬੰਧਤ ਵਿਸ਼ੇ
(3) ਪੰਜਾਬੀ—ਕੈਨੇਡੀਅਨ ਤੱਤ/ਇਕੋ ਵਿਸਥਾਰ ਵਿਚ ਪੰਜਾਬ ਦੇ ਸੱਚ ਅਤੇ ਪਰਵਾਸ ਦੇ ਯਥਾਰਥ ਦਾ ਸੁਮੇਲ/ਮਿਲਗੋਭਾ/ਵਿਖਾਦ ਨਾਲ ਸੰਬੰਧਤ ਵਿਸ਼ੇ

## ਕੈਨੇਡੀਅਨ ਤੱਤ

### (1) ਕੈਨੇਡਾ ਦੇ ਪਰਵਾਸੀ ਜੀਵਨ ਨਾਲ ਸੰਬੰਧਤ ਵਿਸ਼ੇ :

ਇਸ ਸ਼੍ਰੇਣੀ ਵਿਚ ਉਨ੍ਹਾਂ ਕਹਾਣੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਕੈਨੇਡਾ ਦੀ ਰਹਿਣੀ ਬਹਿਣੀ ਅਤੇ ਪੰਜਾਬੀਆਂ ਦੇ ਪ੍ਰਵਾਸੀ ਜੀਵਨ ਵਿਚ ਕੈਨੇਡਾ ਦੀ ਰਹਿਣੀ ਬਹਿਣੀ ਦਾ ਦਖਲ ਕਿਵੇਂ ਦਰਜ ਹੁੰਦਾ ਹੈ, ਉਸ ਦਾ ਕੀ ਪ੍ਰਭਾਵ ਪੈਂਦਾ ਹੈ, ਲੋਕ ਕਿੰਨਾ ਕੁ ਪ੍ਰਭਾਵ ਗ੍ਰਹਿਣ ਕਰਦੇ ਹਨ ਆਦਿ। ਇਸ ਸ਼੍ਰੇਣੀ ਅਧੀਨ ਅਸੀਂ ਹੇਠਾਂ ਲਿਖੀਆਂ ਕਹਾਣੀਆਂ ਨੂੰ ਵੇਖ ਸਕਦੇ ਹਾਂ :—

ਅਮਰਜੀਤ ਚਾਹਲ ਦੀਆਂ ਕਹਾਣੀਆਂ — "ਕਾਰ", "ਅਹਿਸਾਸ", "ਆਖਰੀ ਦਿਨ", "ਜ਼ਮੀਰ", "ਮਰਜ਼ੀ ਦੇ ਮਾਲਕ", ਤੇ "ਰੰਗਦਾਰ ਪ੍ਰੋਗਰਾਮ"।

ਸਾਧੂ ਦੀਆਂ ਕਹਾਣੀਆਂ — "ਮੂਸਾ ਭੱਜਾ ਮੌਤ ਤੋਂ", "ਮੁੱਠੀ ਦਾ ਰੇਤਾ", "ਜੁੱਤੀ ਦੇ ਯਾਰ", "ਅਮਾਨਤ" ਤੇ "ਸੁਆਗਤੀ ਭਾਸ਼ਣ"।

ਗਿਆਨੀ ਕੇਸਰ ਸਿੰਘ ਦੀ ਕਹਾਣੀ — "ਲਿੰਡਾ"

ਰਵਿੰਦਰ ਰਵੀ ਦੀਆਂ ਕਹਾਣੀਆਂ — "ਆਪਣੇ ਆਪਣੇ ਓਹਲੇ", "ਕਿੱਲਾਂ" ਤੇ "ਕੈਂਸਰ"।

ਹਰਭਜਨ ਹਾਂਸ ਦੀਆਂ ਕਹਾਣੀਆਂ — "ਦੇਈਂ ਨਾ ਬਾਬਲ ਓਸ ਘਰੇ", "ਧਰਤ ਬੇਗਾਨੀ ਲੋਕ ਪਰਾਏ"।

ਯੁਵਰਾਜ ਰਤਨ ਦੀ ਕਹਾਣੀ — "ਕਤਲਗਾਹ"

ਦੇਵਿੰਦਰ ਸੇਖੋਂ ਦੀ ਕਹਾਣੀ — "ਫੈਸਲਾ ਹੋਣ ਤੱਕ" ਤੇ "ਇਕ ਪਹੀਏ ਵਾਲੀ ਗੱਡੀ"

ਅਵਤਾਰ ਗਿੱਲ ਦੀਆਂ ਕਹਾਣੀਆਂ — "ਜਵਾਬ" ਅਤੇ "ਪਟਾਕਾ"

ਸੁਰਜੀਤ ਕਲਸੀ ਦੀਆਂ ਕਹਾਣੀਆਂ — "ਦੁੱਖੜਾਂ ਕਾਸੇ ਕਹੂੰ" ਤੇ "ਮੁਲਤਵੀ ਕੀਤਾ ਜਿਉਣਾ"।

ਪਰਮਜੀਤ ਗਿੱਲ ਦੀਆਂ ਕਹਾਣੀਆਂ — "ਸ਼ਸ਼ੀ" ਤੇ "ਖੁਸ਼ੀ"।

ਸੁਖਵੰਤ ਹੁੰਦਲ ਦੀਆਂ ਕਹਾਣੀਆਂ — "ਜ਼ਮੀਰ" ਤੇ "ਪ੍ਰਦੇਸੀ"।

ਜਰਨੈਲ ਚੰਦੀ ਦੀ ਕਹਾਣੀ — "ਪੰਜ ਹਜ਼ਾਰੀ ਸੂਟ"।

ਅਮਰਜੀਤ ਸੂਫੀ ਦੀ ਕਹਾਣੀ — "ਸਮੇਂ ਦੇ ਬੇਲਣੇ ਵਿਚ"

ਕਰਮਜੀਤ ਘੁਮਾਣ ਦੀਆਂ ਕਹਾਣੀਆਂ — "ਰਿਸ਼ਤੇਦਾਰੀ ਦਾ ਮਾਮਲਾ" ਤੇ "ਅਕਲ"

ਸੁਰਿੰਦਰ ਧੰਜਲ ਦੀ ਕਹਾਣੀ — "ਬਗਲੇ ਭਗਤ"

ਅਜਮੇਰ ਰੋਡੇ ਦੀ ਕਹਾਣੀ — "ਨੰਬਰ ਵੱਨ"

ਦੇਵ ਜਟਾਣਾ ਦੀ ਕਹਾਣੀ — "ਮੁਕਤੀ"।

ਮੱਖਣ ਟੁੱਟ ਦੀ ਕਹਾਣੀ — "ਲਹੂ ਭਿੱਜੀ ਲਾਸ਼"

ਤੇਜ ਸੰਧੂ 'ਸਮਾਧਵੀ' ਦੀ ਕਹਾਣੀ — "ਜ਼ੈਲਦਾਰੀ' ਤੇ ਹਰੀਪਾਲ ਦੀਆਂ ਕਹਾਣੀਆਂ "ਸਿਨੀਔਰਟੀ", "ਸਦਾ ਇਸ ਤਰ੍ਹਾਂ ਨਹੀਂ ਹੁੰਦਾ ਰਹੇਗਾ" ਅਤੇ ਕੁਝ ਹੋਰ ਅਜਿਹੀਆਂ ਹੀ ਕਹਾਣੀਆਂ ਇਸ ਸ਼੍ਰੇਣੀ ਵਿਚ ਆ ਜਾਂਦੀਆਂ ਹਨ।

ਅਮਰਜੀਤ ਚਾਹਲ ਦੀ ਕਹਾਣੀ "ਕਾਰ", ਕੈਨੇਡਾ ਵਿਚ ਆਏ ਇਕ ਨਵੇਂ ਪਰਵਾਸੀ ਜੋੜੇ ਦੀ ਕਹਾਣੀ ਹੈ, ਇਸ ਵਿਚ ਸੱਤੋ ਤੇ ਉਸਦਾ ਘਰ ਵਾਲਾ ਮਾਈਕ ਇਸ ਗੱਲ ਦੀ ਤਰਜਮਾਨੀ ਕਰਦੇ ਹਨ ਕਿ ਕਿਵੇਂ ਸਾਡੇ ਲੋਕ ਕੈਨੇਡਾ ਆਉਂਦੇ ਸਾਰ ਹੀ ਬਦਲਣ ਲਗਦੇ ਹਨ — ਲੋਕਾਂ ਦੇ ਵਿਚਾਰ, ਭਾਵਨਾਵਾਂ, ਰਹਿਣ ਸਹਿਣੀ, ਆਦਿ ਬਦਲਣੀ ਸ਼ੁਰੂ ਹੋ ਜਾਂਦੀ ਹੈ। ਕਿਸ ਤਰ੍ਹਾਂ ਲੋਕਾਂ ਦੀ ਲਿਵ ਪਿੱਛੇ ਰਹਿ ਗਏ ਰਿਸ਼ਤੇਦਾਰਾਂ ਨੂੰ ਮੰਗਵਾਉਣ ਵਿਚ ਲਗੀ ਰਹਿੰਦੀ ਹੈ ਜਿਵੇਂ "ਜ਼ਮੀਰ" ਕਹਾਣੀ ਵਿਚ ਇਕ ਪਾਤਰ ਰਹਿੰਦਾ ਹੈ —

"ਇਹ ਖਾਹਿਸ਼ ਮੇਰੀ ਘਰ ਵਾਲੀ ਦੀ ਸੀ ਕਿ ਘੱਟੋ ਘੱਟ ਉਸਦਾ ਇਕ ਭਰਾ ਇਥੇ ਜ਼ਰੂਰ ਹੋਣਾ ਚਾਹੀਦਾ ਹੈ।"

ਹਾਂ—ਉ ਮੇਰਾ ਇਕ ਹੀ ਭਰਾ ਆ ਜਾਂਦਾ। ਫਿਰ ਉਹ ਆਕੇ ਦੂਸਰਿਆਂ ਨੂੰ ਮੰਗਵਾ ਲੈਂਦਾ। ਹੋਰਨਾਂ ਦੇ ਵੀ ਤਾਂ ਆਏ ਹੋਏ ਹਨ।"

ਇਸ ਗੱਲ ਦੀ ਪੁਸ਼ਟੀ ਹੈ ਕਿ ਅਕਸਰ ਲੋਕ ਇਸ ਤਰ੍ਹਾਂ ਹੀ ਕਰਦੇ ਹਨ। ਐਨਾ ਜ਼ੋਰ ਲਾਕੇ ਰਿਸ਼ਤੇਦਾਰਾਂ ਨੂੰ ਮੰਗਵਾ ਲਿਆ ਜਾਂਦਾ ਹੈ ਫਿਰ ਸਮੱਸਿਆ ਬਾਤ ਦੀ ਸ਼ੁਰੂ ਹੁੰਦੀ ਹੈ। ਇਸ ਨੂੰ ਅਮਰਜੀਤ ਚਾਹਲ ਨੇ "ਕੋਈ ਇਕ ਪੰਜਾਬੀ ਡਾਕਟਰ" ਵਿਚ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।

"ਅਹਿਸਾਸ" ਵਿਚ ਲੇਖਕ ਉਨ੍ਹਾਂ ਬਜ਼ੁਰਗ ਲੋਕਾਂ ਵੱਲ ਇਸ਼ਾਰਾ ਕਰਦਾ ਹੈ ਜੋ ਇਥੇ ਆ ਕੇ ਵੀ ਪਿਛਾਂ ਖਿਚੂ ਰੁਚੀਆਂ ਦੇ ਮਾਲਕ ਰਹਿੰਦੇ ਹਨ ਤੇ ਆਪਣੇ ਬੱਚਿਆਂ ਪੋਤੇ ਪੋਤੀਆਂ ਵਿਚ ਦੋਸ਼ੀ ਹੋਣ ਦਾ ਅਹਿਸਾਸ ਭਰਦੇ ਰਹਿੰਦੇ ਹਨ ਕਿ ਉਹ ਪੰਜਾਬੀ ਕਦਰਾਂ ਕੀਮਤਾਂ ਤੇ ਨਹੀਂ ਚਲਦੇ ਜਿਵੇਂ ਕਿ "ਅਹਿਸਾਸ" ਵਿਚ ਬੇਹੀ ਰੋਟੀ ਖਾਣ ਦੀ ਸ਼ੌਕੀਨ ਬੇਜੀ ਤੇ ਮਹਿੰਦਰ ਕੌਰ ਦੀ ਸੱਸ, ਰੋਟੀ ਵੇਲੇ ਨੂੰ ਸਾਰਿਆਂ ਲਈ ਦੂਬਰ ਬਣਾ ਛਡਦੀ ਹੈ ਜਦੋਂ ਨੂੰਹ ਬੇਹੀ ਰੋਟੀ ਨੂੰ ਗਾਰਬੇਜ਼ ਵਿਚ ਸੁੱਟਣ ਲਗਦੀ ਹੈ ਤਾਂ ਸੱਸ ਕਹਿੰਦੀ ਹੈ — "ਨਾ ਕੁੜੀਏ — ਐਵੇਂ ਮੂਰਖਮਤੀ ਨਾ ਕਰੀਂ — ਲਿਆ ਮੈਂ ਖਾ ਲੈਂਦੀ ਹਾਂ। ਅੰਨ੍ਹ ਦੇਵਤਾ — ਇਕ ਵੇਲੇ ਇਸ ਨੂੰ ਵੀ ਤਰਸੀਦਾ ਹੈ।" ਇਸ ਤਰ੍ਹਾਂ ਬਜ਼ੁਰਗ ਪੀੜ੍ਹੀ ਦੇ ਲੋਕ ਜੋ ਨਹੀਂ ਬਦਲਦੇ ਅਗਲੀ ਪੀੜ੍ਹੀ ਦੇ ਬਦਲਣ ਤੇ ਖੁਸ਼ ਨਹੀਂ ਹੁੰਦੇ।

ਅਮਰਜੀਤ ਚਾਹਲ ਦੀਆਂ ਕਹਾਣੀਆਂ ਵਿਚ ਛੋਟੇ ਛੋਟੇ ਵਿਸਥਾਰ ਦੀ ਬਾਰੀਕੀ ਨੂੰ ਵਰਨਣ ਕੀਤਾ ਗਿਆ ਹੁੰਦਾ ਹੈ — ਇਕ ਚੰਗੇ ਬਿਆਨ ਨਾਲ ਨਾ ਸਿਰਫ ਸਥਿਤੀ ਉਘੜ ਕੇ ਸਾਹਮਣੇ ਆਉਂਦੀ ਹੈ ਸਗੋਂ ਛੋਟੀਆਂ ਛੋਟੀਆਂ ਛੂਹਾਂ ਨਾਲ ਪਾਤਰਾਂ ਦੇ ਸੁਭਾਅ, ਕਿਰਦਾਰ ਤੇ ਘਟਨਾਵਾਂ ਵੀ ਉਘੜਦੀਆਂ ਹਨ। ਜਿਵੇਂ "ਕਾਰ" ਕਹਾਣੀ ਵਿਚ ਕਹਾਣੀ ਦਸਦਾ ਦਸਦਾ ਲੇਖਕ ਪਾਤਰਾਂ ਦੇ ਜਿਹਨ ਵੀ ਚਿਤਰਦਾ ਹੈ — ਸੱਤੋ ਉਹ ਕੁੜੀ ਹੈ ਜਿਸ ਨੂੰ ਕਦੀ ਉਸਦੇ ਪਿਤਾ ਨੇ ਸਾਈਕਲ ਸਿੱਖਣ ਤੋਂ ਕਦੇ ਕੁਟਿਆ ਸੀ ਪਰ ਅਜ ਉਹ ਕਿੰਨੇ ਭਰੋਸੇ ਨਾਲ ਕਾਰ ਚਲਾਉਂਦੀ ਹੈ। ਇਸੇ ਤਰ੍ਹਾਂ ਬੜੇ ਨਾਟਕੀ ਤਰੀਕੇ ਨਾਲ ਲੇਖਕ ਦਸਦਾ ਹੈ ਕਿ ਪਾਤਰ ਨਾ ਸਿਰਫ ਆਪਣੀ ਰਹਿਣੀ ਸਹਿਣੀ ਜਾਂ ਬੋਲਚਾਲ ਹੀ ਬਦਲਦੇ ਹਨ ਸਗੋਂ ਨਾਂ ਵੀ ਜਿਵੇਂ ਮਲਕੀਤ ਸਿੰਘ ਮਾਈਕ ਬਣ ਜਾਂਦਾ ਹੈ।

ਦੇਵਿੰਦਰ ਸੇਖੋਂ ਦੀ ਕਹਾਣੀ "ਫੈਸਲਾ ਹੋਣ ਤੱਕ" ਇਸੇ ਵਿਸ਼ੇ ਦਾ ਵਿਸਥਾਰ ਕਰਦੀ ਹੈ — ਉਸ ਵਿਚ ਹਰਦੇਵ "ਡੇਵ", ਰਣਧੀਰ "ਰੈਂਡੀ", ਦਲਜੀਤ "ਡੇਲ", ਬਣੇ ਹੋਏ ਹਨ ਅਤੇ ਉਹ ਆਪਣੀ ਭੂਆ ਦੇ ਪੁੱਤ ਜਸਬੀਰ ਨੂੰ ਏਅਰਪੋਰਟ ਤੋਂ ਲੈਣ ਜਾ ਰਹੇ ਗੱਲਾਂ ਕਰਦੇ ਹਨ —

"ਸੱਚ ਯਾਰ ਆਪਾਂ ਜਸਬੀਰ ਦਾ ਇਥੋਂ ਦਾ ਕੀ ਨਾਂ ਰਖਾਂਗੇ।"

"ਜੈਸੀ" ਹੋਰ ਕੀ? ਪਰ ਭਰਾਵਾ ਉਹ ਬੰਦਾ ਬਹੁਤ ਹੋਰ ਖਿਆਲਾਂ ਦਾ ਆ। ਓਹਨੇ ਕੋਈ ਵੀ ਕਨੇਡੀਅਨ ਨਾਂ ਪਸੰਦ ਨਹੀਂ ਕਰਨਾ। ਉਹ ਤਾਂ ਸਾਡੇ ਕਨੇਡੀਅਨ ਨਾਵਾਂ ਤੇ ਵੀ ਨੱਕ ਬੁੱਲ ਵੱਟੇਗਾ।"

ਲੇਖਕ ਨੇ ਭਾਰਤ ਤੋਂ ਇਕ ਨਵੇਂ ਆਏ ਸਿੱਖ ਨੌਜਵਾਨ ਦੇ ਮਨ ਦਾ ਦਵੰਧ ਦਿਖਾਇਆ ਹੈ ਕਿ ਇਥੋਂ ਦੇ ਤੌਰ ਤਰੀਕੇ ਅਪਨਾਏ ਜਾਂ ਨਾ, ਕੇਸ ਕਟਾਏ ਜਾਂ ਨਾ, ਜਸਬੀਰ ਤੋਂ ਜੈਸੀ ਬਣੇ ਜਾਂ ਨਾ, ਅਖੀਰ ਨੂੰ ਇਹ ਕਹਿਣ ਵਾਲਾ ਜਸਬੀਰ "ਮੈਂ? ਮੈਂ ਤਾਂ ਕੇਸ ਕਟਾਉਣ ਤੋਂ ਪਹਿਲਾਂ ਜਾਂ ਜਾਨ ਦੇ ਦੇਵਾਂਗਾ ਜਾਂ ਵਾਪਸ ਪੰਜਾਬ ਚਲਾ ਜਾਵਾਂਗਾ

## ਕਵਿਤਾ

### ਚਿੱਠੀ

**ਦਿਓਲ**

ਪਹਿਲੀ ਪਿਆਰ ਦੀ ਚਿੱਠੀ ਵਰਗੀ
ਨਿੱਘੀ ਸੂਹੀ ਸਵੇਰ 'ਚ ਆ ਕੇ
ਯਾਦ ਤੇਰੀ ਨੇ ਛੋਹੀਆਂ
ਜਿੰਦ ਦੀਆਂ ਬੁਲੀਆਂ।

ਕਾਫੀ ਦੇ ਪਿਆਲੇ ਜੇਹੀਆਂ
ਨਿੱਘੀਆਂ ਕੁੜੀਆਂ
ਕਵਿਤਾ ਦੇ ਸਿਰਲੇਖ ਜੇਹੀਆਂ ਆਕ੍ਰਸ਼ਕ
ਵਿਦਿਆਲੇ ਵਲ ਚੱਲੀਆਂ।

ਸੂਰਜ ਵਧੇ, ਵਧੇ ਸੇਕ ਤੇ ਚਾਨਣ
ਉਮਰ ਵਧੇ ਤੇ ਵਧੇ ਕੱਦ ਤੇ ਬੁੱਧੀ
ਇਹ ਕੁੜੀਆਂ ਜੋ ਵਧਣਗੀਆਂ
ਤੇ ਇਹ ਯਾਦਾਂ ਜੋ ਆਉਣਗੀਆਂ
ਮੁੜ ਮੁੜ ਦਿਲ ਦੇ ਵਿਹੜੇ।

ਦਿਲ ਮੇਰੇ ਦੀ ਧਰਤੀ ਸਦਾ ਸੁਗੰਧਤ
ਤੇ ਇਹ ਦੁਨੀਆਂ ਬੁੱਧੀਵਾਨਾਂ ਦੇ ਹੱਥਾਂ ਵਿਚ
ਬਣਸੀ ਇਕ ਅਜੂਬਾ।

ਪਹਿਲੀ ਪਿਆਰ ਦੀ ਚਿੱਠੀ ਮੇਰੀ
ਇਕ ਤਰਕਾਲੀਂ, ਕਾਫੀ ਹਾਊਸ 'ਚ ਬਹਿਕੇ
ਦੋਸਤ ਦੀਆਂ ਬਾਹਵਾਂ ਵਿਚ ਘਿਰ ਕੇ
ਕਦੇ ਪੜ੍ਹਨ ਦੀ ਕਰਨੀ ਨਹੀਂ ਗੁਸਤਾਖੀ
ਚਾਹ ਦੇ ਡੱਬੇ ਦੇ ਲੇਬਲ ਤੋਂ ਵੱਧ ਅਰਥ ਨਾ
ਤੇਰੇ ਲਈ ਹੋਣੇ ਹਨ ਇਸ ਦੇ।

ਨਿੱਘੀ ਸੂਹੀ ਸਵੇਰ 'ਚ ਬਹਿ ਕੇ
ਚਿੱਠੀ ਨੂੰ ਵਾਚਣ ਦੀ ਸ਼ਰਧਾ
ਜੇਕਰ ਉਤਪਨ ਕਰ ਲਏਂ
ਫਿਰ ਇਸ ਦੇ ਅਰਥਾਂ ਵਿਚ ਤੇਰੀ
ਜਿੰਦ ਸੁਆਦ ਸੁਆਦ ਹੋ ਜਾਣੀਂ।

### ਮਾਡਰਨ ਟਾਈਮ ਟੇਬਲ

**ਗੁਰਦੇਵ ਚੌਹਾਨ**

ਕਿਸੇ ਝਖੜੀਲੀ ਅਤੇ ਵਰਖੀਲੀ ਰਾਤ
ਸਟਰੀਟ ਲਾਈਟ ਦੇ ਬੰਦ ਹੋਣ ਤੇ
ਜੇਬ ਵਿਚੋਂ ਲਾਈਟਰ ਕਢੋ
ਅਤੇ ਰਾਤ ਦੇ ਹਨੇਰੇ ਨੂੰ ਬਾਲ ਦੇਵੋ

ਗਿਲੀਆਂ ਜੁਰਾਬਾਂ ਨਾਲ
ਗਿਲੇ ਪਲਾਂ ਵਿਚ ਤੁਰੋ
ਐਤੇ ਅੱਖਰੋਂ ਅੱਖਰ ਆਪਣੇ ਘਰ ਮੁੜੋ

ਸੁਪਨਿਆਂ ਦਿਆਂ ਖੇਤਾਂ ਵਿਚ ਮੜਾਂ ਚਾਰੋ
ਗਿੱਲੀ ਅੱਗ ਵਿਚ ਛਾਲ ਮਾਰੋ
ਠੰਢ ਦੀ ਚਾਹ ਪੀਵੋ
ਅਤੇ ਕਾਂਬੇ ਵਾਲਾ ਕੋਟ ਪਾਵੋ

**ਪਿਆਰਾ ਸਿੰਘ 'ਘਲੋਟੀ'**

ਮੂਰਖੇ ਸੰਘਰਸ਼ ਕਰਦੇ ਰਹਿਣਗੇ।
ਹੱਕ ਦੇ ਲਈ ਜ਼ੁਲਮ ਜਰਦੇ ਰਹਿਣਗੇ।

ਸਿੱਕ ਜਿਨ੍ਹਾਂ ਨੂੰ ਹੈ ਪਰਲੇ ਪਾਰ ਦੀ,
ਸਾਗਰਾਂ ਵਿੱਚ ਨਿੱਤ ਤਰਦੇ ਰਹਿਣਗੇ।

ਜਿੱਤ ਕੇ ਜੋ ਭੁੱਲ ਗਏ ਕੁਰਨਾ ਅਗਾਂਹ,
ਜਿੱਤ ਕੇ ਉਹ ਸ਼ਖਸ ਹਰਦੇ ਰਹਿਣਗੇ।

ਕਦਰ ਜਦ ਤੱਕ ਹੋਵਣੀ ਨਾ 'ਕਲਾ' ਦੀ,
ਕਲਾ-ਕਿਰਤੀ ਭੁੱਖ ਦੇ ਮਰਦੇ ਰਹਿਣਗੇ।

ਪਾਰ 'ਕੱਚੇ' ਲਉਣਗੇ ਕਿੰਦਾਂ ਭਲਾ?
ਇਹ ਛਨਾਂ ਵਿਚਕਾਰ ਖਰਦੇ ਰਹਿਣਗੇ!

ਧਰਤ ਉੱਤੇ 'ਲੁੱਟ' ਦੇ ਇਸ ਦੌਰ ਤੋਂ,
ਕਦੋਂ ਤੀਕਰ ਲੋਕ ਡਰਦੇ ਰਹਿਣਗੇ?

ਹੁਸਨ ਹੁਣ ਸੁਝੇਗਾ ਜੀਵਨ-ਘੋਲ ਵਿਚ।
ਹੁਸਨ 'ਤੇ ਨਾ ਹਰ 'ਪਰਦੇ ਰਹਿਣਗੇ।

# ਬੁੱਧੀਜੀਵੀ ਕੌਂਸਲ ਵਲੋਂ ਪੁਲੀਸ ਦਾਖਲੇ ਦੀ ਨਿੰਦਾ

ਜੈਤੋ — ਸਿੱਖ ਬੁੱਧੀਜੀਵੀ ਕੌਂਸਲ ਨੇ ਹਰਿਮੰਦਰ ਸਾਹਿਬ ਵਿਚ ਪੁਲੀਸ ਦਾਖਲੇ ਦੀ ਸਖਤ ਨਿਖੇਧੀ ਕਰਦਿਆਂ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੀ ਆਰ ਪੀ ਨੂੰ ਪੰਜਾਬ ਵਿਚੋਂ ਵਾਪਸ ਬੁਲਾਇਆ ਜਾਵੇ। ਬੀਤੇ ਦਿਨ ਕੌਂਸਲ ਦੀ ਜ਼ਿਲਾ ਫਰੀਦਕੋਟ ਇਕਾਈ ਦੀ ਮੀਟਿੰਗ ਪ੍ਰੋ: ਬਲਦੇਵ ਸਿੰਘ ਬੱਲੂਆਣਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸ: ਭੁਪਿੰਦਰ ਸਿੰਘ ਕਾਸਮਭੱਟੀ, ਸ. ਭੋਲਾ ਸਿੰਘ ਫਰੀਦਕੋਟ ਅਤੇ ਸ. ਵੀਰ ਸਿੰਘ ਜੈਤੋ ਨੇ ਭਾਗ ਲਿਆ। ਕੌਂਸਲ ਨੇ ਅਕਾਲੀ ਦਲ ਦੇ ਸਭ ਧੜਿਆਂ ਨੂੰ ਅਪੀਲ ਕੀਤੀ ਕਿ ਇਸ ਸੰਕਟਮਈ ਸਮੇਂ ਵਿਚ ਪ੍ਰੋ: ਦਰਸ਼ਨ ਸਿੰਘ ਰਾਗੀ ਦੀ ਅਗਵਾਈ ਹੇਠ ਇਕੱਠੇ ਹੋ ਕੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ ਅਤੇ ਉਨ੍ਹਾਂ ਵਲੋਂ ਦਿੱਤੇ ਗਏ ਪਰੋਗਰਾਮ ਨੂੰ ਖਿੜੇ ਮੱਥੇ ਪ੍ਰਵਾਨ ਕਰਨ। ਕੌਂਸਲ ਨੇ ਸਮੂਹ ਸਿੱਖ ਸੰਪਰਦਾਵਾਂ ਨੂੰ 4 ਅਗਸਤ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਅੰਮ੍ਰਿਤਸਰ ਪੁਜਣ ਦੀ ਅਪੀਲ ਕੀਤੀ।

# ਦਹਿਸ਼ਤਵਾਦ ਵਿਰੁੱਧ ਕਮੇਟੀਅ

# ਦਹਿਸ਼ਤਵਾਦ ਵਿਰੁੱਧ ਕਮੇਟੀਆਂ ਕਾਇਮ

ਰੋਪੜ — ਜ਼ਿਲਾ ਪੁਲੀਸ ਮੁਖੀਆਂ ਨੇ ਡਿਪਟੀ ਕਮਿਸ਼ਨਰਾਂ ਦੇ ਸਹਿਯੋਗ ਨਾਲ ਪਿੰਡਾਂ ਵਿਚ ਕਮੇਟੀਆਂ ਕਾਇਮ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜੋ ਕਿ ਦਹਿਸ਼ਤਵਾਦ ਤੇ ਕੌਮ-ਵਿਰੋਧੀ ਅਨਸਰਾਂ ਵਿਰੁੱਧ ਲੋਕਰਾਏ ਲਾਮਬੰਦ ਕਰਨਗੀਆਂ। ਪਟਿਆਲਾ ਰੇਂਜ ਦੇ ਡੀ ਆਈ ਜੀ ਐਮ ਐਸ ਭੁੱਲਰ ਨੇ ਇਥੇ ਦੱਸਿਆ ਕਿ ਪਟਿਆਲਾ ਸੰਗਰੂਰ ਲੁਧਿਆਣਾ ਤੇ ਰੋਪੜ ਜ਼ਿਲੇ ਵਿਚ ਪੁਲੀਸ ਅਧਿਕਾਰੀਆਂ ਨੂੰ ਅਜਿਹੀਆਂ ਕਮੇਟੀਆਂ ਦੇ ਗਠਨ ਦੇ ਸਬੰਧ ਵਿਚ ਪੇਂਡੂਆਂ ਤੋਂ ਉਸਾਰੂ ਹੁੰਗਾਰਾ ਮਿਲ ਰਿਹਾ ਹੈ।

☐ ਹਰਦਮ ਸਿੰਘ ਮਾਨ

ਦਰਦ ਵਧਦਾ ਜਾ ਰਿਹਾ ਹੈ ਪਰ ਦਵਾ ਕੋਈ ਨਹੀਂ।
ਲੋਕ ਸਭ ਖ਼ਾਮੋਸ਼ ਨੇ, ਕਿਉਂ ਬੋਲਦਾ ਕੋਈ ਨਹੀ ?
ਜ਼ਿੰਦਗੀ ਵਿਚ ਕੁਝ ਵੀ ਹੁਣ ਬਾਕੀ ਨਹੀਂ ਜੀਵਨ ਜਿਹਾ
ਜੀ ਰਹੇ ਹਾਂ, ਜੀਣ ਦੀ ਪਰ ਲਾਲਸਾ ਕੋਈ ਨਹੀਂ।


Non-smokers pay less for insurance.


Mohindar Singh Gill

MOHINDAR SINGH GILL
B. Comm., M.B.A.,C.G.A.
Life Underwriter

Suite 1206,
4330 Kingsway,
urnaby, B.C.

Ph. Off. 430-0455
Ph. Res. 433-1684

SunLife OF CANADA

Get your life in shape.

BUYING & SELLING
Farms, Home, Lots and Apartments
Contact:
Dilbag Singh Johal
ਦਿਲਬਾਗ ਸਿੰਘ ਜੌਹਲ
Ph. Off. (604)438-8161
Res. 325-0588



ਕਿਸੇ ਪ੍ਰਕਾਰ ਦੀ ਜਾਇਦਾਦ ਖ੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ

Canada Trust Realtor
The Canada Trust Company
2629 Kingsway, Vancouver, B.C. V5R 5H4

■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.
3879 Oak Street, Vancouver, B.C. V6H 2M6


Malkit Dhami,
M.A. (Eco.)
Member of Prestigious M.L.S. Medallion Club For 83-84 85-86

San Diago $299^{00}$ | Toronto from $318^{00}$
London from $625^{00}$
Montreal from $329^{00}$ | San Jose from $199^{00}$
Los Angles from $259^{00}$ | San Fransisco from $209^{00}$



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਸਿਵਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)
Prices are subject to change without notice

BAINS TRAVEL SERVICE

6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363

ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ
321-4353

MANN SHOE STORE
6570 MAIN ST., VANCOUVER, B.C.

"ਬਾਰਬਰ ਦੀ ਦੁਕਾਨ ਤੇ ਬੈਠਾ ਆਪਣੇ ਵਾਲਾਂ ਦੇ ਸਟਾਇਲ ਸਮਝਾ ਰਿਹਾ ਸੀ। ਕੁਝ ਚਿਰ ਪਿਛੋਂ ਰੈਂਡੀ ਨਾਲ ਜੋਸੀ ਬਾਹਰ ਆ ਰਿਹਾ ਸੀ।"

ਸਾਧੂ ਦੀਆਂ ਇਹ ਕਹਾਣੀਆਂ "ਮੂਸਾ ਭੱਜਾ ਮੌਤ ਤੋਂ", "ਜੁੱਤੀ ਦੇ ਯਾਰ" ਅਤੇ "ਅਮਾਨਤ" ਆਦਿ ਨਵੇਂ ਪਰਵਾਸੀ ਪੰਜਾਬੀਆਂ ਦੇ ਜੀਵਨ ਅਤੇ ਕਨੇਡੀਅਨ ਜੀਵਨ ਨਾਲ ਆਏ ਤਣਾਓ ਦੀਆਂ ਕਹਾਣੀਆਂ ਹਨ। ਪੰਜਾਬੀ ਲੋਕ ਕੈਨੇਡਾ ਪੈਸੇ ਕਮਾਉਣ ਆਉਂਦੇ ਹਨ ਪਰ ਉਨ੍ਹਾਂ ਨੂੰ ਇਥੇ ਆ ਕੇ ਹੀ ਪਤਾ ਲੱਗਦਾ ਹੈ ਕਿ ਪੈਸਾ ਕਮਾਉਣਾ ਏਨਾ ਆਸਾਨ ਨਹੀਂ। ਇਸਦੇ ਨਾਲ ਹੋਰ ਰਹਿਣੀ ਬਹਿਣੀ ਸਭਿਆਚਾਰਕ ਧੱਕਾ ਤੇ ਹੋਰ ਬੇਇਨਸਾਫੀਆਂ, ਨਸਲਵਾਦ ਆਦਿ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਨਵੇਂ ਆਏ ਪਰਵਾਸੀਆਂ ਨੂੰ ਉਨ੍ਹਾਂ ਦੇ ਘਰਦਿਆਂ ਜਾਂ ਰਿਸ਼ਤੇਦਾਰ ਜਾਂ ਕਮਿਊਨਿਟੀ ਦੇ ਲੀਡਰਾਂ ਦੇ ਸੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ —

"ਜੁੱਤੀ ਦੇ ਯਾਰ" ਕਹਾਣੀ ਵਿਚ ਲੇਖਕ ਨੇ ਦਿਖਾਇਆ ਹੈ ਕਿ ਆਪਣੇ ਲੋਕਾਂ ਨੂੰ ਮਿਲਾਂ ਜਾਂ ਵੇਅਰਹਾਊਸਾਂ ਆਦਿ ਵਿਚ ਕੰਮ ਕਰਦਿਆਂ ਨੂੰ ਕਈ ਵਾਰ ਗੋਰਿਆਂ ਦੀ ਲਾਗ ਬਾਜ਼ੀ, ਤੇ ਨਸਲਵਾਦ ਦਾ ਸ਼ਿਕਾਰ ਹੋਣਾ ਪੈਂਦਾ ਹੈ ਪਰ ਜਿਸ ਸਰਬਣ ਨੂੰ ਜੈਕ ਵਰਗੇ ਗੋਰੇ ਰੋਜ਼ ਛੇੜਨ ਉਹ ਇਕ ਦਿਨ ਹੱਲ ਲੱਭ ਲੈਂਦਾ ਹੈ। ਉਸਦਾ ਇਕ ਦੋਸਤ ਦੇਬੀ ਉਸ ਨੂੰ ਕਹਿੰਦਾ ਹੈ: "ਇਹ ਤਾਂ ਸਾਲੇ ਜੁੱਤੀ ਦੇ ਯਾਰ ਆ, ..... ਇਨ੍ਹਾਂ ਸਾਲਿਆਂ ਬਿਗੜਿਆਂ ਨੂੰ ਤਾਂ ਤਾਕਤ ਦੀ ਜ਼ਬਾਨ ਈ ਸਮਝ ਆਉਂਦੀ ਆ — ਇਸੇ ਜ਼ਬਾਨ 'ਚ ਇਨ੍ਹਾਂ ਨਾਲ ਗੱਲਾਂ ਕਰੋ ਇਹ ਤੁਹਾਡੇ ਦੋਸਤ ਬਣ ਜਾਣਗੇ।"

ਫੇਰ ਅਗਲੇ ਦਿਨ, ਸਰਬਣ ਪੂਰੀ ਤਿਆਰੀ ਕਰਕੇ ਜਾਂਦਾ ਹੈ ਗੋਰੇ ਜੈਕ ਨਾਲ ਮੁਕਾਬਲਾ ਕਰਨ ਲਈ ਤੇ ਸੋਚੀ ਵਿਉਂਤ ਨਾਲ ਉਸ ਨੂੰ ਡੰਡੇ ਨਾਲ਼ ਕੁੱਟ ਸੁਟਦਾ ਹੈ — ਇਸ ਪਿਛੋਂ ਜੈਕ ਦਾ ਰਵੱਈਆ ਬਦਲ ਜਾਂਦਾ ਹੈ। ਨਸਲਵਾਦ ਦੇ ਵਿਰੁਧ ਚੇਤਨਾ ਜਗਾਉਣ ਦੇ ਬਦਲੇ ਲੇਖਕ ਦਾ ਆਪਣਾ ਨਿਭਾ ਨਸਲੀ ਹੋ ਜਾਂਦਾ ਹੈ। ਜਿਵੇਂ ਕਿ "ਜੁੱਤੀ ਦੇ ਯਾਰ" ਕਾਫੀ ਘਟੀਆ ਬਿੰਬ ਹੈ ਗੋਰਿਆਂ ਲਈ।

ਸਾਧੂ ਦੀ ਕਹਾਣੀ "ਅਮਾਨਤ" ਵਿਚ ਜਿਥੇ ਪੰਜਾਬੀ ਪਰਵਾਰ ਦੀ ਨੌਜਵਾਨ ਲੜਕੀ ਸੀਤੋ ਦੀ ਕਹਾਣੀ ਹੈ ਉਥੇ "ਕਿਸਦਾ ਕਸੂਰ" "ਜੈਕੀ" ਦੀ ਕਹਾਣੀ ਹੈ। ਦੋਹਾਂ ਕਹਾਣੀਆਂ ਵਿਚ ਨੌਜਵਾਨ ਕੁੜੀਆਂ ਦੇ ਕੁਰਾਹੇ ਜਾਣ ਵੱਲ ਇਸ਼ਾਰਾ ਹੈ। ਇਸ ਵਿਚ ਲੇਖਕ ਨੇ ਪੁਛਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਤਰ੍ਹਾਂ ਦੇ ਸਮਾਜਕ ਤੇ ਸਭਿਆਚਾਰਕ ਮਾਹੌਲ ਵਿਚ ਜਦੋਂ ਨੌਜਵਾਨ ਕੁੜੀਆਂ ਕੁਰਾਹੇ ਪੈ ਜਾਂਦੀਆਂ ਹਨ ਤਾਂ "ਕਿਸਦਾ ਕਸੂਰ" ਹੁੰਦੈ? ਪਰ ਦੋਨਾਂ ਹੀ ਕਹਾਣੀਆਂ ਵਿਚ ਜਿਥੇ ਮਰਦ ਦਾ ਬਿੰਬ, ਵਹਿਸ਼ੀ ਤੇ ਧੋਖੇਬਾਜ਼ ਦਿਖਾਇਆ ਉਥੇ ਕੁੜੀਆਂ ਨੂੰ ਵੀ ਉਸ ਕਦਰ ਹੀ ਕੁਰਾਹੇ ਪਈਆਂ ਦਿਖਾਇਆ ਗਿਆ ਹੈ ਜਿਵੇਂ ਸੁਝਾ ਇਹ ਹੋਵੇ ਕਿ ਅਜਿਹੀਆਂ ਕੁੜੀਆਂ ਨਾਲ ਜੋ ਕੁਝ ਘਟਿਆ ਹੈ ਜਾਂ ਵਾਪਰਿਆ ਹੈ ਉਹ ਉਨ੍ਹਾਂ ਦਾ ਕਸੂਰ ਹੋਵੇ। ਇਸ ਵਿਚ ਲੇਖਕ ਸਭਿਆਚਾਰ ਦੇ ਔਗੁਣ ਵਿਖਾਉਣ ਨਾਲੋਂ ਵਿਅਕਤੀ ਔਗੁਣ ਵਿਖਾਣ ਵਿਚ ਵਧੇਰੇ ਸਫਲ ਰਿਹਾ ਹੈ।

ਜਦੋਂ ਕਿ ਅਜਮੇਰ ਰੋਡੇ ਦੀ ਕਹਾਣੀ "ਨੰਬਰ ਵੱਨ" ਵਿਚ ਨਾਰਥ ਅਮੇਰਿਕਾ ਵਿਚ ਫੈਲੀ ਕੋਹੜ ਵਰਗੀ ਸਮੱਸਿਆ — ਜਵਾਨ ਕੁੜੀਆਂ ਦੇ ਰੇਪ ਦੀ ਸਮੱਸਿਆ — ਨੂੰ ਪੇਸ਼ ਕਰਕੇ ਪਾਠਕਾਂ ਵਿਚ ਸਮੱਸਿਆ ਦੇ ਖਿਲਾਫ ਨਫਰਤ ਤੇ ਗਿਲਾਨੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਤੇਜ ਸੰਧੂ ਦੀ ਕਹਾਣੀ "ਇੱਜ਼ਤ", ਯੁਵਰਾਜ ਰਤਨ ਦੀ ਕਹਾਣੀ "ਧਰਤੀ ਦੇ ਉਸ ਪਾਰ", ਕਰਮਜੀਤ ਘੁਮਾਣ ਦੀ ਕਹਾਣੀ "ਰਿਸ਼ਤੇਦਾਰੀ ਦਾ ਮਾਮਲਾ" ਤੇ ਜਰਨੈਲ ਚੰਦੀ ਦੀ ਕਹਾਣੀ 'ਪੰਜ ਹਜ਼ਾਰੀ ਸੂਟ', ਵਿਜ਼ਟਰਾਂ ਅਤੇ ਉਨ੍ਹਾਂ ਨੂੰ ਸਪੌਂਸਰ ਕਰਨ ਵਾਲੇ ਰਿਸ਼ਤੇਦਾਰਾਂ/ਏਜੰਟਾਂ ਦੇ ਭੈੜੇ ਤੇ ਲਾਲਚੀ ਵਰਤਾਓ ਜਾਂ ਉਨ੍ਹਾਂ ਵਲੋਂ ਕੀਤੇ ਸੋਸ਼ਣ ਦੀਆਂ ਕਹਾਣੀਆਂ ਹਨ। ਜਰਨੈਲ ਚੰਦੀ ਦੀ ਕਹੌਣੀ "ਪੰਜ ਹਜ਼ਾਰੀ ਸੂਟ" ਇਕ ਅਜਿਹੀ ਭੈਣ ਦੇ ਭਰਾ ਦੀ ਕਹਾਣੀ ਹੈ ਜੋ ਹਮੇਸ਼ਾ ਹੀ ਭਰਾ ਨੂੰ ਦਬਾ ਕੇ ਰੱਖਣਾ ਚਾਹੁੰਦੀ ਹੈ ਅਤੇ ਜਤਾਉਂਦੀ ਹੈ ਕਿ ਉਸਦੀ ਮਰਜ਼ੀ ਤੋਂ ਬਿਨਾਂ ਉਹ ਮਹਿੰਗੇ ਕੱਪੜੇ ਨਹੀਂ ਖਰੀਦ ਸਕਦਾ। ਇਸ ਵਿਚ ਨਾ ਸਿਰਫ ਪੈਸੇ ਦਾ ਲਾਲਚ ਸਗੋਂ ਰਿਸ਼ਤੇਦਾਰੀ ਦਾ ਰੋਅਬ ਵੀ ਪ੍ਰਗਟ ਹੁੰਦਾ ਹੈ ਉਥੋਂ ਗਰੀਬੀ ਵਿਚੋਂ ਆਉਂਦੇ ਅਜਿਹੇ ਲੋਕ ਇਥੇ ਆ ਕੇ ਸੇਲਾਂ ਤੇ ਲੱਗੇ ਕੱਪੜੇ ਖਰੀਦ ਕੇ ਵਖਾਵਾ ਕਰਦੇ ਹਨ ਤੇ ਨਾਲ ਹੀ ਕੰਜੂਸਾਂ ਵਾਂਗ ਬਿਰਤੀ ਰਖਦੇ ਹਨ। ਪੈਸੇ ਖਰਚਣ ਦੇ ਮਾਮਲੇ ਵਿਚ ਉਨ੍ਹਾਂ ਨੂੰ ਆਪਣੇ ਸਪੌਂਸਰਾਂ ਦੀ ਇੱਛਾ ਦੇ ਸਦਾ ਗੁਲਾਮ ਰਹਿਣਾ ਪੈਂਦਾ ਹੈ।

ਅਮਰਜੀਤ ਸੂਫੀ ਦੀ ਕਹਾਣੀ "ਸਮੇਂ ਦੇ ਬੇਲਣੇ ਵਿਚ" ਉਪਰੋਕਤ ਵਿਸ਼ੇ ਨਾਲ ਮਿਲਦੀ ਜੁਲਦੀ ਪਰ ਥੋੜੀ ਵਿਲੱਖਣ ਲਗਣੀ ਹੈ ਇਸ ਵਿਚ ਇਕ ਵਿਜ਼ਟਰ ਆਪਣੇ ਭੈਣ ਤੇ ਭਣੋਈਏ ਕੋਲ ਕੈਨੇਡਾ ਆਉਂਦਾ ਹੈ ਜੋ ਉਸਦੀ ਮੱਦਦ ਕਰਦੇ ਤਾਂ ਹਨ ਪਰ ਪੈਸੇ ਲੈ ਕੇ। ਉਸ ਵਿਜ਼ਟਰ ਨੂੰ ਬਿਨਾਂ ਪਰਮਿਟ ਤੋਂ ਕੰਮ ਕਰਨਾ ਪੈਂਦਾ ਹੈ। ਬਿਨਾਂ ਪਰਮਿਟ ਚੋਰੀ ਕੰਮ ਕਰਨ ਵਾਲਿਆਂ ਦੀ ਪੜਤਾਲ ਕਰਨ ਲਈ ਇੰਮੀਗਰੇਸ਼ਨ ਤੇ ਪੁਲਿਸ ਵਲੋਂ ਪਾਏ ਛਾਪੇ ਵਿਚ ਉਹ ਭੱਜ ਨਿਕਲਦਾ ਹੈ। ਉਹ ਅੱਗੇ ਅੱਗੇ ਪੁਲਿਸ ਪਿੱਛਾ ਕਰਦੀ ਮਗਰ ਮਗਰ। ਅਮਰਜੀਤ ਸੂਫੀ ਨੇ ਇਸ ਘਟਨਾ ਦਾ ਬਿਆਨ ਬੜੀ ਸ਼ਿੱਦਤ ਨਾਲ ਕੀਤਾ ਹੈ ਜਿਸ ਨਾਲ ਕਿ ਪੜ੍ਹਨ ਵਾਲਾ ਇਕ ਵਾਰ ਆਪ ਉਨ੍ਹਾਂ ਜੰਗਲਾਂ ਵਿਚ ਮਹਿਸੂਸ ਕਰਨ ਲੱਗਦਾ ਹੈ/ਇਹ ਲੂੰ ਕੰਢੇ ਖੜੇ ਕਰਨ ਵਾਲਾ ਬਿਆਨ ਪਾਠਕ ਨੂੰ ਇਕ ਵਾਰ ਬੰਨ ਲੈਂਦਾ ਹੈ। "ਪੰਜ ਹਜ਼ਾਰੀ ਸੂਟ", "ਸਮੇਂ ਦੇ ਬੇਲਣੇ ਵਿਚ", "ਰਿਸ਼ਤੇਦਾਰੀ ਦਾ ਮਾਮਲਾ" ਆਦਿ ਕਹਾਣੀ ਇਸ ਕੌੜੇ ਸੱਚ ਨੂੰ ਜ਼ਾਹਰ ਕਰਦੀਆਂ ਹਨ ਕਿ ਸਾਡੇ ਲੋਕ ਇਥੇ ਆਕੇ ਛੇਤੀ ਡਾਲਰ ਕਮਾਉਣ ਦੀ ਦੌੜ ਵਿਚ ਆਪਣੇ ਹੀ ਰਿਸ਼ਤੇਦਾਰਾਂ ਨਾਲ ਠੱਗੀ ਮਾਰਦੇ ਹਨ, ਕਮੀਨਾ ਵਰਤਾਓ ਕਰਦੇ ਹਨ। ਪੁਰਾਣੀਆਂ ਕਦਰਾਂ ਕੀਮਤਾਂ ਅਤੇ ਈਮਾਨ ਨੂੰ ਹੌਲੀ ਹੌਲੀ ਲੋਕ ਤਿਆਗ ਰਹੇ ਹਨ ਤੇ "ਪੱਛਮ ਦੇ ਜਾਲ਼" ਵਿਚ ਫਸ ਕੇ ਬੜੇ ਹੀ ਹਾਸੋਹੀਣੇ ਹੋ ਰਹੇ ਹਨ। ਅਮਰਜੀਤ ਚਾਹਲ ਦੀ ਕਹਾਣੀ "ਆਖਰੀ ਦਿਨ" ਵਿਚ ਲੋਭ ਨੇ ਇਕ ਪੁੱਤਰ ਨੂੰ ਏਨਾ ਨੀਚ ਬਣਾ ਦਿਤਾ ਹੈ ਕਿ ਉਹ ਬੁੱਢੇ ਮਾਂ ਬਾਪ ਨੂੰ ਫਾਰਮਾਂ ਵਿਚ ਮਜ਼ਦੂਰੀ ਕਰਨ ਭੇਜ ਦੇਂਦਾ ਹੈ।

ਹਰੀਪਾਲ ਦੀ ਕਹਾਣੀ "ਸਿਨੀਔਰਟੀ" ਅਤੇ ਸੁਖਵੰਤ ਹੁੰਦਲ ਦੀਆਂ ਕਹਾਣੀਆਂ "ਜ਼ਮੀਰ" ਅਤੇ "ਆਸ" ਮਿੱਲਾਂ ਦੀ ਰਿਸ਼ਵਤਖੋਰੀ ਨੂੰ ਜ਼ਾਹਿਰ ਕਰਦੀਆਂ ਹਨ। ਇਨ੍ਹਾਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਅਤੇ ਨੌਕਰੀ ਲੈਣ ਵਿਚ ਆਉਂਦੀ ਭਾਸ਼ਾ ਦੀ ਸਮੱਸਿਆ ਨੂੰ ਵੀ ਉਘਾੜਿਆ ਗਿਆ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ "ਆਪਣੇ ਆਪਣੇ ਓਹਲੇ" "ਕੈਂਸਰ", ਅਤੇ "ਰੋਹ ਦੀ ਸ਼ੈਲੀ" ਵਿਚ ਲੇਖਕ ਨੇ ਇਥੋਂ ਦੀਆਂ ਰੈਡ-ਇੰਡੀਅਨਜ਼ ਔਰਤਾਂ ਅਤੇ ਉਨ੍ਹਾਂ ਦੇ ਪਰੰਪਰਾਵਾਦੀ ਵਿਵਹਾਰਾਂ ਦਾ ਵਰਣਨ ਕੀਤਾ ਹੈ। ਕੈਂਸਰ ਵਿਚ ਲੇਖਕ ਪਰਿਵਾਸੀ ਹੋਣ ਦੇ ਸਰਾਪ ਵਲ ਇਸ਼ਾਰਾ ਕਰਦਾ ਹੈ:

> "ਡਾਲਰ ਹਨ, ਘਰ ਹੈ, ਕਾਰ ਹੈ ਐਸ਼ੋ ਆਰਾਮ ਦਾ ਸਮਾਨ ਹੈ — ਪਰ ਮਿੱਟੀ ਦਾ ਮੋਹ ਨਹੀਂ — ਮੇਰਾ ਮਤਲਬ ਦੇਸ਼ ਦੀ ਮਿੱਟੀ ਨਹੀਂ ...."
>
> "ਜੋ ਛਡਿਆ ਸੀ, ਉਹ ਛੱਡ ਨਹੀਂ ਹੁੰਦਾ .... ਜੋ ਅਪਨਾਇਆ ਹੈ, ਉਹ ਆਪਣਾ ਨਹੀਂ ਬਣਦਾ ....।"
>
> "ਉਨ੍ਹਾਂ ਨੂੰ ਕੈਂਸਰ ਹੋ ਗਿਆ ਹੈ। ਦਿਮਾਗੀ ਕੈਂਸਰ, ਦਿਲ ਤੇ ਮਨ ਦਾ ਕੈਂਸਰ, ਆਤਮਕ ਕੈਂਸਰ .... ਉਹ ਸਭ ਜਿਉਂ ਨਹੀਂ, ਹੌਲੀ ਹੌਲੀ ਬੇਜ਼ਬਾਨ ਮਰ ਰਹੇ ਹਨ ... ।"

"ਆਪਣੇ ਆਪਣੇ ਓਹਲੇ" ਆਤਮਕਥਾ ਦਾ ਇਕ ਹਿੱਸਾ ਵਜੋਂ ਕਹਾਣੀ ਹੈ ਜਿਸ ਵਿਚ ਲੇਖਕ ਨੂੰ ਇਕ ਮੋੜ ਤੇ ਮਿਲੇ ਦੋ ਪਾਤਰ ਲਿੰਡਾ ਤੇ ਉਸਦਾ ਪਤੀ ਵੌਨ ਮਿਲਦੇ ਹਨ ਉਨ੍ਹਾਂ ਨਾਲ ਬਿਤਾਏ ਕੁਝ ਪਲਾਂ ਦੀ ਦਾਸਤਾਨ ਹੈ। ਇਸੇ ਤਰ੍ਹਾਂ ਕਈ ਹੋਰ ਕਹਾਣੀਆਂ ਜਿਵੇਂ 'ਕਿੱਲਾਂ' ਆਦਿ ਵਿਚ ਰਵੀ ਜ਼ਿੰਦਗੀ ਦੇ ਫਲਸਫੇ ਦੀਆਂ ਗੱਲਾਂ ਕਰਦਾ ਤੇ ਪਾਤਰਾਂ ਤੋਂ ਅਜਿਹੇ ਵਾਰਤਾਲਾਪ ਕਹਾਉਂਦਾ ਹੈ ਕਿ ਕਹਾਣੀ ਸਿਰਫ ਜ਼ਿੰਦਗੀਨਾਮਾ ਬਣ ਕੇ ਰਹਿ ਜਾਂਦੀ ਹੈ। ਜਿਸ ਵਿਚ ਸਫਰ ਤੇ ਆਤਮਕਥਾ ਪ੍ਰਧਾਨ ਅੰਸ਼ ਉਘੜਦੇ ਹਨ।

ਕਰਮਜੀਤ ਘੁਮਾਣ ਦੀਆਂ ਕਹਾਣੀਆਂ "ਅਕਲ" ਤੇ "ਸੁੰਨਾ ਖਿਆਲ" ਵਿਚ ਪਰਵਾਸੀਆਂ ਦੇ ਜੀਵਨ ਦੇ ਇਕ ਹੋਰ ਪੱਖ ਤੋਂ ਝਾਤ ਮਾਰੀ ਹੈ ਜਿਵੇਂ "ਸੁੰਨਾ ਖਿਆਲ" ਵਿਚ ਔਰਤਾਂ ਦੇ ਘਰ ਰਹਿਣ ਉਤੇ ਇਕੱਲ ਵਿਚ ਜ਼ਿੰਦਗੀ ਬਿਤਾਉਣ ਵੱਲ ਧਿਆਨ ਦੁਆਇਆ ਗਿਆ ਹੈ।

ਸੁਰਜੀਤ ਕਲਸੀ ਦੀਆਂ ਕਹਾਣੀਆਂ "ਦੁੱਖਾਂ ਕਾਸੇ ਕਹੂੰ" "ਮੁਲਤਵੀ ਕੀਤਾ ਜਿਉਣਾ", ਤੇ "ਗੁਫਾ ਤੇ ਇਕ ਭਰਮ" ਪੰਜਾਬੀ/ਭਾਰਤੀ ਔਰਤਾਂ ਦੀ ਜ਼ਿੰਦਗੀ ਤੇ ਖਾਸ ਕਰਕੇ ਆਪਣੇ ਦੇਸ਼ ਤੋਂ ਪਰੇ, ਆਪਣੇ ਰਿਸ਼ਤੇਦਾਰਾਂ ਤੋਂ ਪਰੇ, ਪਤੀ ਦੇ ਘਰ ਵਿਚ ਵਿਚਰਦੀ ਜ਼ਿੰਦਗੀ ਪੇਸ਼ ਕਰਦੀਆਂ ਹਨ। ਜਗੀਰੂ ਰੁਚੀਆਂ ਵਾਲੇ ਭਾਰਤੀ ਪਤੀ ਕਿਸ ਤਰ੍ਹਾਂ ਆਪਣੀਆਂ ਪਤਨੀਆਂ ਨੂੰ ਆਪਣੀ ਮਲਕੀਅਤ ਸਮਝਦੇ ਹਨ ਅਤੇ ਉਨ੍ਹਾਂ ਨੂੰ ਰਿਸ਼ਤੇਦਾਰਾਂ ਵਿਚ ਬੇਇਜ਼ਤ ਕਰਦੇ ਹਨ, ਉਨ੍ਹਾਂ ਤੇ ਹੋਰ ਮਿਤਰਾਂ ਤੋਂ ਅਲੱਗ ਰਖ ਕੇ ਇਕੱਲਤਾ ਵਿਚ ਸਿਰਫ ਆਪਣੇ ਅਹੰਮ ਦੀ ਪੂਰਤੀ ਲਈ ਦਬਾ ਕੇ ਰਖਣਾ ਆਪਣਾ ਹੱਕ ਸਮਝਦੇ ਹਨ। ਸੁਰਜੀਤ ਦੇ ਔਰਤ ਪਾਤਰ ਹੋਰਨਾਂ ਤੇ ਪਤੀ ਦੇ ਰਿਸ਼ਤੇਦਾਰਾਂ ਤੋਂ ਹਮਦਰਦੀ ਤੇ ਮਦਦ ਲੋੜਦੇ ਹਨ ਪਰ ਉਨ੍ਹਾਂ ਦੇ ਰਿਸ਼ਤੇਦਾਰ ਉਨ੍ਹਾਂ ਨਾਲ ਕਿਵੇਂ ਬਦਸਲੂਕੀ ਕਰਦੇ ਹਨ ਤੇ ਉਨ੍ਹਾਂ ਨੂੰ ਬਦਨਾਮ ਕਰਦੇ ਹਨ।

ਹਰਭਜਨ ਹਾਂਸ ਦੀ ਕਹਾਣੀ "ਦੇਈਂ ਨਾ ਬਾਬਲ ਓਸ ਘਰੇ" ਅਤੇ "ਕੋਈ ਤੈਨੂੰ ਨਫਰਤ ਕਰਕੇ ਤਾਂ ਦੇਖੇ", ਮਨਜੀਤ ਗਿੱਲ ਦੀ ਕਹਾਣੀ "ਵਿਛੜੀ ਕੂੰਜ" ਅਤੇ ਪਰਮਜੀਤ ਗਿੱਲ ਦੀਆਂ ਕਹਾਣੀਆਂ "ਸ਼ਸ਼ੀ" ਅਤੇ "ਖੁਸ਼ੀ" ਵੀ ਇਸੇ ਲੜੀ ਦੀਆਂ ਕਹਾਣੀਆਂ ਹਨ। ਦੇਸ਼ ਤੇ ਧਰਤੀ ਬਦਲਣ ਨਾਲ ਕੁਝ ਵੀ ਨਹੀਂ ਬਦਲਦਾ, ਲੋਕ ਭਾਵੇਂ ਆਰਥਕ ਤੌਰ ਤੇ ਬਦਲ ਜਾਂਦੇ ਹਨ ਪਰ ਪਰੰਪਰਾਵਾਦੀ ਰੁਚੀਆਂ ਤੇ ਨੂੰਹਾਂ ਨੂੰ ਘਟੀਆ ਸਮਝਣ ਦੀਆਂ ਰੁਚੀਆਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਔਰਤ ਦਾ ਦਰਜਾ ਉਸੇ ਤਰ੍ਹਾਂ ਪਰੰਪਰਾਵਾਦੀ ਬੰਧਨਾਂ ਵਿਚ ਰਹਿੰਦਾ ਹੈ। "ਸ਼ਸ਼ੀ" ਵਿਚ ਪਤੀ-ਪਤਨੀ ਦੇ ਸੰਬੰਧਾਂ ਉਤੇ ਚਾਨਣ ਪਾਂਦਿਆਂ ਪਰਮਜੀਤ ਨੇ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ ਕਿ "ਸ਼ਸ਼ੀ" ਦਾ ਪਤੀ ਉਵੇਂ ਹੀ ਅੱਖੜ ਪੰਜਾਬੀ ਤੇ ਰੋਹਬ ਪਾਉਣ ਵਾਲਾ ਹੈ ਭਾਵੇਂ "ਸ਼ਸ਼ੀ" ਆਜ਼ਾਦ ਖਿਆਲਾਂ ਦੀ ਹੈ ਤੇ ਉਸਨੇ ਆਪਣੇ ਆਪ ਨੂੰ ਬਰਾਬਰ ਲਿਆਉਣ ਦਾ ਯਤਨ ਕੀਤਾ ਪਰ ਉਸਨੂੰ ਆਪਣੇ ਪਤੀ ਦੇ ਇਰਾਦਿਆਂ ਮੁਤਾਬਕ ਹੀ ਰਹਿਣਾ ਪੈਂਦਾ ਹੈ ਨਹੀਂ ਤਾਂ ਉਹ ਮਾਰਨ ਕੁਟਣ ਤੇ ਬੇਇਜ਼ਤੀ ਕਰਨ ਤੇ ਉਤਰ ਪੈਂਦਾ ਹੈ।

ਯੁਵਰਾਜ ਰਤਨ ਦੀ ਕਹਾਣੀ "ਕਤਲਗਾਹ" ਇਕ ਉਸ ਅਬਲਾ ਸਰਬਜੀਤ ਦੀ ਕਹਾਣੀ ਹੈ ਜੋ ਹੋਰ ਅਨੇਕਾਂ ਕੁੜੀਆਂ ਵਾਂਗ ਬੜੇ ਅਰਮਾਨਾਂ ਤੇ ਚਾਵਾਂ ਨਾਲ ਕੈਨੇਡਾ ਆਉਂਦੀਆਂ ਹਨ ਪਰ ਇਥੇ ਸੌਹਰੇ ਘਰਾਂ ਤੋਂ ਜੋ ਬਦਸਲੂਕੀ ਉਨ੍ਹਾਂ ਨੂੰ ਮਿਲਦੀ ਹੈ — "ਸਰਬਜੀਤ ਅਰਮਾਨਾਂ ਦੀ ਪੰਡ ਲੈ ਕੇ ਹਵਾਈ ਜਹਾਜ਼ ਵਿਚ ਬੈਠੀ ਸੀ। ਅਜ ਉਹ ਸਾਰੇ ਅਰਮਾਨ ਇਕ ਇਕ ਕਰਕੇ ਪੱਛਮੀ ਸਭਿਅਤਾ ਨੇ ਆਪਣੀ ਕਤਲਗਾਹ ਦੀ ਲਪੇਟ ਵਿਚ ਲੈ ਲਏ ਸਨ। ਹਰ ਰੋਜ਼ ਦੀ ਮਾਰ ਕੁਟਾਈ ਤੇ ਗਾਲੀ ਗਲੋਚ ਮਗਰੋਂ ਇਕ ਦਿਨ ਆਇਆ ਜਦੋਂ ਨਛੱਤਰ ਨੇ ਧੱਕੇ ਮਾਰਕੇ ਸਰਬਜੀਤ ਨੂੰ ਘਰੋਂ ਬਾਹਰ ਕੱਢ ਦਿੱਤਾ ਸੀ। ਬੇਗਾਨਾ ਮੁਲਕ ਤੇ ਸਭ ਤੋਂ ਵੱਧ ਅਣਜਾਣ।" ਤੇ ਅਜਿਹੀਆਂ ਬਹੁਤ ਸਾਰੀਆਂ ਕੁੜੀਆਂ ਨੂੰ ਵਾਪਸ ਦੇਸ ਵੀ ਭੇਜ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ ਹਰਭਜਨ ਹਾਂਸ ਦੀ ਕਹਾਣੀ "ਕੋਈ ਤੈਨੂੰ ਨਫਰਤ ਕਰਕੇ ਦੇਖੇ" ਵਿਚ ਉਹ ਇਕ ਲੜਕੀ ਦਾ ਦੁੱਖ ਸੁਣਦਾ ਹੈ ਤੇ ਉਸਨੂੰ ਤਸੱਲੀ ਦੇਂਦਾ ਹੈ — "ਤੇਰੇ ਹੰਝੂਆਂ ਦੇ ਪਾਣੀ ਨਾਲ ਉਨ੍ਹਾਂ ਦੀ ਨਫਰਤ ਦੀ ਬੰਜਰ ਧਰਤੀ ਆਬਾਦ ਨਹੀਓਂ ਹੋਣ ਲੱਗੀ .... ਇਹ ਕੈਨੇਡਾ ਦੀ ਮਿੱਟੀ ਈ ਚੰਦਰੀ ਆ ... ਹੱਡ ਮਾਸ ਦੇ ਬੰਦਿਆਂ 'ਚ ਦਿਲ ਦੀ ਜਗ੍ਹਾ ਪੱਥਰ ਦੇ ਟੁਕੜੇ ਨੇ।"

ਹਰੀਪਾਲ ਦੀ ਕਹਾਣੀ "ਸਦਾ ਇਸ ਤਰ੍ਹਾਂ ਨਹੀਂ ਹੁੰਦਾ ਰਹੇਗਾ" ਇਥੇ ਫਾਰਮਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਕਹਾਣੀ ਹੈ ਜਿਸ ਵਿਚ ਫਾਰਮਰ, ਮਿਹਨਤਕਸ਼ ਵਰਕਰਾਂ ਤੋਂ ਵਧੇਰੇ ਕੰਮ ਲੈਂਦੇ ਪਰ ਪੈਸੇ ਘੱਟ ਦੇਂਦੇ ਹਨ ਆਪਣੇ ਹੀ ਆਪਣੇ ਲੋਕਾਂ ਦੀ ਮਿਹਨਤ ਦਾ ਸੋਸ਼ਣ ਕਰਦੇ ਹਨ।

### (2) ਪੰਜਾਬੀ/ਭਾਰਤੀ ਤੱਤ :

ਇਸ ਸ਼੍ਰੇਣੀ ਵਿਚ ਉਹ ਕਹਾਣੀਆਂ ਆ ਜਾਂਦੀਆਂ ਹਨ ਜਿਨ੍ਹਾਂ ਵਿਚ ਪੰਜਾਬ ਦੀ ਯਾਦ, ਮਿੱਟੀ ਦਾ ਮੋਹ ਤੇ ਪਿਛੇ ਨਾਲ ਭਾਵਤਾਮਕ ਸਾਂਝ ਦਾ ਪ੍ਰਗਟਾਵਾ ਹੁੰਦਾ ਹੈ।

ਕੈਨੇਡਾ ਵਿਚ ਰਹਿਣ ਦੇ ਬਿਖੜੇ ਪੈਂਡੇ ਤੈਹ ਕਰਦੇ, ਕਹਾਣੀਆਂ ਰਚਦੇ ਪੰਜਾਬੀ ਲੇਖਕਾਂ 'ਚੋਂ ਕੁਝ ਕੁ ਲੇਖਕ ਅਜੇ ਵੀ ਪੁਰਾਣੀਆਂ ਯਾਦਾਂ ਅਤੇ ਪੰਜਾਬ ਦੀ ਮਿੱਟੀ ਦੇ ਮੋਹ

## ਪਿਸਣਾ ਇੱਕ ਪਾਪ ਹੈ

**ਕੇਸਰ ਸਿੰਘ ਨਾਵਲਿਸਟ**

ਤੂੰ ਕਹੇਂ
ਮੈਂ ਮਿੱਟੀ ਹਾਂ
ਹਾਂ ਮਿੱਟੀ ਦਾ ਪੁਤਲਾ
ਪਰ ਮਿੱਟੀ
ਜਿਉਂ ਜਿਉਂ ਪਿਸਦੀ ਹੈ
ਬਣ ਜਾਂਦੀ ਹੈ ਖਾਕ
ਤੇ ਇਹ ਖਾਕ
ਉਡਦੀ ਹੈ
ਤਾਰਿਆਂ ਨੂੰ ਚੁੰਮਣ ਲਈ
ਚੰਨ ਨੂੰ ਜਫੀਆਂ ਪਾਣ ਲਈ
ਇਸ ਬੇਜ਼ਬਾਨ ਮਿੱਟੀ ਵਿਚ
ਜਾਨ ਹੈ।
ਮੈਂ ਹਾਂ
ਜਾਨਦਾਰ ਮਿੱਟੀ ਦਾ ਪੁਤਲਾ
ਬੇਜ਼ਬਾਨ
ਬੇਜਾਨ
ਮਿੱਟੀ ਨਾਲੋਂ
ਨੀਵਾਂ ਕਿਵੇਂ ਤੁਰਾਂ ?
ਕਿਉਂ ਨਾ ਉਡਾਂ ਅਸਮਾਨੀ
ਕਿਉਂ ਨਾ ਤਾਰੇ ਤੋੜਾਂ
ਕਿਉਂ ਨਾ
ਜਾਨਦਾਰ ਮਿੱਟੀਆਂ ਨਾਲ ਰਲ ਕੇ
ਬੇਜਾਨ—ਮਹਿਲਾਂ ਵਿਚ ਵਸਦੇ
ਤੁਰਦੇ ਫਿਰਦੇ
ਮੁਰਦੇ ਬੁਤਾਂ ਨੂੰ ਤੋੜਾਂ
ਤੂੰ ਕਹੇਂ—
ਮੈਂ ਬੁਤ—ਸ਼ਿਕਨ ਹਾਂ
ਮੁਰਦਿਆਂ ਨੂੰ ਮਾਰਨਾ

ਕੋਈ ਪਾਪ ਹੈ ?
ਸੁਤਿਆਂ ਨੂੰ ਜਗਾਉਣਾ
ਕੋਈ ਪਾਪ ਹੈ ?
ਲਿਤੜਿਆਂ ਨੂੰ ਉਠਾਣਾ
ਗਲੇ ਨਾਲ ਲਾਣਾ
ਕੋਈ ਪਾਪ ਹੈ ?
ਜੇ ਇਹ ਪਾਪ ਹੈ
ਤਾਂ ਮੈਂ ਹਾਂ ਪਾਪੀ
ਘੋਰ ਪਾਪੀ
ਮਹਾਂ ਪਾਪੀ
ਇਹ ਪਾਪ
ਮੇਰਾ ਰਾਹ ਹੈ
ਇਹ ਪਾਪ ਹੈ
ਮੇਰਾ ਜੀਵਨ
ਮੈਂ ਹਾਂ
ਜਾਨਦਾਰ ਮਿੱਟੀ ਦਾ ਪੁਤਲਾ
ਬੇਜਾਨ
ਬੇਜ਼ਬਾਨ
ਮਿੱਟੀ ਨਾਲੋਂ
ਨੀਵਾਂ ਕਿਵੇਂ ਤੁਰਾਂ,
ਪਿਸਦੇ ਪਿਸਦੇ ਰੋਣਾ
ਮੈਂ ਛਡਿਆ,
ਪਿਸਦੇ ਪਿਸਦੇ ਸੌਣਾ
ਮੈਂ ਛਡਿਆ।
ਪਿਸਣਾ
ਇਕ ਪਾਪ ਹੈ
ਘੋਰ ਪਾਪ
ਮਹਾਂ ਪਾਪ

ਉਹ ਹਰ ਕੰਮ ਬੜਾ ਸੋਚ ਸਮਝ ਕੇ ਕਰਦਾ ਹੈ,
ਜਿਸ ਬੰਦੇ ਦੇ ਸਿਰ ਤੇ ਜ਼ਿੰਮੇਵਾਰੀਆਂ ਦਾ ਭਾਰ ਹੁੰਦਾ ਹੈ।
ਮੈਂ ਜਦ ਵੀ ਮੰਜ਼ਲ ਦੇ ਰਾਹ ਤੇ ਤੁਰਨ ਲੱਗਦਾ ਹਾਂ,
ਪੇਰੇ ਰਾਹ 'ਚ ਖ਼ੰਜਰ ਫੜ ਕੇ ਖੜਾ ਸੰਸਾਰ ਹੁੰਦਾ ਹੈ।
ਸਖਤ ਮਿਹਨਤ ਨਾਲ ਜਿਹੜਾ ਕਮਾਇਆ ਹੁੰਦਾ ਹੈ,
ਉਹ ਪੈਸਾ ਦੋਸਤੋ, ਕੌਡੀਆਂ ਵਾਂਗ ਕਿਥੇ ਖਿਲਾਰ ਹੁੰਦਾ ਹੈ।
ਜਿਹੜਾ ਮਰੀਜ਼ਾਂ ਦਾ ਚੰਗੀ ਤਰ੍ਹਾਂ ਇਲਾਜ ਕਰਦਾ ਹੈ,
ਉਸ ਡਾਕਟਰ ਦਾ ਹਰ ਪਾਸੇ ਹੀ ਸਤਿਕਾਰ ਹੁੰਦਾ ਹੈ।
ਕਿਉਂ ਨਾ ਜਾਗਣ ਸੁੱਤੇ ਲੋਕ ਉਸ ਗ਼ਜ਼ਲ ਨੂੰ ਸੁਣ ਕੇ,
ਜਿਸ ਦਾ ਹਰ ਇਕ ਸ਼ਿਅਰ ਦਗਦਾ ਅੰਗਾਰ ਹੁੰਦਾ ਹੈ।

# Sidhu Sweet & Snack Shop

9371- 120 St. Delta, B.C.

## Ph. 588-5512

ਵਿਆਹ ਸ਼ਾਦੀਆਂ ਦਾ ਖਾਸ ਬੰਦੋਬਸਤ ਕੀਤਾ ਜਾਂਦਾ ਹੈ।

ਬੱਕਰੇ ਅਤੇ ਸੂਰ ਦਾ ਸਪੈਸ਼ਲ ਸੁਆਦੀ ਅਚਾਰ ਦਾ ਅਨੰਦ ਵੀ ਤੁਸੀਂ ਮਾਣ ਸਕਦੇ ਹੋ

ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ

ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512


# 42 ਕਤਲਾਂ ਦਾ ਇਕਬਾਲ

ਬੰਬਈ — 42 ਬੰਦਿਆਂ ਦੀ ਹੱਤਿਆ ਕਰਨ ਵਾਲੇ ਰਮਨ ਰਾਘਵ ਨੇ ਹਾਈਕੋਰਟ ਵਿਚ ਕਿਹਾ ਕਿ ਮੈਨੂੰ ਆਪਣੇ ਪਿਛਲੇ ਕੰਮਾਂ ਤੇ ਅਫਸੋਸ ਹੈ। ਚੇਤੇ ਰਹੇ ਕਿ ਇਸ ਵਿਅਕਤੀ ਨੇ 1968 ਵਿਚ ਉਤਰੀ ਬੰਬਈ ਵਿਚ 42 ਕਤਲ ਕਰ ਕੇ ਲੋਕਾਂ ਵਿਚ ਸਨਸਨੀ ਫੈਲਾ ਦਿੱਤੀ ਸੀ । ਰਾਘਵ ਨੇ ਦੱਸਿਆ ਕਿ ਉਸ ਨੇ ਇਹ ਕਤਲ ਸੂਰਜ ਦੇਵਤਾ ਦੇ ਕਹਿਣ ਉਤੇ ਕੀਤੇ। ਪਰ ਹੁਣ ਜੇਕਰ ਸੂਰਜ ਦੇਵਤਾ ਕਹੇ ਕਿ ਉਹੋ ਜਿਹੀਆਂ ਵਾਰਦਾਤਾਂ ਫਿਰ ਦੁਹਰਾਈਆਂ ਜਾਣ ਤਾਂ ਮੈਂ ਉਸ ਨੂੰ ਕਹਿ ਦੇਵਾਂਗਾ ਕਿ ਇਹ ਕੰਮ ਗਲਤ ਹੈ। ਰਾਘਵ ਨੂੰ ਹੇਠਲੀ ਅਦਾਲਤ ਵਲੋਂ ਮੌਤ ਦੀ ਸਜ਼ਾ ਸੁਣਾਈ ਗਈ ਹੈ ਤੇ ਕੇਸ ਹੁਣ ਹਾਈਕੋਰਟ ਵਿਚ ਹੈ । ਮਾਨਯੋਗ ਜੱਜ ਇਸ ਗੱਲ ਉਤੇ ਵਿਚਾਰ ਕਰ ਰਹੇ ਹਨ ਕਿ ਸ੍ਰੀ ਰਾਘਵ ਠੀਕ ਹਾਲਤ ਵਿਚ ਹੈ ਵੀ ਕਿ ਨਹੀਂ । ਜਦੋਂ ਮੁਕੱਦਮੇ ਦੀ ਸੁਣਵਾਈ ਹੋਈ ਤਾਂ ਜੱਜਾਂ ਨੇ ਡਾਕਟਰ ਕਲਾਕਾਰ ਦੀ; ਜੋ ਪੂਨੇ ਵਿਚ ਮਾਨਸਿਕ ਰੋਗਾਂ ਦੇ ਹਸਪਤਾਲ ਦਾ ਸੁਪਰਡੈਂਟ ਹੈ, ਰਿਪੋਰਟ ਦਾ ਅਧਿਐਨ ਕੀਤਾ । ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਘਵ ਦਾ ਵਤੀਰਾ ਹੁਣ ਆਮ ਬੰਦਿਆਂ ਵਾਂਗ ਹੈ । ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਾਘਵ ਆਪਣੀ ਸਫਾਈ ਲਈ ਐਡਵੋਕੇਟ ਚੁਣਨ ਲਈ ਮਾਨਸਿਕ ਤੌਰ 'ਤੇ ਠੀਕ ਹਾਲਤ ਵਿਚ ਹੈ।

ਪਰ ਦੂਜੇ ਪਾਸੇ ਇਸਤਗਾਸੇ ਵੱਲੋਂ ਕਿਹਾ ਗਿਆ ਹੈ ਕਿ ਕਿਉਂਕਿ ਕਾਤਲ ਨੇ ਕਾਤਲਾਂ ਦਾ ਇਕਬਾਲ ਕਰ ਲਿਆ ਹੈ; ਇਸ ਲਈ ਉਸ ਵੱਲੋਂ ਆਪਣੀ ਸਫਾਈ ਲਈ ਵਕੀਲ ਕਰਨ ਦੀ ਕੋਈ ਤੁਕ ਹੀ ਨਹੀਂ ਰਹਿ ਜਾਂਦੀ । ਫਿਰ ਮੁਕੱਦਮੇ ਦੀ ਸੁਣਵਾਈ ਹੋਏਗੀ ਜਦੋਂ ਸਫਾਈ ਧਿਰ ਇਹ ਸਾਬਤ ਕਰਨ ਦਾ ਯਤਨ ਕਰੇਗੀ ਕਿ ਰਾਘਵ ਉਸ ਸਮੇਂ ਠੀਕ ਹਾਲਤ ਵਿਚ ਨਹੀਂ ਸੀ, ਜਦੋਂ ਉਸ ਨੇ ਉਹ ਜੁਰਮ ਕੀਤੇ ਜਿਨ੍ਹਾਂ ਬਾਰੇ ਉਸ ਉਤੇ ਦੋਸ਼ ਲੱਗੇ ਹਨ ।




Kuldip S. Jhand

## WHEATON PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name........................................................
Address....................................................
City..........................................................
Province...................................................
Postal code...............................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................... | 65 dollars |
| Life membership.......... | 300 dollars |
| ASIA.............................. | 100 dollars[a year] |
| U.S.A. .......................... | 30 dollars [a year] |
| Europe .......................... | 100 dollars[a year] |
| Africa ........................... | 100 dollars [a year] |


# A.M.C. Carpet Ltd.

Unit 8 - 12950 - 80th Ave. Surrey, B.C.

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
**Phone for appointment**



AMARJIT SINGH CHAHAL

**Off. 594-6141**
**Res. 594-7595** **Pager 680-0214**



# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਨਾਲ ਅਤਿਭਾਵਕ ਤੌਰ ਤੇ ਜੁੜੇ ਹੋਏ ਹਨ। ਇਹਨਾਂ ਲੇਖਕਾਂ ਕੋਲ ਪੰਜਾਬ ਦੀ ਧਰਤੀ ਦਾ ਤਜ਼ਰਬਾ ਤਾਂ ਹੈ ਹੀ, ਇਥੇ ਰਹਿ ਕੇ ਉਹ ਕੈਨੇਡਾ ਦੇ ਵਖਰੇ ਮਾਹੌਲ, ਵਖਰੇ ਸਮਾਜ, ਵਖਰੀਆਂ ਰੁੱਤਾਂ, ਵੱਖਰੇ ਵਾਤਾਵਰਣ ਤੇ ਵਖਰੀਆਂ ਕੀਮਤਾਂ ਤੇ ਆਸਪਾਸ ਘਟਦੀਆਂ ਅਨੇਕਾਂ ਘਟਨਾਵਾਂ ਤੋਂ ਨਾਵਾਕਫ਼ ਨਹੀਂ ਰਹਿੰਦੇ। ਪਰ ਕੁਝ ਕੁ ਕਹਾਣੀਆਂ ਅਜਿਹੀਆਂ ਹਨ ਜੋ ਪਿਛੇ ਨਾਲ ਅਤਿਭਾਵਕ ਸਾਂਝ ਦੀਆਂ ਲਿਖਾਇਕ ਹਨ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਐਮਰਜੈਂਸੀ ਲਗਦੀ ਹੈ ਦਰਸ਼ਨ ਬੈਂਸ ਦੀ ਕਹਾਣੀ "ਚਾਨਣ ਹੋ ਗਿਆ", ਬਖਤਾਵਰ ਸਿਘ ਸੰਧੂ ਦੀ ਕਹਾਣੀ "ਟੈਕਸੀ ਡਰਾਈਵਰ" ਅਤੇ ਤੇਜ ਭੰਮੀਪੁਰੀ ਦੀ ਕਹਾਣੀ "ਕੀੜਿਆਂ ਦਾ ਭੌਂਣ" ਉਸ ਸਮੇਂ ਦੀਆਂ ਘਟਨਾਵਾਂ ਦੀ ਤਰਜਮਾਨੀ ਕਰਦੀਆਂ ਹਨ।

ਇਹ ਠੀਕ ਹੈ ਕਿ ਅਸੀਂ ਹੁਣ ਕੈਨੇਡਾ ਰਹਿੰਦੇ ਹਾਂ ਤੇ ਇਥੋਂ ਬਾਰੇ ਤੇ ਜੋ ਕੁਝ ਸਾਡੇ ਆਸ ਪਾਸ ਘੱਟ ਰਿਹਾ ਹੈ ਉਸ ਬਾਰੇ ਲਿਖਣ ਨਾਲ ਅਸੀਂ ਕੈਨੇਡਾ ਦੇ ਪੰਜਾਬੀ ਸਾਹਿਤ ਦੀ ਛਾਪ ਲਾ ਸਕਦੇ ਹਾਂ ਪਰ ਜਿਸ ਧਰਤੀ ਦੇ ਅਸੀਂ ਜੰਮੇ ਜਾਏ ਹਾਂ ਉਸ ਮਿੱਟੀ ਦਾ ਮੋਹ ਤੇ ਉਥੋਂ ਦੀਆਂ ਦੁੱਖ ਤਕਲੀਫਾਂ, ਪਿਛੇ ਰਹਿ ਗਏ ਰਿਸ਼ਤੇਦਾਰਾਂ ਦੀਆਂ ਮੁਸ਼ਕਲਾਂ ਤੇ ਹੋਰ ਸਮਾਜਕ ਉਤਰਾ ਚੜ੍ਹਾ, ਸਾਡੀਆਂ ਜੜ੍ਹਾਂ ਜੋ ਕਿ ਪੰਜਾਬ ਦੀ ਧਰਤੀ ਵਿਚ ਲਗੀਆਂ ਹੋਈਆਂ ਹਨ, ਨੂੰ ਪਾਣੀ ਲਾਉਂਦੇ ਹਨ ਅਤੇ ਸਾਡੇ ਇਥੇ ਕੈਨੇਡਾ ਬੈਠਿਆਂ ਦੇ ਭਾਵ ਮੌਲਦੇ ਹਨ, ਹੁੰਗਾਰਾ ਭਰਦੇ ਹਨ, ਪਨਪਦੇ ਹਨ, ਤੇ ਉਥੋਂ ਦੀਆਂ ਸਥਿਤੀਆਂ ਉਤੇ ਪ੍ਰਤੀਕ੍ਰਿਆਸ਼ੀਲ ਹੁੰਦੇ ਹਨ। ਇਹ ਭਾਵਾਤਮਕ ਸਾਂਝ ਤੇ ਪ੍ਰਤੀਕ੍ਰਿਆਸ਼ੀਲਤਾ ਦੇ ਅੰਸ਼ ਸਾਡੇ ਪਰਵਾਸੀ ਹੋਣ ਦੇ ਸਾਰੇ ਸਿਲਸਿਲੇ ਦਾ ਜ਼ਰੂਰੀ ਹਿਸਾ ਬਣਕੇ ਰਹਿ ਜਾਂਦੇ ਹਨ ਜਿਸ ਨੂੰ ਅਸੀਂ ਕਦੇ ਵੀ ਜ਼ਿਹਨ ਤੋਂ ਖਰੋਚ ਕੇ ਨਹੀਂ ਲਾਹ ਸਕਦੇ। ਭਾਵ ਇਹ ਹੈ ਕਿ ਹੇਠਾਂ ਜਿਨ੍ਹਾਂ ਕਹਾਣੀਆਂ ਨੂੰ ਇਸ ਸ਼੍ਰੇਣੀ ਵਿਚ ਰਖਿਆ ਗਿਆ ਹੈ ਉਨ੍ਹਾਂ ਵਿਚ ਪੰਜਾਬੀ/ਭਾਰਤੀ ਤੱਤਾਂ ਦੀ ਮੌਜੂਦਗੀ ਉਪਰੋਕਤ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ :—

ਮਿਸਾਲ ਦੇ ਤੌਰ ਤੇ :

ਹਰੀਪਾਲ ਦੀ ਕਹਾਣੀ — "ਗੰਦਲ ਵਰਗੀ ਕੁੜੀ", ਰਵਿੰਦਰ ਰਵੀ ਦੀਆਂ ਕਹਾਣੀਆਂ — "ਹਾਉਮੈ" ਤੇ "ਮੋਹ ਦੇ ਹੇਠ ਰੇਤ ਦੀ ਝੀਲ", ਕੁਲਵੰਤ ਸਹੋਤਾ ਦੀ ਕਹਾਣੀ — "ਕਾਨੂੰਨ ਦੀ ਉਲੰਘਣਾ", ਸੁਖਦੇਵ ਫਲੌਰਾ ਦੀ ਕਹਾਣੀ — "ਸਭ ਕੁਝ ਟੁੱਟ ਗਿਆ", ਦੇਵ ਜਟਾਣਾ ਦੀ ਕਹਾਣੀ — "ਸਧਰਾਂ", ਹਰਭਜਨ ਪਵਾਰ ਦੀ ਕਹਾਣੀ — "ਅਮਰ ਪਿਆਰ", ਤੇਜ ਭੰਮੀਪੁਰੀ ਦੀ ਕਹਾਣੀ — "ਵਫ਼ਾ ਲੀਰੋ ਲੀਰ", ਤੇਜ ਸੰਧੂ ਸਮਾਧਵੀ ਦੀ ਕਹਾਣੀ — "ਭਾਪਾ", "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ", ਬੁਕਣ ਦੀ ਕਹਾਣੀ — "ਬਦਲਾ", ਮਨਜੀਤ ਗਿੱਲ ਦੀ ਕਹਾਣੀ — "ਬੇਚੈਨੀ", ਬਲਰਾਜ ਸੰਧੂ ਦੀ ਕਹਾਣੀ — "ਹੁੰਝੇ ਹੋਏ ਖੇਤ", ਬਲਬੀਰ ਸਿਘ ਮੋਮੀ ਦੀ ਕਹਾਣੀ — "ਫਾਸਲਾ", ਰਣਜੀਤ ਸਿਘ ਕਿੰਗਰਾ ਦੀ ਕਹਾਣੀ — "ਅਣਹੋਈ ਹਕੀਕਤ", ਅਵਤਾਰ ਗਿੱਲ ਦੀ ਕਹਾਣੀ — "ਘਾਲਾ ਮਾਲਾ", ਸੁਰਜੀਤ ਕਲਸੀ ਦੀ ਕਹਾਣੀ — "ਧਾਗਿਆਂ ਵਿਚ ਜਕੜੀ"। ਅਤੇ ਕੁਝ ਹੋਰ ਲੇਖਕਾਂ ਦੀਆਂ ਅਜਿਹੀਆਂ ਹੀ ਕੁਝ ਕਹਾਣੀਆਂ ਪੜ੍ਹਕੇ ਬਿਲਕੁਲ ਪਤਾ ਨਹੀਂ ਲਗਦਾ ਕਿ ਇਹ ਕਹਾਣੀ ਪੰਜਾਬ ਵਿਚ ਰਹਿ ਰਹੇ ਲੇਖਕ ਨੇ ਲਿਖੀ ਹੈ ਜਾਂ ਕੈਨੇਡਾ ਵਿਚ ਰਹਿ ਕੇ। ਇਕ ਗੱਲੋਂ ਇਹ ਫਰਕ ਦਾ ਪ੍ਰਤੱਖ ਨਾ ਹੋਣਾ ਇਸ ਗੱਲ ਵਿਚ ਵਾਧਾ ਕਰਦਾ ਹੈ ਕਿ ਇਹ ਕਹਾਣੀਆਂ ਪੰਜਾਬ ਦੇ ਪੰਜਾਬੀ ਸਾਹਿਤ ਵਿਚ ਸ਼ਾਇਦ ਅਨਿਖੜ ਅੰਗ ਵਾਂਗ ਰਹਿ ਜਾਣ। ਇਨ੍ਹਾਂ 'ਚੋਂ ਕੁਝ ਕਹਾਣੀਆਂ ਪੰਜਾਬ ਦੇ ਖੇਤਾਂ, ਕਸ਼ਮੀਰ ਦੀਆਂ ਵਾਦੀਆਂ, ਹਿਮਾਲਿਆ ਦੀ ਗੋਦੀ ਤੇ ਕੁਲੂ ਵਰਗੀਆਂ ਰੋਮਾਂਟਿਕ ਥਾਵਾਂ ਤੇ ਉਨ੍ਹਾਂ ਵਿਚ ਵਾਪਰੇ ਪਿਆਰ ਦੇ ਪਲਾਂ ਦਾ ਵਰਨਣ ਕਰਦੀਆਂ ਹਨ। ਇਨ੍ਹਾਂ ਲੇਖਕਾਂ ਦੀ ਕਲਪਨਾ ਆਪਣੇ ਪਾਤਰਾਂ ਨੂੰ ਮੁੜ ਉਂਗਲੀ ਲਾ ਕੇ ਉਨ੍ਹਾਂ ਥਾਵਾਂ ਤੇ ਖਿਚ ਲੈ ਜਾਂਦੀ ਹੈ ਜਿਥੇ ਉਹ ਪਲੇ ਤੇ ਵੱਡੇ ਹੋਏ ਜਿਥੇ ਉਨ੍ਹਾਂ ਦੀਆਂ ਕਈ ਅਭੁੱਲ ਯਾਦਾਂ ਪਿਛੇ ਰਹਿ ਗਈਆਂ ਹੋਣ। ਇਨ੍ਹਾਂ ਲੇਖਕਾਂ 'ਚੋਂ ਕੁਝ ਨੇ ਮਗਰੋਂ ਸਮਾਂ ਪੈ ਕੇ ਇਥੋਂ ਦੇ ਜੀਵਨ ਤੇ ਇਥੇ ਆਸ ਪਾਸ ਘਟਦੀਆਂ ਘਟਨਾਵਾਂ, ਤੇ ਇਥੋਂ ਦੇ ਯਥਾਰਥ ਨੂੰ ਕਲਮਬੱਧ ਕਰਨ ਦੇ ਯਤਨ ਵੀ ਕੀਤੇ ਹਨ।

ਇਕ ਗੱਲ ਕਾਫੀ ਨਿਰਾਸ਼ਾਜਨਕ ਹੈ ਕਿ ਪਿਛਲੇ ਤਿੰਨ ਚਾਰ ਸਾਲ ਦੇ ਦੌਰਾਨ ਜੋ ਕੁਝ ਪੰਜਾਬ, ਦਿੱਲੀ, ਅਤੇ ਹੋਰਨਾਂ ਥਾਵਾਂ ਤੇ ਅਣਮਨੁੱਖੀ ਵਾਪਰਿਆ ਹੈ ਉਸ ਬਾਰੇ ਬਹੁਤ ਥੋੜੀਆਂ ਕਹਾਣੀਆਂ ਪੜ੍ਹਨ ਨੂੰ ਮਿਲੀਆਂ ਹਨ। ਕੁਝ ਕੁ ਲੇਖਕਾਂ ਨੇ ਚੇਤਨ ਯਤਨ ਕੀਤੇ ਹਨ ਜਿਵੇਂ ਕਿ ਹਰਭਜਨ ਹਾਂਸ ਦੀਆਂ ਕਹਾਣੀਆਂ "ਕਿਸ ਸਿੱਖ ਦੀ ਗੱਲ ਕਰਾਂ?" ਅਤੇ "ਇਕ ਉਜਾੜਾ ਹੋਰ", ਅਵਤਾਰ ਗਿੱਲ ਦੀ ਕਹਾਣੀ "ਚਮਤਕਾਰ", ਤੇਜ ਸੰਧੂ ਸਮਾਧਵੀ ਦੀ ਕਹਾਣੀ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ", ਅਮਰਜੀਤ ਚਾਹਲ ਦੀ ਕਹਾਣੀ 'ਖਾਲਿਸਤਾਨ ਕਦੋਂ ਬਣੇਗਾ?' ਅਤੇ ਸੋਹਣ ਸੁਰਿੰਦਰ ਸੰਘਾ ਦੀ ਕਹਾਣੀ 'ਕੇਸਰੀ ਚੁੰਨੀ' ਵਰਨਣਯੋਗ ਹਨ। ਇਨ੍ਹਾਂ ਚੋਂ 'ਕਿਸ ਸਿੱਖ ਦੀ ਗੱਲ ਕਰਾਂ?' ਸਭ ਤੋਂ ਉਤਮ ਕਹਾਣੀ ਹੈ ਜਿਹੜੀ ਪਾਠਕਾਂ ਤੇ ਇਕ ਡੂੰਘਾ ਪ੍ਰਭਾਵ ਪਾਉਂਦੀ ਹੈ ਉਨ੍ਹਾਂ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਸਾਡੇ ਸੋਸ਼ਣ ਕਰਨ ਵਾਲੇ ਲੀਡਰ ਇਥੇ ਵੀ ਹਨ ਭਾਰਤ ਵੀ, ਮਾਸੂਮ ਜਨਤਾ ਨਾਲ ਬੇਇਨਸਾਫੀ ਹਰ ਥਾਂ ਹੁੰਦੀ ਹੈ। ਇਸ ਕਹਾਣੀ ਦਾ ਜ਼ਿਕਰ ਪੰਜਾਬੀ ਤੇ ਕੈਨੇਡੀਅਨ ਤੱਤਾਂ ਵਾਲੀ ਸ਼੍ਰੇਣੀ ਵਿਚ ਵਧੇਰੇ ਵਿਸਥਾਰ ਕੀਤਾ ਗਿਆ ਹੈ।

## (3) ਪੰਜਾਬੀ/ਭਾਰਤੀ ਅਤੇ ਕੈਨੇਡੀਅਨ ਤੱਤਾਂ ਦੇ ਸੁਮੇਲ/ਵਿਖਾਦ ਨਾਲ ਸੰਬੰਧਤ ਵਿਸ਼ੇ :

ਇਸ ਸ਼੍ਰੇਣੀ ਵਿਚ ਉਹਨਾਂ ਕਹਾਣੀਆਂ ਨੂੰ ਰਖਿਆ ਗਿਆ ਹੈ ਜਿਨ੍ਹਾਂ ਵਿਚ ਪੰਜਾਬ 'ਚ ਵਾਪਰੀਆਂ ਘਟਨਾਵਾਂ ਦਾ ਸੱਚ ਅਤੇ ਕੈਨੇਡਾ ਦੀ ਧਰਤੀ ਦਾ ਯਥਾਰਥ ਮਿਲਗੋਭਾ ਹੋ ਜਾਂਦੇ ਹਨ। ਇਸ ਵਿਚ ਤਕਰੀਬਨ ਉਹ ਸਾਰੀਆਂ ਕਹਾਣੀਆਂ ਆ ਜਾਂਦੀਆਂ ਹਨ ਜਿਨ੍ਹਾਂ ਵਿਚ ਲੇਖਕ ਹੁਣ ਦੇ ਆਸ ਪਾਸ ਦੇ ਯਥਾਰਥ ਨੂੰ ਪੰਜਾਬ ਦੇ ਯਥਾਰਥ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ ਇਸ ਤਰ੍ਹਾਂ ਉਨ੍ਹਾਂ ਦੀ Sentimental journey ਜਾਂ Literary sensability ਪਾਤਰਾਂ ਦੇ ਨਾਲ ਨਾਲ ਵਿਚਰਦੀ ਹੈ। ਇਥੇ ਜੋ ਕੁਝ ਵਾਪਰਦਾ ਹੈ, ਪੈਸੇ ਕਮਾਉਣੇ, ਰਿਸ਼ਤੇ ਕਰਨੇ, ਰਿਸ਼ਤੇਦਾਰਾਂ ਨੂੰ ਮੰਗਵਾਉਣਾ, ਤੇ ਜੋ ਕੁਝ ਪੰਜਾਬ 'ਚ ਵਾਪਰਦਾ ਹੈ ਚਾਹੇ ਉਹ ਆਰਥਕ ਪੱਖੋਂ ਹੈ ਜਾਂ ਰਾਜਸੀ ਪੱਖੋਂ ਉਨ੍ਹਾਂ ਘਟਨਾਵਾਂ ਦਾ ਸਾਡੇ ਪ੍ਰਵਾਸੀ ਜੀਵਨ ਤੇ ਕੀ ਅਸਰ ਪੈਂਦਾ ਹੈ ਜਿਵੇਂ, ਰਾਜਸੀ ਉਥਲ ਪੁਥਲ ਨੇ ਸਾਡੇ ਤੇ ਵੀ ਵੀਜ਼ਾ ਲੁਆਇਆ, ਆਦਿ। ਇਸ ਸ਼੍ਰੇਣੀ ਵਿਚ ਹੇਠਾਂ ਲਿਖੀਆਂ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ :

ਅਵਤਾਰ ਗਿੱਲ ਦੀ ਕਹਾਣੀ — "ਜਦੋਂ ਆਪਣੇ ਘਰ ਲੱਗੇ", ਹਰਭਜਨ ਹਾਂਸ ਦੀ ਕਹਾਣੀ — "ਕਿਸ ਸਿੱਖ ਦੀ ਗੱਲ ਕਰਾਂ?" "ਕਾਕਾ ਕਨੇਡਿਓਂ ਆਇਆਂ", ਸੁਖਵੰਤ ਹੁੰਦਲ ਦੀ ਕਹਾਣੀ — "ਪ੍ਰਦੇਸੀ" ਅਤੇ ਅਮਰਜੀਤ ਚਾਹਲ ਦੀਆਂ ਕਹਾਣੀਆਂ — "ਮੁਖੜਾ ਚੰਨ ਵਰਗਾ", "ਬਾਹਰੋਂ ਆਇਆ ਆਦਮੀ" ਤੇ "ਦੋ ਰਫਲਾਂ ਦਾ ਕਰਾਸ"। ਤੇ ਕੁਝ ਹੋਰ ਕਹਾਣੀਆਂ ਇਸ ਸ਼੍ਰੇਣੀ ਵਿਚ ਆ ਜਾਂਦੀਆਂ ਹਨ।

ਅਵਤਾਰ ਗਿੱਲ ਦੀ ਕਹਾਣੀ "ਜਦੋਂ ਆਪਣੇ ਘਰ ਲੱਗੇ" ਅਤੇ ਹਰਭਜਨ ਹਾਂਸ ਦੀ ਕਹਾਣੀ "ਕਿਸ ਸਿੱਖ ਦੀ ਗੱਲ ਕਰਾਂ?" ਵਿਚ ਪੰਜਾਬ ਵਿਚ ਵਾਪਰੇ ਚੁਰਾਸੀ ਦੇ ਦੁਖਾਂਤ ਤੇ ਉਸਦੇ ਕੈਨੇਡਾ ਵਿਚ ਪਏ ਅਸਰ ਦੀ ਤਰਜਮਾਨੀ ਤਾਂ ਕਰਦੀਆਂ ਹਨ ਨਾਲ ਹੀ ਲੇਖਕਾਂ ਨੇ ਦਰਸਾਇਆ ਹੈ ਕਿ ਇਥੇ ਦਰਪੇਸ਼ ਆਉਂਦੀਆਂ ਨਸਲਵਾਦ ਅਤੇ ਖੇਤ ਮਜ਼ਦੂਰਾਂ ਨਾਲ ਹੁੰਦੇ ਧੱਕੇ ਵਰਗੀਆਂ ਸਮੱਸਿਆਵਾਂ ਨੂੰ ਕੋਈ ਨਹੀਂ ਵੰਗਾਰਦਾ। "ਕਿਸ ਸਿੱਖ ਦੀ ਗੱਲ ਕਰਾਂ" ਵਿਚ ਗੁਰਦਾਸ ਵਰਗੇ ਨੌਜਵਾਨ ਅੰਨੇ ਰੋਹ ਵਿਚ ਇਹ ਕਹਿੰਦੇ ਹਨ — "ਜ਼ੁਲਮ ਅੱਗੇ ਸਿਰ ਨਿਵਾਉਣਾ ਖਾਲਸੇ ਦਾ ਕੰਮ ਨਹੀਂ .... ਜਾਂ ਤਾਂ ਨਾਮ ਪਿਛੇ ਲੱਗਿਆ ਸਿਘ ਸ਼ਬਦ ਕਟਾ ਦੇਵੇ ਜਾਂ ਜ਼ੁਲਮ ਵਿਰੁਧ ਸੰਘਰਸ਼ ਸਮੇਂ ਜਾਬਰ ਦੀ ਧੌਣ ਕੱਟ ਦੇਵੇ ਜਾਂ ਆਪਣੀ ਕਟਾ ਲਵੇ।" ਪਰ ਅਜਿਹੇ ਜੋਸ਼ੀਲੇ ਨੌਜਵਾਨ ਜਾਬਰ ਫਾਰਮਰਾਂ ਦੇ ਸਾਹਮਣੇ ਮੂੰਹ ਨਹੀਂ ਖੋਹਲਦੇ ਸਗੋਂ "ਭਾਰੀਆਂ ਸਟੈਂਪਾਂ" ਦੇ ਲਾਲਚ ਵਿਚ ਜ਼ੁਲਮ ਸਹਿੰਦੇ ਰਹਿੰਦੇ ਹਨ ਤੇ ਇਥੋਂ ਦੀ ਸਮੱਸਿਆ ਨੂੰ ਨਹੀਂ ਵੰਗਾਰਦੇ। ਇਸੇ ਤਰ੍ਹਾਂ ਅਵਤਾਰ ਗਿੱਲ ਦੀ ਕਹਾਣੀ "ਜਦੋਂ ਆਪਣੇ ਘਰ ਲੱਗੇ" ਵਿਚ ਮਾਸਟਰ ਗੁਰਬੰਤਾ ਸਿਘ ਜੋ ਫਾਰਮਾਂ 'ਚ ਕੰਮ ਕਰਕੇ ਅਨਇੰਪਲਾਇਮੈਂਟ ਦੀਆਂ ਸਟੈਂਪਾਂ ਬਣਾ ਕੇ ਮੁੜ ਗੁਰਦੁਆਰੇ ਦਾ ਲੀਡਰ ਬਣਦਾ ਹੈ ਤੇ ਜਦੋਂ "ਪੰਜਾਬ ਵਿਚ ਲਗੇ ਅਕਾਲੀ ਮੋਰਚੇ ਦਾ ਸੇਕ ਹੁਣ ਕੈਨੇਡਾ ਦੇ ਗੁਰਦੁਆਰਿਆਂ ਵਿਚ ਜੁੜੀਆਂ ਸੰਗਤਾਂ ਤੱਕ ਵੀ ਪਹੁੰਚਣਾ ਸ਼ੁਰੂ ਹੋ ਗਿਆ ਸੀ।" ਤਾਂ ਮਾਸਟਰ ਲਗਾ ਸੰਗਤਾਂ ਨੂੰ ਭੜਕਾਉਣ। ਇਸ ਤਰ੍ਹਾਂ ਇਹ ਲੀਡਰ ਨੁਮਾ ਸੁਆਰਥੀ ਲੋਕ, ਆਮ ਜਨਤਾ ਦਾ ਧਿਆਨ ਅਸਲੀ ਤੇ ਨਿੱਤ ਇਥੇ ਵਾਪਰਦੀਆਂ ਘਟਨਾਵਾਂ ਤੋਂ ਪਾਸੇ ਕਰਦੇ ਰਹਿੰਦੇ ਹਨ। ਹਾਂਸ ਦੀ ਕਹਾਣੀ "ਕਿਸ ਸਿੱਖ ਦੀ ਗੱਲ ਕਰਾਂ?" ਦਾ ਵਿਸ਼ਾ ਭਾਵੇਂ ਨਵਾਂ ਨਹੀਂ (ਕਿਉਂਕਿ ਇਸੇ ਵਿਸ਼ੇ ਨੂੰ ਹਰੀਪਾਲ ਨੇ ਆਪਣੀ ਕਹਾਣੀ "ਸਦਾ ਨਹੀਂ ਇਵੇਂ ਹੁੰਦਾ ਰਹੇਗਾ" ਵਿਚ ਬੜੀ ਸੰਜੀਦਗੀ ਨਾਲ ਨਿਭਾਇਆ ਹੈ) ਪਰ ਇਸ ਦਾ ਨਿਭਾਅ ਤੇ ਖਾਸ ਕਰਕੇ ਖਾਲਿਸਤਾਨ ਦੇ ਬੜ੍ਹਕਾਂ ਮਾਰਨ ਵਾਲੇ ਲੀਡਰਾਂ ਦੀ ਗਿੱਦੜ ਭਬਕੀ ਨੂੰ ਜ਼ਾਹਰ ਕਰਨਾ, ਕਹਾਣੀ ਨੂੰ ਨਵੀਨਤਾ ਦੇਂਦੇ ਹਨ।

ਅਮਰਜੀਤ ਚਾਹਲ ਦੀ ਕਹਾਣੀ "ਦੋ ਰਫਲਾਂ ਦਾ ਕਰਾਸ" ਜਿਥੇ ਇਥੇ ਵਸਦੇ ਲੋਕਾਂ ਨਾਲ ਗੋਰਿਆਂ ਵਲੋਂ ਹੁੰਦੇ ਨਸਲਵਾਦ ਦੀ ਕਹਾਣੀ ਹੈ ਉਥੇ ਲੇਖਕ ਪਾਤਰਾਂ ਦੇ ਦਿਲਾਂ ਵਿਚ ਪੰਜਾਬ ਦਾ ਉਦਰੇਵਾਂ ਛੋਟੀਆਂ ਛੋਟੀਆਂ ਛੁਹਾਂ ਨਾਲ ਪ੍ਰਗਟ ਕਰਦਾ ਹੈ ਉਸ ਵਿਚ ਇਕ ਥਾਂ ਪ੍ਰਿਤਪਾਲ ਕਹਿੰਦੀ ਹੈ —

"ਮੇਰਾ ਤਾਂ ਆਪ ਬੜਾ ਜੀਅ ਕਰਦਾ — ਕਿਸੇ ਦਿਨ ਲੱਕੜਾਂ ਦੀ ਅੱਗ ਬਾਲ ਕੇ ਰੋਟੀ ਲਾਹਵਾਂ ਬਾਹਰ ਸੰਨਡੈੱਕ ਹੇਠਾਂ ਚੁੱਲ੍ਹਾ ਬਣਾ ਸਕਦੇ ਹਾਂ।"

"ਸੁਆਦ ਆ ਜਾਏ ਫਿਰ ਤਾਂ — ਇਕ ਛੋਟਾ ਜਿਹਾ ਦੀਵਾ ਜਾਂ ਲਾਲਟੈਣ ਦੀ ਲੋਅ ਵਿਚ ਚੁਲ੍ਹੇ ਸਹਿਰੇ ਰੋਟੀ ਖਾਈਏ।"

ਉਪਰੋਕਤ ਪਾਤਰਾਂ ਦੇ ਮਨਾਂ ਵਿਚ ਪਿਛੇ ਆਪਣੇ ਪਿੰਡ ਗੁਜ਼ਾਰੇ ਸਕੂਨ ਦੇ ਦਿਨਾਂ ਤੇ ਅਜੋਕੀ ਸਥਿਤੀ ਦੀ ਕੁਰੱਖਤਾ ਨੂੰ ਭੁਲਾਵਾ ਦੇਣ ਦਾ ਮਨੋਵਿਗਿਆਨਕ ਸਫ਼ਰ ਜਾਰੀ ਰਹਿੰਦਾ ਹੈ। ਕੁਝ ਕਹਾਣੀਆਂ ਵਿਚ ਕੈਨੇਡਾ ਰਹਿੰਦੇ ਰਹਿੰਦੇ ਲੋਕ ਜਦੋਂ ਪੰਜਾਬ ਗੇੜਾ ਮਾਰਨ ਜਾਂਦੇ ਹਨ ਫਿਰ ਜਿਹੜੀਆਂ ਸਮੱਸਿਆਵਾਂ ਜਾਂ ਘਟਨਾਵਾਂ 'ਚੋਂ ਗੁਜ਼ਰਦੇ ਹਨ ਉਨ੍ਹਾਂ ਬਾਰੇ ਬਿਆਨ ਮਿਲਦਾ ਹੈ ਜਿਵੇਂ ਅਮਰਜੀਤ ਚਾਹਲ ਦੀਆਂ ਕਹਾਣੀਆਂ "ਮੁਖੜਾ ਚੰਨ ਵਰਗਾ" ਅਤੇ "ਬਾਹਰੋਂ ਆਇਆ ਆਦਮੀ" ਤੇ ਹਾਂਸ ਦੀ ਕਹਾਣੀ "ਕਾਕਾ ਕਨੇਡਿਓਂ ਆਇਆ" ਆਦਿ। "ਮੁਖੜਾ ਚੰਨ ਵਰਗਾ" ਇਕ ਪੰਜਾਬੀ ਨੌਜਵਾਨ ਜਸਜੀਤ ਦੇ ਮਾਨਸਿਕ ਉਤਾਰ ਚੜ੍ਹਾ ਦੀ ਕਹਾਣੀ ਹੈ। ਜਿਹੜਾ ਕੈਨੇਡਾ ਵਿਚ ਚੰਗੇ ਪੈਸੇ ਕਮਾ ਕੇ ਛੇ ਸਾਲ ਪਿਛੋਂ ਦੇਸ ਪਰਤਦਾ ਹੈ ਉਥੇ ਜ਼ਮੀਨ ਖ਼੍ਰੀਦ ਕੇ ਰਖਣ ਵਾਸਤੇ। ਉਥੇ ਉਸਦੀ ਪਤਨੀ ਅਤੇ ਮਾਂ ਉਸਦੀ ਉਡੀਕ ਵਿਚ ਜਿਉਂ ਰਹੀਆਂ ਹਨ। ਭਾਰਤ ਵਿਚ ਰਹਿੰਦਿਆਂ ਉਹਨੂੰ ਪਹਿਲੇ ਦਿਨ ਹੀ ਪਤਾ ਲੱਗਦਾ ਹੈ ਕਿ ਉਸ ਦੀ ਆਪਣੀ ਮਾਂ ਜਿਸ ਨੂੰ ਉਸਦਾ ਪਿਤਾ ਛੱਡ ਕੇ ਸਾਰੀ ਉਮਰ ਵਿਦੇਸ਼ਾਂ ਵਿਚ ਰਿਹੈ ਕਿਸੇ ਹੋਰ ਮਰਦ ਨਾਲ ਸੰਬੰਧ ਰੱਖ ਲੈਂਦੀ ਹੈ। ਜਸਜੀਤ ਦੁੱਖ ਤੇ ਗੁੱਸੇ ਨਾਲ ਛਟਪਟਾਉਂਦਾ ਸੌਂ ਨਹੀਂ ਸਕਦਾ ਪਰ ਪੂਜੇ ਦਿਨ ਉਸ ਦੀ ਮਾਂ ਉਸ ਸਾਹਮਣੇ ਇਸ ਯਥਾਰਥ ਨੂੰ ਬੜੀ ਸ਼ਾਂਤੀ ਨਾਲ ਪੇਸ਼ ਕਰਦੀ ਹੈ ਅਤੇ ਜਸਜੀਤ ਨੂੰ ਸਲਾਹ ਦੇਂਦੀ ਹੈ ਕਿ ਉਹ ਆਪਣੀ ਬੀਵੀ ਨੂੰ ਨਾਲ ਕੈਨੇਡਾ ਲੈ ਜਾਵੇ। ਤਾਂ ਉਹ ਇਕ ਤਰ੍ਹਾਂ ਨਾਲ ਆਪ ਦੋਸ਼ੀ ਮਹਿਸੂਸ ਕਰਨ ਲਗ ਪੈਂਦਾ ਹੈ। ਇਸ ਵਾਰ ਉਹ ਆਪਣੀ ਬੀਵੀ ਨੂੰ ਨਾਲ ਕੈਨੇਡਾ ਲਿਆਉਣ ਦਾ ਫੈਸਲਾ ਕਰ ਲੈਂਦਾ ਹੈ। ਇਹ ਕੈਨੇਡਾ ਦੇ ਪੰਜਾਬੀ ਸਾਹਿਤ ਵਿਚ ਪਹਿਲੀ ਵਾਰ ਏਨੀ ਹੌਂਸਲੇ ਨਾਲ ਲਿਖੀ ਗਈ ਕਹਾਣੀ ਹੈ ਜੋ ਪੜ੍ਹਨ ਵਾਲੇ ਨੂੰ ਇਕ ਵਾਰ ਝੰਜੋੜ ਕੇ ਰੱਖ ਦੇਂਦੀ ਹੈ। ਕੈਨੇਡਾ ਵਿਚ ਜਿਹੜੇ ਲੋਕ ਸਿਰਫ ਪੈਸਾ ਕਮਾਉਣ ਆਉਂਦੇ ਹਨ ਤੇ ਆਪਣੇ ਪਰਿਵਾਰ ਪਿੱਛੇ ਛੱਡ ਕੇ ਆਉਂਦੇ ਹਨ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਲਾਹਨਤ ਪਾਉਣ ਲੱਗਦੀ ਹੈ। ਅਜਿਹੇ ਭਾਵਤਾਮਕ ਵਿਸ਼ੇ ਨੂੰ ਅਮਰਜੀਤ ਨੇ ਬੜੀ ਸਫਲਤਾ ਨਾਲ ਕਹਾਣੀ ਵਿਚ ਨਿਭਾਇਆ ਹੈ।

ਸੁਖਵੰਤ ਹੁੰਦਲ ਦੀ ਕਹਾਣੀ "ਪ੍ਰਦੇਸੀ" ਵਿਚ ਲੇਖਕ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਪਰਵਾਸੀਆਂ ਦੇ ਬੱਚੇ ਆਪਣਾ ਸਭਿਆਚਾਰ, ਆਪਣੀ ਬੋਲੀ ਭੁਲ ਕੇ ਇਧਰਲੇ ਤੌਰ ਤਰੀਕੇ ਤੇ ਟੀ. ਵੀ. ਸਭਿਆਚਾਰ ਨੂੰ ਅੰਨੇਵਾਹ ਅਪਨਾ ਲੈਂਦੇ ਹਨ। ਕਹਾਣੀ ਵਿਚ ਸ਼ੈਰੀ ਦਾ ਪਿਤਾ ਜਿਸਨੇ ਚੰਗਾ ਕਮਾ ਕੇ ਘਰ ਬਣਾਇਆ ਹੈ, ਖੁਸ਼ ਹੈ ਤੇ ਬਹੁਤ ਯਤਨ ਕਰਦਾ ਹੈ ਕਿ ਇਸ ਮੁਲਕ ਨੂੰ ਇਸ ਘਰ ਨੂੰ ਆਪਣਾ ਸਮਝੇ। ਸੋਚਦਾ ਹੈ ਉਹ ਜੋ ਜੀ ਚਾਹੇ ਇਸ ਘਰ ਵਿਚ ਕਰ ਸਕਦਾ ਹੈ।

"ਮਿਰਜ਼ੇ ਦੀ ਹੇਕ ਨਾਲ ਉਸਨੂੰ ਰੇਡੀਓ ਤੇ ਆ ਰਹੇ ਪੰਜਾਬੀ ਪ੍ਰੋਗਰਾਮ ਦਾ ਖਿਆਲ ਆਇਆ। ਉਸ ਨੇ ਉਠ ਕੇ ਰੇਡੀਓ ਆਨ ਕਰ ਦਿੱਤਾ। ਉਸ ਦੀ ਪਸੰਦ ਦਾ ਗੀਤ ਆ ਰਿਹਾ ਸੀ। ਉਸਦੀ ਮਸਤੀ ਤੱਦ ਟੁਟਦੀ ਹੈ ਜਦ ਉਸ ਦੀ ਵੱਡੀ ਧੀ ਸ਼ੈਰੀ ਰੇਡੀਓ ਬੰਦ ਕਰ ਟੀ. ਵੀ. ਤੇ ਆ ਰਿਹਾ ਕਾਮਿਡੀ ਸ਼ੋ ਲਾ ਲੈਂਦੀ ਹੈ। ਜਦੋਂ ਉਹ

## ਰਿਸ਼ਤੇ ਹੀਣ ਜਿੰਦਗੀ

ਮੁੰਡੇ ਨੇ ਕੁੜੀ ਨੂੰ ਪੁੱਛਿਆ,
"ਤੇਰੀ ਯਾਦ ਵਿਚ ਤਾਜ ਮਹਿਲ ਬਣਾਵਾਂ ?"
'ਨਹੀਂ ਤਾਜ ਮਹਿਲ ਨਹੀਂ'
'ਫੇਰ ਵੀ ?'
'ਮੇਰੇ ਬੱਚੇ ਨੂੰ ਆਪਦਾ ਨਾਮ ਦੇ ਦੇਵੀਂ'
ਤੇ ਮੁੰਡਾ ਪਰ੍ਹੇ ਨੂੰ ਤੁਰ ਗਿਆ
'ਕਿੱਥੇ ਚੱਲਿਆਂ ?'
'ਆਪਦੇ ਬਾਪ ਦਾ ਨਾਮ ਲੱਭਣ'
ਤੇ ਕੁੜੀ
ਇਕ ਵਾਰ ਫਿਰ ਇਕੱਲੀ ਰਹਿ ਗਈ।

ਹਰੀ ਪਾਲ

## ਸੂਰਜ ਦੀ ਲਾਸ਼

ਸੰਤ ਸੰਧੂ

o

ਲੋਕੀਂ ਕਹਿੰਦੇ
ਸੂਰਜ ਮੇਰਾ ਨਾਲ ਮੇਰੇ
ਪਰ ਮੈਂ ਜਾਣਾਂ ਹੋ
ਸੂਰਜ ਦੀ ਤਾਂ ਲਾਸ਼ ਪਈ ਹੈ
ਤੇ ਲਿਸ਼ਕੋਰ ਪਰੇ
ਲੋਕਾਂ ਦਾ ਕੀ ਮੂੰਹ ਫੜਾਂ ਮੈਂ
ਮੇਰਾ ਰੋਮ-ਰੋਮ ਠਰੇ
ਲੋਕੀਂ ਕਹਿੰਦੇ
ਚੰਦ ਵੀ ਮੇਰਾ ਨਾਲ ਮੇਰੇ
ਪਰ ਮੈਂ ਜਾਣਾ ਹੋ
ਤਾਜ-ਮਹਿਲ ਤੇ ਮਰਦਾ ਚੰਦਰਾ
ਕੁੱਲੀ ਤੇ ਅੱਖ ਨ ਧਰੇ
ਲੋਕੀਂ ਕਹਿੰਦੇ
ਭਾਗ ਵੀ ਮੇਰਾ ਨਾਲ ਮੇਰੇ
ਪਰ ਮੈਂ ਜਾਣਾਂ ਹੋ
ਇਸ ਨਗਰੀ ਦੇ ਭਾਗੋ
ਦੇਂਦੇ ਲੇਖ ਨ ਹੋਣ ਹਰੇ
ਲੋਕੀਂ ਕਹਿੰਦੇ
ਕੰਤ ਵੀ ਮੇਰਾ ਨਾਲ ਮੇਰੇ
ਪਰ ਮੈਂ ਜਾਣਾਂ ਹੋ
ਚਮੜੀ ਦਮੜੀ ਦਾ ਏ ਲੋਭੀ
ਨਾਮ ਨ ਮੇਰਾ ਧਰੇ
ਲੋਕੀਂ ਕਹਿੰਦੇ
ਸ਼ੀਸ਼ਾ ਮੇਰਾ ਨਾਲ ਮੇਰੇ
ਪਰ ਮੈਂ ਜਾਣਾ ਹੋ
ਸ਼ੀਸ਼ੇ ਚੋਂ ਚਿਹਰਾ ਨਹੀਂ ਦਿਸਦਾ
ਸ਼ੀਸ਼ੇ ਦਾ ਪਾਣੀ ਮਰੇ
ਲੋਕੀਂ ਕਹਿੰਦੇ
ਜ਼ਿੰਦਗੀ ਮੇਰੀ ਨਾਲ ਮੇਰੇ
ਪਰ ਮੈਂ ਜਾਣਾਂ ਹੋ
ਜੀਣ ਦਾ ਕੋਈ ਹੱਜ ਨ ਅੜਿਆ
ਮੋਹ ਦੇ ਮਾਰੇ ਮਰੇ

ਹੱਥ ਵਧਾਉਂਦਾ ਹਾਂ—
ਪਰ...ਪਰਛਾਵਾਂ ਪਕੜ 'ਚ ਨਹੀਂ ਐਂਦਾ
ਸਿਰਫ਼ ਅੱਖਾਂ 'ਚ
ਪਰਛਾਵੇਂ ਦੀਆਂ ਕਾਲੀਆਂ ਲੀਕਾਂ
ਜੰਮ ਜਾਂਦੀਆਂ ਹਨ।

o

ਅੱਖਾਂ 'ਚ ਸੁਪਨੇ
ਬੀਜਣਾ—
ਅਸਮਾਨ 'ਚ ਉਡਦੇ ਕਬੂਤਰਾਂ ਦੀ
ਉਡੀਕ ਕਰਨਾ...
ਹੌਲੀ ਹੌਲੀ ਰੰਗਾਂ ਦੇ ਪਿਰਾਮਿਡ ਨੂੰ
ਅੱਖਾਂ 'ਚੋਂ ਅਲੋਪ ਹੁੰਦੇ ਵੇਖਣਾ
ਤੇ ਢਲਦੀ ਉਮਰ ਤੱਕ
ਵੇਖਦੇ ਜਾਣਾ...

# I CAN HELP

I'm an Investors professional financial planner. It's my job to help you create and follow a personal financial plan.
I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



# ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**

---

VANCOUVER
# Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini **Ph. (604) 435-2421**

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.





LADIES TAILOR FOR PUNJABI SUITS, SARI BLOUSES & DRESSES

*Limousine Service* [Daily or Hourly]

**3333 KINGSWAY AT JOYCE, VANCOUVER, B.C.**

---

# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ।**



# ਵਰਲਡ ਵਾਈਡ ਇੰਮੀਗਰੇਸ਼ਨ ਐਂਡ ਡਾਕੂਮੈਨਟੇਸ਼ਨ ਸਰਵਿਸਜ਼



ਦਲਜੀਤ ਸਿੰਘ ਸੰਧੂ L.L.B. (U.k.)
Res. 580-1822

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ -ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹੇ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸ ਨੂੰ ਕਿਵੇਂ ਛੁਡਾ ਸਕਦੇ ਹਾਂ ਉਸ ਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦੱਸ ਸਕਦੇ ਹਾਂ ਕਿ ਕੀ ਕਾਰਨ ਹੈ।

- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਦੱਸ ਸਕਦੇ ਹਾਂ
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਰਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆਂ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ।

ਨਵੇਂ ਰਫਿਊਜੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ।

ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)
Res. 228-0452

## IMMIGRATION PROBLEMS?

**Let us assist you as we have been doing since 1946**

**Complete Immigration Service in Canada**

- Sponsoring Immediate Family
- Close Relatives
- Independent Immigrants
- Fiance (e) Application
- Student Visa
- Refugee Application
- Visitors Visa
- Adoption Application
- Returning Resident Permit
- Citizenship Application
- Orphan Relatives Application
- Investors Immigration
- Entrepreneurs Immigration
- Self-Employed Immigration
- Family Business Immigration
- Work Permit
- Retired Person Application
- Release Hearing
- Immigration Inquiry
- Immigration Appeal
- Preparing Application Forms
- Etc....

FREE consultation for first interview

**Malkit Singh Parhar & Daljit Sandhu**
**IMMIGRATION CONSULTANTS**
World Wide Immigration & Documentation Services
2127 — Kingsway, Vancouver, B.C. Canada
**Off. (604) 430-6611**

ਆਪਣੀ ਧੀ ਨੂੰ ਇਸ ਤਰ੍ਹਾਂ ਕਰਨ ਦਾ ਕਾਰਨ ਪੁੱਛਦਾ ਹੈ ਤਾਂ ਉਹ ਅੰਗਰੇਜ਼ੀ ਵਿਚ ਉੱਤਰ ਦੇਂਦੀ ਹੈ ਕਿ ਉਹਨੂੰ ਪੰਜਾਬੀ ਚੰਗੀ ਨਹੀਂ ਲੱਗਦੀ। ਇਸ ਦੇ ਨਾਲ ਹੀ ਉਸਦੀ ਸਾਰੀ ਸੋਚ ਟੁਕੜੇ ਟੁਕੜੇ ਹੋ ਜਾਂਦੀ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਜਿਸ ਨੂੰ ਆਪਣਾ 'ਸੁੱਖ ਦਾ ਘਰ' ਸਮਝਦਾ ਰਿਹਾ ਹੈ ਉਹ ਦਰਅਸਲ ਉਸ ਘਰ ਵਿਚ ਇਕ "ਪ੍ਰਦੇਸੀ" ਵਾਂਗ ਹੈ।

ਅਮਰਜੀਤ ਚਾਹਲ ਦੀ ਕਹਾਣੀ, "ਆਖਰੀ ਦਿਨ" ਤੇ "ਅਹਿਸਾਸ" ਸਾਧੂ ਦੀ ਕਹਾਣੀ "ਫੌਜੀ ਬੰਤਾ ਸਿੰਘ" ਤੇ ਸੁਖਵੰਤ ਹੁੰਦਲ ਦੀ ਕਹਾਣੀ "ਪ੍ਰਦੇਸੀ" ਵਿਚ ਦੋਹਾਂ ਪੀੜ੍ਹੀਆਂ ਦੇ ਪਾੜੇ ਤੇ ਦੋਹਾਂ ਸਭਿਆਚਾਰਾਂ ਦੇ ਪਾੜੇ ਨੂੰ ਬੜੀ ਸੰਜੀਦਗੀ ਨਾਲ ਦਰਸਾਇਆ ਗਿਆ ਹੈ। ਇਨ੍ਹਾਂ ਕਹਾਣੀਆਂ ਵਿਚ ਪੱਛਮੀ ਤੇ ਪੂਰਬੀ ਕਦਰਾਂ ਕੀਮਤਾਂ ਤੇ ਸਭਿਆਚਾਰਾਂ ਦੇ ਫਰਕ ਨੂੰ ਉਲੀਕਿਆ ਗਿਆ ਹੈ।

### ਪਲਾਟ

ਕਹਾਣੀ ਵਿਚ ਪਾਤਰਾਂ, ਘਟਨਾਵਾਂ ਅਤੇ ਹਾਲਾਤ ਨੂੰ ਛੋਟੇ ਛੋਟੇ ਕਿਰਦਾਰਾਂ (Actions) ਜਾਂ ਝਲਕੀਆਂ ਜਾਂ ਬੋਲ ਚਾਲ ਰਾਹੀਂ ਦਰਸਾਇਆ ਜਾਂਦਾ ਹੈ। ਕਹਾਣੀ ਦਾ ਕੈਨਵਸ ਕਿਉਂਕਿ ਸੀਮਿਤ ਹੁੰਦਾ ਹੈ ਇਸ ਵਿਚ ਬੁਰਸ਼ ਤੇ ਰੰਗਾਂ ਦੀਆਂ ਛੋਹਾਂ ਨਾਲ ਨਾਲ ਹੀ ਕਹਾਣੀ ਦੱਸੀ ਜਾਂਦੀ ਹੈ ਕਿੰਨਾ ਕੁਝ ਵਾਪਰ ਚੁਕਿਆ ਜਾਂ ਆਉਣ ਵਾਲੀਆਂ ਘਟਨਾਵਾਂ ਦੇ ਵਿਸਥਾਰ ਖੁੰਝ ਜਾਂਦੇ ਹਨ। ਪਾਤਰ ਉਸਾਰੀ ਵੀ ਮੁਕੰਮਲ ਨਹੀਂ ਹੁੰਦੀ ਪਾਤਰ ਦਾ ਸਿਰਫ ਇਕ ਹੀ ਪੱਖ ਸਾਹਮਣੇ ਆਉਂਦਾ ਹੈ ਜੋ ਉਸ ਇਕ ਖਾਸ ਘਟਨਾ ਨਾਲ ਬੱਝਾ ਹੁੰਦਾ ਹੈ।

ਇਸ ਦਾ ਭਾਵ ਇਹ ਹੋਇਆ ਕਿ ਕਹਾਣੀ ਵਾਰਤਕ ਵਿਚ ਘਟਨਾਵਾਂ ਦਾ ਵਿਵਰਣ ਹੈ ਪਰ ਇਸ ਦਾ ਸੁਭਾ ਨਾ ਤਾਂ ਕਿਸੇ ਬਾਤ, ਮੇਰਾ ਭਾਵ ਲੋਕ ਕਥਾ ਤੋਂ ਹੈ, ਵਰਗਾ ਹੁੰਦਾ ਹੈ ਨਾ ਹੀ Sketch (ਰੇਖਾ ਚਿੱਤਰ) ਹੁੰਦਾ ਹੈ। ਕਹਾਣੀ ਆਪਣੇ ਆਪ ਵਿਚ ਇਕ ਇਕਾਈ ਹੈ ਜਿਸ ਵਿਚ ਵਿਸ਼ਾ, ਘਟਨਾਵਾਂ, ਪਾਤਰ, ਟੋਨ, ਅਤੇ ਮੂਡ, ਮੌਕਾ ਤੇ ਸ਼ੈਲੀ ਇਕ ਮਿੱਕ ਹੋ ਜਾਂਦੇ ਹਨ। ਇਸ ਕਰਕੇ ਕਈ ਵਾਰ ਇਨ੍ਹਾਂ ਸਾਹਿਤਕ ਪੱਖਾਂ ਦੀ ਵਖਰੀ ਤਰ੍ਹਾਂ ਵਿਸ਼ਲੇਸ਼ਣ ਕਰਨਾ ਮੁਸ਼ਕਲ ਹੋ ਜਾਂਦਾ ਹੈ। ਨਾਵਲ ਦੇ Span (ਵੱਡੇ ਵਿਸਥਾਰ) ਨੂੰ ਵੇਖਦਿਆਂ ਕਹਾਣੀ ਸਿਰਫ ਇਕ ਘਟਨਾ ਹੈ, ਘਟਨਾਵਾਂ ਦੀ ਲੜੀ ਨਹੀਂ। ਕਹਾਣੀ ਆਪਣੇ ਸੀਮਿਤ ਖੇਤਰ (Canvas) ਅਤੇ ਵਿਆਖਿਆਤਮਕ ਸੁਭਾ ਕਰਕੇ, ਡਰਾਮੇ ਅਤੇ ਨਾਵਲ ਤੋਂ ਵਖਰੀ ਹੋਂਦ ਰਖਦੀ ਹੈ, ਤੇ ਸੁਲਝੇ ਲੇਖਕ ਕਹਾਣੀ ਨੂੰ ਜੀਵਨੀ, ਵਾਰਤਕ, ਡਰਾਮੇ ਤੇ ਨਾਵਲ ਤੋਂ ਵੱਖ ਨਿਖੇੜ ਕੇ ਉਭਾਰ ਲੈਂਦੇ ਹਨ।

ਇਥੇ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਕਿ ਕੈਨੇਡੀਅਨ ਪੰਜਾਬੀ ਕਹਾਣੀ ਅਜੇ ਬਚਪਨ ਵਿਚ ਹੈ। ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਰਵਿੰਦਰ ਰਵੀ ਨੂੰ ਛੱਡ ਕੇ ਬਾਕੀ ਕਹਾਣੀਕਾਰਾਂ ਨੇ ਪਿਛਲੇ ਹੀ ਦਹਾਕੇ ਵਿਚ ਲਿਖਣਾ ਸ਼ੁਰੂ ਕੀਤਾ ਹੈ। ਅਤੇ ਇਨ੍ਹਾਂ 'ਚੋਂ ਕਈਆਂ ਨੇ ਸਿਰਫ ਇਕ ਅੱਧ ਹੀ ਕਹਾਣੀ ਲਿਖੀ ਹੈ। ਪੰਜਾਬੀ ਕਹਾਣੀ ਦੀ ਕੋਈ ਨਿਰੰਤਰ ਰੂਪ ਰੇਖਾ ਨਹੀਂ ਮਿਲਦੀ — ਕੁਝ ਇਕ ਕਹਾਣੀਆਂ ਜਿਨ੍ਹਾਂ ਦਾ ਜ਼ਿਕਰ ਵਿਸ਼ੇ ਪੱਖ ਤੋਂ ਕਰ ਚੁਕੀ ਹਾਂ ਉਨ੍ਹਾਂ 'ਚੋਂ ਬਹੁਤ ਥੋੜੀਆਂ ਮਸਾਂ ਚਾਰ ਪੰਜ ਕਹਾਣੀਆਂ ਪਲਾਟ ਦੇ ਪੱਖੋਂ ਸਫਲ ਹਨ ਜਿਵੇਂ ਅਮਰਜੀਤ ਚਾਹਲ ਦੀ ਕਹਾਣੀ "ਮੁਖੜਾ ਚੰਨ ਵਰਗਾ", "ਆਖਰੀ ਦਿਨ", ਅਮਰਜੀਤ ਸੂਫੀ ਦੀ ਕਹਾਣੀ "ਸਮੇਂ ਦੇ ਬੇਲਣੇ ਵਿਚ", ਕਰਮਜੀਤ ਘੁਮਾਣ ਦੀ ਕਹਾਣੀ "ਰਿਸ਼ਤੇਦਾਰੀ ਦਾ ਮਾਮਲਾ" ਤੇ ਸੁਰਜੀਤ ਕਲਸੀ ਦੀ ਕਹਾਣੀ "ਮੁਲਤਵੀ ਕੀਤਾ ਜਿਉਣਾ।" ਸਾਧੂ ਦੀਆਂ ਕਹਾਣੀਆਂ ਵਿਚ ਵਿਵਰਣ ਬਹੁਤ ਹੈ ਪਰ ਗੋਂਦ ਢਿਲੀ ਰਹਿ ਜਾਂਦੀ ਹੈ ਜਦੋਂ ਵਿਵਰਣ ਕਰਨ ਵਾਲਾ ਪਾਤਰ ਤੇ ਲੇਖਕ ਇਕ ਮਿਕ ਹੋ ਜਾਂਦੇ ਹਨ।

ਕਹਾਣੀ ਦਾ ਇਕ ਸਪਸ਼ਟ ਨਿਸ਼ਚਿਤ (definite) ਸ਼ੁਰੂ ਹੁੰਦਾ ਹੈ ਜਿਵੇਂ "ਇਕ ਸੀ ਰਾਜਾ ...." ਇਕ ਮੱਧ ਅਤੇ ਇਕ climax ਜਿਥੇ ਕਹਾਣੀ ਸਿਖਰ ਤੇ ਪਹੁੰਚਦੀ ਹੈ ਘਟਨਾ ਦਾ ਸਿਖਰ ਹੁੰਦਾ ਹੈ ਫਿਰ Anti climax ਵਿਚ ਘਟਨਾ ਸਮੇਟੀ ਜਾਂਦੀ ਹੈ। ਇਸ ਘਟਨਾ ਨੂੰ ਜੀ ਰਹੇ ਪਾਤਰਾਂ ਦੇ ਥੋੜੇ ਬਹੁਤ ਸੁਭਾ, ਬੋਲੀ, ਵਰਤਾਰੇ ਦਾ ਪ੍ਰਗਟਾਵਾ ਹੁੰਦਾ ਹੈ। ਸਮੇਂ, ਸਥਾਨ ਤੇ ਮੌਕੇ ਦਾ ਮੇਲ ਘਟਨਾ ਨਾਲ ਬੱਝੇ ਰਹਿੰਦੇ ਹਨ। ਉਂਜ ਕਈ ਵਾਰ ਵਿਵਰਣ ਬੀਤੀ ਘਟਨਾ ਅਤੇ ਉਸ ਸਮੇਂ ਤੇ ਸਥਾਨ ਵਿਚ ਵਿਚਰਦੇ ਪਾਤਰਾਂ ਅਤੇ ਉਨ੍ਹਾਂ ਦੇ ਕਿਰਦਾਰਾਂ ਦਾ ਵੀ ਹੁੰਦਾ ਹੈ। ਕਈ ਵਾਰ ਲੇਖਕ ਕਹਾਣੀ ਦਾ ਸ਼ੁਰੂ ਬੀਤ ਚੁਕੀ ਘਟਨਾ ਦੇ ਅੰਤ ਤੋਂ ਸ਼ੁਰੂ ਕਰਦਾ ਹੈ ਪਾਤਰ ਪਿਛਾਂਹ ਤੋਂ ਬਿਆਨ ਕਰਦੇ ਕਰਦੇ ਘਟਨਾ ਦੇ ਅੰਤ ਤੱਕ ਪਹੁੰਚ ਜਾਂਦੇ ਹਨ ਜਿਥੋਂ ਕਿ ਲੇਖਕ ਨੇ ਕਹਾਣੀ ਸ਼ੁਰੂ ਕੀਤੀ ਹੁੰਦੀ ਹੈ। ਇਸ ਤਰ੍ਹਾਂ ਦੇ ਪਲਾਟ ਨੂੰ Boomrang ਪਲਾਟ ਕਹਿੰਦੇ ਹਨ ਜਿਵੇਂ ਕਿ ਸਾਧੂ ਨੇ "ਅਮਾਨਤ" ਕਹਾਣੀ ਵਿਚ ਵਰਤਿਆ ਹੈ।

"ਅਮਾਨਤ" ਦੀ ਸ਼ੁਰੂਆਤ ਟੀਨਏਜ਼ਰ ਬੱਚਿਆਂ ਦੇ ਝੁੰਡ ਨਾਲ ਹੁੰਦੀ ਹੈ ਜੋ ਸਕੂਲੋਂ ਬਾਅਦ ਘਰ ਨੂੰ ਜਾ ਰਹੇ ਹਨ। ਕਹਾਣੀ ਦੀ ਮੁੱਖ ਪਾਤਰ ਸੀਤੋ ਉਨ੍ਹਾਂ 'ਚੋਂ ਹੀ ਇਕ ਵਿਦਿਆਰਥਣ ਹੈ ਜੋ ਕਿ ਉਨ੍ਹਾਂ ਦੇ ਨਾਲ ਹੀ ਘਰ ਨੂੰ ਜਾ ਰਹੀ ਹੈ ਕਿ ਇਕ ਉਚੀ ਸਾਰੇ ਵਜੇ ਕਾਰ ਦੇ ਹਾਰਨ ਨਾਲ ਚੌਂਕ ਜਾਂਦੀ ਹੈ ਉਹ ਝੱਟਪੱਟ ਕਾਰ ਪਛਾਣ ਲੈਂਦੀ ਹੈ ਜੋ ਕਿ ਉਸਦੇ ਪ੍ਰੇਮੀ ਦੀ ਸੀ ਇਸ ਤਰ੍ਹਾਂ ਸਾਰੀ ਬੀਤੀ ਘਟਨਾ ਉਸਦੇ ਜ਼ਿਹਨ ਵਿਚ ਰੀਲ੍ਹ ਵਾਂਗ ਚਲ ਜਾਂਦੀ ਹੈ। ਇਸ ਤਰ੍ਹਾਂ ਕਹਾਣੀ ਦਾ ਅੰਤ ਆਰੰਭ ਵਾਲੀ ਘਟਨਾ ਨਾਲ ਹੀ ਹੁੰਦਾ ਹੈ।

ਕੈਨੇਡਾ ਦੀ ਪੰਜਾਬੀ ਕਹਾਣੀ ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਅਜੇ ਵਿਕਾਸ ਦੇ ਪਹਿਲੇ ਪੜਾ 'ਤੇ ਹੈ ਤੇ ਬਹੁਤੀਆਂ ਕਹਾਣੀਆਂ ਦਾ ਪਲਾਟ, narration ਯਾਨੀ ਵਿੱਵਰਣ ਤੋਂ ਬਾਦ ਵਿਵਰਣ ਤੱਕ ਹੀ ਸੀਮਤ ਰਹਿ ਜਾਂਦਾ ਹੈ ਮਿਸਾਲ ਦੇ ਤੌਰ ਤੇ ਜਰਨੈਲ ਚੰਦੀ ਦੀ ਕਹਾਣੀ "ਪੰਜ ਹਜ਼ਾਰੀ ਸੂਟ" ਦਾ ਪਲਾਟ ਵੇਖੀਏ ਤਾਂ ਇਸ ਵਿਚ ਇਕ ਕਾਇਦੇ ਨਾਲ ਘਟਨਾਵਾਂ ਚਲਦੀਆਂ ਹਨ ਪਰ ਨਾ ਤਾਂ ਘਟਨਾ ਸਿਖਰ ਤੇ ਪਹੁੰਚਦੀ ਹੈ ਨਾ ਹੀ Anti climax ਤੇ — ਉਂਜ ਵਿਆਖਿਆ ਤੇ ਵਿਸਥਾਰ ਦਿਲਚਸਪ ਹੈ, ਕਹਾਣੀ ਫਲੈਟ ਚਲਦੀ ਹੈ।

ਇਸੇ ਤਰ੍ਹਾਂ ਉਪਰੋਕਤ ਕਈ ਕਹਾਣੀਆਂ ਦੇ ਪਲਾਟ ਘਟਨਾਵਾਂ ਦੇ ਵਿਵਰਣ ਤੱਕ ਹੀ ਸੀਮਤ ਰਹਿੰਦੇ ਹਨ — ਕਹਾਣੀ ਦੀ ਘਟਨਾ ਦਾ ਸਿਖਰ ਜਾਂ Suspence ਮੌਕਾ ਮੇਲ ਜਾਂ ਅਜਿਹੀਆਂ ਹੀ ਹੋਰ ਦਿਲਚਸਪੀ ਪੈਦਾ ਕਰਨ ਵਾਲੇ ਮੋੜ ਘੱਟ ਹੀ ਵਾਪਰਦੇ ਹਨ ਹਾਂ ਅਮਰਜੀਤ ਸੂਫੀ ਦੀ ਕਹਾਣੀ "ਸਮੇਂ ਦੇ ਬੇਲਣੇ ਵਿਚ" ਲੇਖਕ ਬਹੁਤ ਸਾਰੀ ਉਤਸੁਕਤਾ ਪੈਦਾ ਕਰਨ ਵਿਚ ਸਫਲ ਹੋਇਆ ਹੈ ਕਿ ਪਾਠਕ ਦਾ ਧਿਆਨ ਉਸ ਪੁਲਿਸ chase ਦੇ ਵਿਚ ਲਗ ਜਾਂਦਾ ਹੈ ਤੇ ਉਤਸੁਕਤਾ ਬਣੀ ਰਹਿੰਦੀ ਹੈ ਕਿ ਅਗੇ ਕੀ ਹੋਇਆ? ਅਗੇ ਕੀ ਹੋਇਆ? ਪਾਠਕ ਇਹ ਜਾਣਨਾ ਚਾਹੁੰਦਾ ਹੈ ਕਿ ਫੜਿਆ ਜਾਂਦਾ ਹੈ ਜਾਂ ਕਿ ਬਚ ਨਿਕਲਦਾ ਹੈ। ਇਸ ਤਰ੍ਹਾਂ ਅੰਤ ਵਿਚ ਹੱਫ ਕੇ ਹੰਭ ਕੇ ਬੁਢੇ ਦਰਖਤ ਦੇ ਵੱਡੇ ਤਨੇ ਵਿਚ ਲੁਕ ਜਾਣਾ ਤੇ ਪੁਲੀਸ ਦੇ ਹੱਥ ਨਾ ਆਉਣਾ ਪਰਵਾਸੀ ਲੋਕਾਂ ਨੂੰ ਇਕ ਤਰ੍ਹਾਂ ਦੀ ਰਾਹਤ ਦੇਂਦਾ ਹੈ।

ਰਵਿੰਦਰ ਰਵੀ ਦੀਆਂ ਬਹੁਤ ਸਾਰੀਆਂ ਕਹਾਣੀਆਂ first person narrations ਹਨ। ਲੇਖਕ ਹਰ ਕਹਾਣੀ ਵਿਚ ਹਾਜ਼ਰ ਹੁੰਦਾ ਹੈ ਜਿਵੇਂ "ਆਪਣੇ ਆਪਣੇ ਓਹਲੇ" ਵਿਚ ਲੇਖਕ ਸ਼ੁਰੂ ਕਰਦਾ ਹੈ "ਇਹ ਮੇਰਾ ਪਹਿਲਾ ਸਿਆਲ ਸੀ ਕੈਨੇਡਾ ਵਿਚ ...." ਸੋ ਲੇਖਕ ਸ਼ੁਰੂ ਤੋਂ ਹੀ ਕਹਾਣੀ ਵਿਚ ਹਾਜ਼ਰ ਹੁੰਦਾ ਹੈ। ਇਸ ਤਰ੍ਹਾਂ ਉਸਦੀ ਕਹਾਣੀ ਸਫਰਨਾਮੇ ਜਾਂ ਆਤਮ ਕਥਾ ਦਾ ਹਿਸਾ ਹੋ ਨਿਬੜਦੀ ਹੈ।

ਅਮਰਜੀਤ ਚਾਹਲ ਦੀ ਕਹਾਣੀ "ਮੁਖੜਾ ਚੰਨ ਵਰਗਾ" ਦਾ ਪਲਾਟ ਭਰਪੂਰ ਗੋਂਦ ਵਾਂਹੇ ਨਿੱਕੀਆਂ ਨਿੱਕੀਆਂ ਛੋਹਾਂ ਨਾਲ ਇਕ ਬੜੇ ਵੱਡੇ ਵਿਸਥਾਰ ਨੂੰ ਸਾਂਭਿਆ ਗਿਆ ਹੈ ਤੇ ਕਿਤੋਂ ਵੀ ਢਿੱਲਾ ਨਹੀਂ ਪੈਂਦਾ। ਸਾਰੀ ਕਹਾਣੀ ਦੀ curosity, ਮੌਕਾ ਮੇਲ, climax ਛੋਟੀ ਜਿਹੀ ਘਟਨਾ ਵਿਚ ਸਮੇਟਿਆ ਪਿਆ ਹੈ —

"ਬਾਹਰਲੇ ਦਰ ਦਾ ਕੁੰਡਾ ਖੜਕਿਆ ....."

"ਇਹ ਕੌਣ ਹੋਇਆ ਇਸ ਵੇਲੇ ......"

"ਜਾਗ ਲੈਣ ਇਸ ਵੇਲੇ .......।" ਤੇ ਫੇਰ ਇਥੇ ਜਸਜੀਤ ਆਪਣੀ ਬੇਜੀ ਦੇ ਸੁਭਾ ਬਾਰੇ ਸਾਰਾ ਕੁਝ ਦਸ ਦੇਂਦਾ ਹੈ ਪਰ ......

"ਦਰਵਾਜ਼ਾ ਖੁਲ੍ਹਿਆ — ਬੰਦ ਹੋ ਗਿਆ। ਇਕ ਪੈੜ-ਚਾਲ ਡੇਢੀ ਵਾਲੇ ਪਾਸਿਓਂ ਜਿਵੇਂ ਵਸੋਂ ਵਾਲੇ ਪਾਸੇ ਨੂੰ ਜਾਂਦੀ ਸੁਣਾਈ ਦੇ ਗਈ। ਰਸੋਈ ਵਿਚ ਦੋ ਕੁ ਭਾਂਡੇ ਖੜਕੇ — ਨਲਕਾ ਗਿੜਿਆ ਅਤੇ ਫਿਰ ਦਲਾਨ ਦਾ ਬੂਹਾ ਬੰਦ ਹੋ ਗਿਆ। ਇਕ ਡਰੀ ਜਿਹੀ ਚੁੱਪ ਘਰ ਦੇ ਵਿਹੜੇ ਵਿਚ ਪਸਰ ਗਈ।"

ਫਿਰ ਜਸਜੀਤ ਨੂੰ ਚੜ੍ਹਦਾ ਰੋਹ ਤੇ ਉਸਦੀ ਬੀਵੀ ਵਿਚਕਾਰ ਹੋਈ ਤਕਰਾਰ ਰਾਹੀਂ ਕਹਾਣੀ ਤੇ ਉਸਦੀ ਮੁਖ ਪਾਤਰ ਬੇਜੀ ਦੀ ਜ਼ਿੰਦਗੀ ਸਾਹਮਣੇ ਆਉਂਦੀ ਹੈ ਤੇ ਅੰਤ ਵਿਚ ਉਹ ਜਸਜੀਤ ਨੂੰ ਕਹਿੰਦੀ ਹੈ —

"ਜ..ਸ! ਕਾਕਾ ਸ਼ਹਿਰ ਚਲਿਆਂ ਤਾਂ ਸੁਰਿੰਦਰ ਕੌਰ ਨੂੰ ਵੀ ਨਾਲ ਈ ਲੈ ਜਾ.... ਇਹਦਾ ਵੀ 'ਪਾਸ ਕੋਟ' ਬਣਨਾ ਦੇ ਦੇਵੀ .... ਜ਼ਮੀਨਾਂ ਤਾਂ ਖਸਮਾਂ ਨੂੰ ਖਾਣੀਆਂ ਇਥੇ ਹੀ ਰਹਿਣੀਆਂ .... ਜਦ ਵਾਹੁਣੀਆਂ ਹੋਣਗੀਆਂ ਉਦੋਂ ਖ਼੍ਰੀਦ ਲਇਓ .... ਆਪਣੇ ਬਾਪੂ ਵੱਲ ਈ ਵੇਖ — ਸਾਰੀ ਉਮਰ ਬਾਹਰ ਕੱਢ ਲਈ।"

"ਉਹ ਜਦ ਵੀ ਪ੍ਰਤਿਆ ਸੀ, ਉਸ ਜ਼ਮੀਨ ਖਰੀਦੀ ਸੀ ਜਿਸ ਨੂੰ ਹੁਣ ਬਿਗਾਨੇ ਵਾਹ ਰਹੇ ਸਨ" — ਤੇ ਅੰਤ ਵਿਚ ਕਹਾਣੀ ਇਕ ਕਲਾਤਮਕ ਬਿੰਬ ਛਡਦੀ ਖਤਮ ਹੁੰਦੀ ਹੈ ਜਿਵੇਂ ਕਿਸੇ ਨੇ ਦੋ ਪੀੜ੍ਹੀਆਂ ਨੂੰ ਇਕ ਤਸਵੀਰ ਵਿਚ ਚਿਤਰ ਦਿੱਤਾ ਹੋਵੇ...

"ਰਸੋਈ ਦੇ ਦਰਾਂ 'ਚ ਖੜੀ, ਉਸ ਵੱਲ ਤੱਕਦੀ ਸੁਰਿੰਦਰ ਨੇ ਦੋਹਾਂ ਹੱਥਾਂ ਨਾਲ ਚੁਗਾਠ ਨੂੰ ਘੁੱਟ ਕੇ ਫੜਿਆ ਹੋਇਆ ਸੀ।"

ਕਹਾਣੀ symbolically ਸਾਰਾ ਕੁਝ ਦਰਸਾ ਕੇ ਖਤਮ ਹੋ ਜਾਂਦੀ ਹੈ। ਹੁਣ ਤੱਕ ਜਿੰਨੀਆਂ ਕਹਾਣੀਆਂ ਦਾ ਉਪਰ ਜ਼ਿਕਰ ਕੀਤਾ ਜਾ ਚੁਕਾ ਹੈ "ਮੁਖੜਾ ਚੰਨ ਵਰਗਾ", ਕਹਾਣੀ ਦਾ ਪਲਾਟ ਸਭ ਤੋਂ ਵੱਧ ਪ੍ਰਭਾਵਸ਼ਾਲੀ ਤੇ ਚੁਸਤ ਹੈ ਇਸ ਵਿਚ ਲੇਖਕ ਦੀ ਸ਼ੈਲੀ ਅਤੇ craftsmanship ਆਪਣੇ ਨਿਖਾਰ ਤੇ ਰਹੇ ਹਨ।

"ਦੁੱਖਵਾਂ ਕਾਸੇ ਕਹੂੰ" ਵਿਚ ਕਹਾਣੀ Juxta pose ਹੋ ਜਾਂਦੀ ਹੈ। ਤਾਰੀ ਰਾਜੀ ਕੋਲ ਆਪਣਾ ਦੁੱਖ ਸੁਖ ਫੋਲਦੀ ਹੈ ਇਹ ਸਮਝਕੇ ਕਿ ਰਾਜੀ ਦਾ ਪਤੀ ਚੰਗਾ ਹੈ ਤੇ ਉਹ ਇਕ ਸੁਖੀ ਪਰਵਾਰ 'ਚ ਰਹਿੰਦੀ ਹੈ ਪਰ ਇਕ ਕਿਸੇ ਬਜ਼ੁਰਗ ਮਾਤਾ ਵਲੋਂ ਫੋਨ ਆਉਣ ਤੇ ਰਾਜੀ ਦੀ ਹਾਲਤ ਤਾਰੀ ਨਾਲੋਂ ਕਿਸੇ ਤਰ੍ਹਾਂ ਵੀ ਚੰਗੀ ਨਹੀਂ ਸਿੱਧ ਹੁੰਦੀ, ਇਸਦੇ ਨਾਲ ਹੀ ਉਹ ਬਜ਼ੁਰਗ ਮਾਤਾ ਕਿਸ "ਗੁਰਜੀਤ" ਦੇ ਨਾਲ ਗੱਲਾਂ ਕਰ ਰਹੀ ਹੈ ਉਸਦਾ ਹਾਲ ਵੀ ਤਾਰੀ ਤੇ ਰਾਜੀ ਤੋਂ ਵੱਖਰਾ ਨਹੀਂ — ਪਰ ਕਹਾਣੀ ਦਾ ਸਿਖਰ ਰਾਜੀ ਦੇ ਦੁੱਖ ਦਾ ਕਹਿ ਸੁਨਣ ਦੀ ਅਵਸਥਾ ਹੈ।

ਹਰਭਜਨ ਹਾਂਸ ਦੀ ਕਹਾਣੀ "ਕਿਸ ਸਿੱਖ ਦੀ ਗੱਲ ਕਰਾਂ?" ਦੀ ਗੋਂਦ ਬੜੀ ਦਿਲਚਸਪ ਅਤੇ ਪੰਜਾਬ ਦੇ ਦੁਖਾਂਤ, ਅਤਿਵਾਦੀਆਂ ਵਲੋਂ ਮਸੂਮ ਲੋਕਾਂ ਦੇ ਸੋਸ਼ਣ ਤੇ ਇਥੇ ਫਾਰਮਰਾਂ ਵਲੋਂ ਮਿਹਨਕਸ਼ ਖੇਤ ਮਜ਼ਦੂਰਾਂ ਦੇ ਸੋਸ਼ਣ ਨਾਲ ਤੁਲਨਾ ਦੇਣਾ ਇਕ ਨਵੀਨਤਾ ਹੈ। ਵੱਡੇ ਤੋਂ ਵੱਡੇ ਬੜ੍ਹਕਾਂ ਮਾਰਨ ਵਾਲੇ ਗੁਰਦਾਸ ਵਰਗੇ ਭਾਰੀਆਂ ਸਟੈਂਪਾਂ ਦੇ ਲਾਲਚ ਵਿਚ ਜਾਂ ਵਾਕਫਾਂ ਦੇ ਮੂੰਹ ਮੱਥੇ ਨੂੰ ਮਨ ਮਾਰ ਕੇ ਸਾਰਾ ਜ਼ੁਲਮ ਸਹਿੰਦੇ ਹਨ। ਇਸ ਤਰ੍ਹਾਂ ਇਹ ਕਹਾਣੀ ਦੇ ਪਲਾਟ ਦੀ ਗੋਂਦ ਕਾਫੀ ਚੁਸਤ ਅਤੇ ਸਮੱਸਿਆ ਨਿਖਰ ਕੇ ਸਾਹਮਣੇ ਆਉਂਦੀ ਹੈ।

### ਪਾਤਰ ਉਸਾਰੀ :

ਜਿਨ੍ਹਾਂ ਕਹਾਣੀਆਂ ਦਾ ਜ਼ਿਕਰ ਇਸ ਪੇਪਰ ਵਿਚ ਪਹਿਲਾਂ ਕੀਤਾ ਗਿਆ ਹੈ ਉਨ੍ਹਾਂ 'ਚੋਂ ਕੁਝ ਕੁ ਕਹਾਣੀਆਂ ਦੇ ਪਾਤਰਾਂ ਦੀ ਗੱਲ ਇਸ ਹਿੱਸੇ ਵਿਚ ਕਰਾਂਗੀ। ਉਂਜ ਲੇਖਕ ਦੀ ਕਲਪਨਾ ਨਾਲ ਉਸਾਰੇ ਪਾਤਰ ਜਦੋਂ ਪਾਠਕਾਂ ਨੂੰ ਬਿਲਕੁਲ ਯਥਾਰਥਕ ਲਗਣ ਲਗ ਪੈਂਦੇ ਹਨ ਉਹ ਸਫਲ ਪਾਤਰ ਉਸਾਰੀ ਹੁੰਦੀ ਹੈ। ਧਿਆਨਯੋਗ ਕਹਾਣੀਆਂ — ਅਮਰਜੀਤ ਚਾਹਲ ਦੀ ਕਹਾਣੀ "ਸੱਤੋ" ਦੀ ਸੱਤੋ; ਸਾਧੂ ਦੀ ਕਹਾਣੀ "ਅਮਾਨਤ" ਦੀ ਸੀਤੋ ; ਪਰਮਜੀਤ ਗਿੱਲ ਦੀਆਂ ਕਹਾਣੀਆਂ ਦੇ ਪਾਤਰ "ਸ਼ਸ਼ੀ" ਅਤੇ "ਖੁਸ਼ੀ" ਦੀ ; ਸੁਰਜੀਤ ਕਲਸੀ ਦੀ ਕਹਾਣੀ "ਮੁਲਤਵੀ ਕੀਤਾ ਜਿਉਣਾ" ਦੀ ਪੂਰੋ ; ਅਮਰਜੀਤ ਚਾਹਲ ਦੀ ਕਹਾਣੀ "ਆਖਰੀ ਦਿਲ" ਦੀ ਨਸੀਬ ਕੌਰ, ਸਰਦੂਲ ਸਿੰਘ ਤੇ ਉਸਦਾ ਪੁਤਰ ; ਤੇ "ਮੁਖੜਾ ਚੰਨ ਵਰਗਾ" ਦਾ ਜਸਜੀਤ ਬਹੁਤ ਹੀ ਯਥਾਰਥਕ ਪਾਤਰ ਹਨ। ਇਹ ਰੋਜ਼ਾਨਾ ਜ਼ਿੰਦਗੀ ਦੇ ਵਿਚਰਦੇ ਆਮ ਵਰਗੇ ਪਾਤਰ ਹਨ ਜਿਵੇਂ "ਸਮੇਂ ਦੇ ਬੇਲਣੇ" ਦਾ ਵਿਜ਼ਟਰ ਕਿਸ ਤਰ੍ਹਾਂ ਵਿਜ਼ਟਰ ਦਾ ਡਰ ਪ੍ਰਗਟ ਕਰਦਾ ਹੈ। ਕਹਾਣੀ ਦੇ ਸੀਮਿਤ ਘੇਰੇ ਵਿਚ ਪਾਤਰ ਉਸਾਰੀ ਲਈ ਕੋਈ ਬਹੁਤੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਕਿਸੇ ਖਾਸ ਸਥਿਤੀ ਵਿਚ ਕੋਈ ਖਾਸ ਪਾਤਰ ਕਿਸ ਤਰ੍ਹਾਂ

## ਚਲੋ-ਚਾਲ

ਪ੍ਰੋ; ਦਰਸ਼ਨ ਨੱਤ

□

ਵੱਡੇ ਵੇਲੇ ਥੱਕੇ ਟੁੱਟੇ,
ਬਿਖਰੇ ਤੇ ਅਲਸਾਏ ਅੰਗੀਂ ਉੱਠ ਖੜ੍ਹਦੇ ਹਾਂ
ਚਾਹ ਦੇ ਕੱਪ ਤੇ
ਦਿਨ ਭਰ ਦੇ, ਦੈਂਤਾਂ ਵਰਗੇ ਕੰਮਾਂ ਦਾ ਸਰਵੇ ਕਰਦੇ
ਤੇ ਡਰ ਜਾਂਦੇ ਹਾਂ
ਰੋਜ਼ਗਾਰ ਦੇ ਪਿਛੇ ਪਿਛੇ
ਕਾਂ-ਰੌਲੀ ਪਾਉਂਦੀ ਕਾਂਵਾਂ ਦੀ ਡਾਰ ਵਾਕੁਰਾਂ
ਭੀੜਾਂ ਦਾ ਅੰਗ ਬਣ ਜਾਂਦੇ ਹਾਂ।
ਦਿਨ-ਭਰ ਝੂਠ ਤੂਫਾਨ ਬੋਲ ਕੇ, ਘੱਟ ਤੋਲ ਕੇ—
ਪਾਪੀ ਪੇਟ ਭਰਨ ਦਾ ਹੀਲਾ ਕਰ ਲੈਂਦੇ ਹਾਂ।
ਸ਼ਾਮੀਂ ਭੇਡ-ਚਾਲ ਚਲਦੇ
ਭੇਡਾਂ ਦੇ ਇੱਜੜ ਵਾਕੁਰ
ਘਰ ਨੂੰ ਮੁੜ ਆਉਂਦੇ ਹਾਂ।
ਥੰੜ੍ਹਾਂ ਤੇ ਪਰਦਾ ਪਾਉਂਦੀ
ਤੇ ਮੁਸ਼ਕਲ ਨਾਲ ਓੜ੍ਹ ਕੇ ਰੱਖੀ
ਪਤਨੀ ਦੀ ਮੁਸਕਾਨ ਵੇਖਕੇ
ਪਰਚ ਜਾਈਦੇ।
ਘੜਿਆਂ ਦੇ ਠਹਿਕਣ ਵਾਕੁਰ ਕੁਝ
ਬੋਲ-ਵਰਾਲਾ ਹੋ ਜਾਂਦਾ ਹੈ।
ਟੀ. ਵੀ ਦੀ ਝੂਠੀ ਦੁਨੀਆਂ ਦੇ
ਖੁਸ਼ ਖੁਸ਼ ਚਿਹਰੇ ਦੇਖ ਦੇਖ ਕੇ
ਬੜੇ ਫ਼ਲਸਫ਼ਾਨਾ ਅੰਦਾਜ਼ 'ਚ ਸੋਚ ਲਈਦੇ—
"ਦੁਨੀਆਂ ਕਿਥੋਂ ਚੱਲ ਕੇ ਕਿੱਥੇ ਪੁਜ ਚੁੱਕੀ ਹੈ!"
ਨਿੱਜ ਦੇ ਗਮ ਨੂੰ ਯਾਦ ਕਰਨ ਲਈ
ਸੁੰਞਾ ਕੋਣਾ ਲੱਭ ਕੇ ਰੋ ਸਕਣ ਦੀ
ਵਿਹਲ ਕਿਦ੍ਹੇ ਕੋਲ ਹੈ?
ਲੋਕਾਈ ਦੇ ਗ਼ਮ ਦੀ ਗੱਲ
ਫੈਸ਼ਨ ਦਾ ਹਿੱਸਾ ਬਣ ਚੁੱਕੀ ਹੈ।
ਬੱਸ, ਨੜਿਨਵੇਂ ਦਾ ਚੱਕਰ ਹੈ,
ਗੋਲ ਮਾਲ ਹੈ
ਚਲੋ-ਚਾਲ ਹੈ, —ਚਲੋ ਚਾਲ ਹੈ!

### ਸਦੀਵੀ ਪ੍ਰੀਤ

ਕਿਤੇ ਤਾਂ ਹੈ ਉਹ
ਸਾਂਵਲਾ ਚੇਹਰਾ
ਜਿਸ ਲਈ
ਮਨ ਲੋਚਦਾ ਮੇਰਾ
ਉਸ ਦੇ ਸਾਹਾਂ ਦੀ ਮਹਿਕ ਹੈ
ਰਾਂਗਲੀ ਫ਼ਿਜ਼ਾ ਵਿਚ
ਉਸ ਦੇ ਨਕਸ਼ ਝਲਕਦੇ ਹਨ
ਨੂਰਾਨੀ ਖਿਲਾਅ ਵਿਚ
ਉਸ ਦਾ ਰੂਪ ਸਿਰਜ ਰਹੀ ਹੈ
ਸਾਰੀ ਕਾਇਨਾਤ।

o

### ਅਨੁਭਵ

ਰਿਸ਼ਮਾਂ ਨਾਲ ਭਰਪੂਰ
ਚਾਨਣ ਹੈ
ਲਹਿਰਾਂ ਉਪਰ ਥਿਰਕਦਾ
ਸੰਗੀਤ ਵੀ ਹੈ
ਅਨੁਭਵ ਦੀ ਮਹਿਕ ਹੈ
ਖਾਮੋਸ਼ੀਆਂ ਵਿਚ ਟੁਣਕਦਾ
ਕੋਈ ਗੀਤ ਵੀ ਹੈ।

### ਚਿੰਤਨ

ਪਿਆਰ ਵਿਚ ਡੁੱਬਿਆ ਹੋਇਆ
ਸ਼ਾਂਤ ਚਿੰਤਨ
ਹੈ ਮੇਰਾ ਗੌਰਵ
ਜਿਵੇਂ ਹੈ ਰਾਤ ਦਾ ਗੌਰਵ
ਸਿਤਾਰਿਆਂ ਦੀ ਲੋਅ
ਜਿਵੇਂ ਹੈ ਪ੍ਰਭਾਤ ਦਾ ਗੌਰਵ
ਹਵਾ ਵਿਚਲੀ ਖੁਸ਼ਬੋ।

# ਕੈਲੇਫੋਰਨੀਆ ਗਾਈਡ


ਫਰੇਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੋਸਰੀ, ਵੀਡੀਓ ਮੂਵੀਆਂ ਵੀ ਖ਼ੀਦੋ

**Ph. (209) 456-9491**

INDICA IMPORTS — 4925 E. King Canyon Road, FRESNO, CA.

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

## PETE ELLIS DODGE

Plymouth
Dodge Trucks
CHRYSLER

ਕਾਰਾਂ, ਵੈਨਾਂ, ਪਿਕ ਅੱਪ ਖ਼ੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

**(408) 738-0400**

Credit or no Credit

CALL:

**Jessie Grewal**

2 to 5% over Dealer Cost

**Pete Ellis Dodge**



**1095, West El Camino Real**

**SUNNYVALE, CALIFORNIA 94087**


## ਪਾਕਿਸਤਾਨੀ ਪ੍ਰਮਾਣੂ ਬੰਬ ਲਈ ਸਾਮਾਨ ਲਿਆਉਣ ਵਾਲੇ ਦੇ ਵਾਰੰਟ

ਇਸਲਾਮਾਬਾਦ — ਪਾਕਿਸਤਾਨੀ ਅਧਿਕਾਰੀਆਂ ਨੇ ਇਥੇ ਕਿਹਾ ਕਿ ਸਰਕਾਰ ਨੇ ਪਾਕਿਸਤਾਨੀ ਸ਼ਹਿਰੀ ਇਲਾਮੁਲ ਹੱਕ ਦੇ ਵਾਰੰਟ ਜਾਰੀ ਕਰ ਦਿੱਤੇ ਹਨ ਜਿਸ ਉਤੇ ਸ਼ੱਕ ਹੈ ਕਿ ਉਹ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚੋਂ ਪਾਕਿਸਤਾਨੀ ਪ੍ਰਮਾਣੂ ਬੰਬ ਲਈ ਖਾਕ ਕਿਸਮ ਦਾ ਸਾਮਾਨ ਲੈਣ ਦੀ ਕੋਸ਼ਿਸ਼ ਵਿਚ ਸੀ।

### ਰਾਜੀਵ ਗਾਂਧੀ ਵਲੋਂ ਖਦਸ਼ਾ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕੱਲ੍ਹ ਲੋਕ ਸਭਾ ਵਿਚ ਕਿਹਾ ਕਿ ਭਾਰਤ ਨੂੰ ਇਸ ਸਮੇਂ ਪਾਕਿਸਤਾਨ ਤੋਂ ਪ੍ਰਮਾਣੂ ਬੰਬ ਤੋਂ ਖਦਸ਼ਾ ਵਧ ਗਿਆ ਹੈ। ਉਸਨੇ ਕਿਹਾ ਕਿ ਅਮਰੀਕਾ ਪਾਕਿਸਤਾਨ ਨੂੰ ਫੌਜੀ ਅੱਡੇ ਵਜੋਂ ਵਰਤ ਰਿਹਾ ਹੈ ਜਿਸ ਲਈ ਭਾਰਤ ਨੂੰ ਚਿੰਤਾ ਹੈ।

## ਮਾਰਕੋਸ ਦੇ ਸਾਥੀ ਵਜ਼ੀਰ ਉਤੇ ਮੁਕੱਦਮਾ

ਮਨੀਲਾ — ਫਿਲਪੀਨ ਸਰਕਾਰ ਨੇ ਸਾਬਕਾ ਪ੍ਰਧਾਨ ਫਰਡੀਨੈਂਡ ਮਾਰਕੋਸ ਦੇ ਇਕ ਸਾਥੀ ਸਾਬਕਾ ਜਨਰਲ ਇਨਗੀਲੇ ਉਤੇ ਮਾਰਕੋਸ ਦਾ ਬਿਜ਼ਨਿਸ ਏਜੰਟ ਹੋਣ ਕਾਰਨ ਮੁਕੱਦਮਾ ਦਾਇਰ ਕਰ ਦਿੱਤਾ ਹੈ। ਉਸ 'ਤੇ ਦੋਸ਼ ਹੈ ਕਿ ਉਸਨੇ ਕਾਰਪੋਰੇਸ਼ਨਾਂ ਵਿਚ ਲੱਗੇ ਮਾਰਕੋਸ ਦੇ ਪੈਸੇ ਬਚਾਉਣ ਵਿਚ ਉਸਦੀ ਮੱਦਦ ਕੀਤੀ ਹੈ।

ਤਿੰਨ ਬਿਲੀਅਨ ਡਾਲਰ ਦੇ ਲਗਪਗ ਪੂੰਜੀ ਮਾਰਕੋਸ ਦੇ ਨਾਂ ਅਜੇ ਵੀ ਫਿਲਪੀਨ ਵਿਚ ਦੱਸੀ ਜਾਂਦੀ ਹੈ।


ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼ੀਦਣ ਦਾ ਬਹੁਤ ਚੰਗਾ ਪ੍ਰਬਧ ਹੈ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

**SAVE MORE**



## R & K AUTO SALES

444 Colusa Hwy. YUBA CITY — CAL. **Ph. (916) 674-8680**

## KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

**Estimates Submitted/Pick-up & Delivery**



ਸਵਰਨ ਸਿੰਘ ਕੰਗ

**Ph. (916) 673-6594 or 674-2500**

**Res: (916) 673-3387**

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

**632 N. WALTON, ROAD, YUBA CITY, CA.**

ਦਾ ਵਰਤਾਓ ਕਰਦਾ ਹੈ ਇਹ ਕਹਾਣੀ ਦੇ ਵਿਸਥਾਰ ਵਿਚ ਦਿਖਾਇਆ ਜਾਂਦਾ ਹੈ ਤੇ ਛੋਟੇ ਛੋਟੇ ਵਾਰਤਾਲਾਪ ਦਾ ਇਕ ਦੂਜੇ ਪਾਤਰ ਦੇ ਜ਼ਰੀਏ ਲੇਖਕ ਪਾਤਰਾਂ ਨੂੰ ਉਘਾੜ ਸਕਦਾ ਹੈ ਤੇ ਕਈ ਵਾਰ ਲੇਖਕ ਵੀ ਪਾਤਰ ਦੇ ਸੁਭਾ ਤੇ ਕਿਰਦਾਰ ਦੀ ਵਿਆਖਿਆ ਦੇਂਦਾ ਹੈ ਜਿਵੇਂ ਕਿ — "ਕਿਸ ਦਾ ਕਸੂਰ?" ਕਹਾਣੀ ਵਿਚ ਸਾਧੂ ਜੈਕੀ ਦਾ ਬਿਆਨ First person narration ਵਿਚ ਕਰਦਾ ਹੈ। ਇਸੇ ਤਰ੍ਹਾਂ ਅਮਰਜੀਤ ਚਾਹਲ "ਕਾਰ" ਵਿਚ ਸੱਤੋ ਦੇ ਸੁਭਾ ਦੇ ਨਾਲ ਨਾਲ ਉਸਦੇ ਪਤੀ ਦੇ ਸੁਭਾਅ ਦਾ ਵੀ ਵਰਣਨ ਕਰਦਾ ਹੈ।

ਇਹ ਪਹਿਲਾਂ ਤੋਂ ਹੀ ਉਸਰੇ ਹੋਏ ਪਾਤਰ ਹਨ ਲੇਖਕ ਸਿਰਫ ਇਨ੍ਹਾਂ ਨੂੰ ਪਾਠਕਾਂ ਦੀਆਂ ਅੱਖਾਂ ਸਾਹਮਣੇ ਪੇਸ਼ ਕਰਦਾ ਹੈ। ਇਹ ਪਾਤਰ ਪਰਵਾਸੀ ਹਨ ਅਤੇ ਨਵੀਂ ਧਰਤੀ ਦੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਦੇ ਨਜ਼ਰ ਆਉਂਦੇ ਹਨ। ਪਹਿਲੀ ਪੀੜ੍ਹੀ ਦੀਆਂ ਕਦਰਾਂ ਕੀਮਤਾਂ, ਦੁਖ, ਗ਼ਮ, ਨਫਰਤ, ਆਦਿ ਉਵੇਂ ਹੀ ਰਹਿੰਦੀ ਹੈ ਨਵੀਂ ਪੀੜ੍ਹੀ ਦੇ ਬੱਚੇ ਦੋਹਾਂ ਸਭਿਆਚਾਰਾਂ 'ਚ ਭਟਕਦੇ ਨਜ਼ਰ ਆਉਂਦੇ ਹਨ। ਅਮਰਜੀਤ ਦੀ ਕਹਾਣੀ "ਅਹਿਸਾਸ" ਦਾ ਪੀਟਰ, ਸੁਖਵੰਤ ਹੁੰਦਲ ਦੀ ਕਹਾਣੀ "ਪ੍ਰਦੇਸੀ" ਦੀ ਸ਼ੈਰੀ, ਕੁਝ ਇਸ ਤਰ੍ਹਾਂ ਦੇ ਹੀ ਪਾਤਰ ਹਨ।

## ਸ਼ੈਲੀ, ਭਾਸ਼ਾ, ਬਿੰਬ ਆਦਿ : (Style diction language imagery etc)

ਸ਼ੈਲੀ ਵਿਚ ਦੋ ਤੱਤ ਆ ਜਾਂਦੇ ਹਨ — ਜਿਹੜਾ ਵਿਚਾਰ ਪੇਸ਼ ਕੀਤਾ ਜਾਣਾ ਹੈ ਅਤੇ ਲੇਖਕ ਦਾ ਆਪਣਾ ਵਿਅਕਤੀਤੱਵ। ਇਨ੍ਹਾਂ ਦੋ ਗੱਲਾਂ ਨੂੰ ਧਿਆਨ ਵਿਚ ਰਖਦਿਆਂ ਜਿਨ੍ਹਾਂ ਉਪਰੋਕਤ ਕਹਾਣੀਆਂ ਦਾ ਜ਼ਿਕਰ ਮੈਂ ਕੀਤਾ ਹੈ ਉਨ੍ਹਾਂ ਦੇ ਲੇਖਕਾਂ ਦੀ ਸ਼ੈਲੀ, ਦੇਸ ਤੇ ਵਾਤਾਵਰਣ ਬਦਲਣ ਨਾਲ ਬਦਲ ਨਹੀਂ ਜਾਂਦੀ, ਸਗੋਂ ਉਹ ਆਪਣੀ ਮਾਤ ਭਾਸ਼ਾ ਤੇ ਪਿਛਲੇ ਵਾਤਾਵਰਣ ਦੇ ਤਜ਼ਰਬੇ ਇਥੋਂ ਤੱਕ ਕਿ ਕਈ ਲੇਖਕ ਆਪਣੇ ਪਿੰਡ/ਸ਼ਹਿਰ ਦੀ ਬੋਲੀ (dialect) ਵਿਚ ਕਹਾਣੀ ਪੇਸ਼ ਕਰਦੇ ਹਨ। ਜਿਵੇਂ ਇਹ ਕਹਿਣਾ ਠੀਕ ਹੈ ਕਿ ਕੋਈ ਦੋ ਵਿਅਕਤੀ ਕਦੇ ਇਕੋ ਜਿਹੇ ਨਹੀਂ ਹੁੰਦੇ ਉਵੇਂ ਹੀ ਦੋ ਲੇਖਕਾਂ ਦੀ ਸ਼ੈਲੀ ਕਦੀ ਵੀ ਇਕੋ ਜਿਹੀ ਨਹੀਂ ਹੁੰਦੀ।

ਕਿਸੇ ਲੇਖਕ ਦੀ ਸ਼ੈਲੀ ਦਾ ਵਿਸ਼ਲੇਸ਼ਣ ਕਰਨ ਸਮੇਂ ਲੇਖਣੀ ਦੇ ਆਮ ਗੁਣਾਂ, ਭਾਸ਼ਾ/ਬੋਲੀ/ਸ਼ਬਦਾਵਲੀ, ਬਣਤਰ, ਬਿੰਬਾਵਲੀ, ਅਤੇ ਖਿਆਲਾਂ ਦੀ ਵਿਉਂਤ ਬਾਰੇ ਗੱਲ ਕਰਨਾ ਵੀ ਉਚਿਤ ਹੋਏਗਾ। ਕਿਸੇ ਲੇਖਕ ਦੇ ਇਹ ਲੇਖਣੀ ਦੇ ਗੁਣ ਹੀ ਉਸਦੇ ਰਚਨਾ ਨੂੰ ਪਰਪਕਤਾ ਪਰਦਾਨ ਕਰਦੇ ਹਨ।

ਇਥੇ ਜਿਨ੍ਹਾਂ ਕਹਾਣੀਆਂ ਦਾ ਜ਼ਿਕਰ ਹੋਇਆ ਹੈ ਉਨ੍ਹਾਂ ਦੇ ਲੇਖਕਾਂ ਨੇ ਸਭ ਤੋਂ ਪਹਿਲਾਂ ਆਪਣੇ ਆਪਣੇ ਇਲਾਕੇ ਦੀ ਬੋਲੀ/ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜੋ ਕਿ ਸੁਭਾਵਿਕ ਹੀ ਸੀ। ਦੂਜੇ ਲਫਜ਼ਾਂ ਵਿਚ ਜੇ ਕੋਈ ਲੇਖਕ ਦੇਹਾਤੀ ਪਿਠਭੂਮੀ 'ਚੋਂ ਆਇਆ ਹੈ ਜਾਂ ਕੋਈ ਸ਼ਹਿਰੀ ਪਿਠਭੂਮੀ 'ਚੋਂ ਉਸ ਤਰ੍ਹਾਂ ਦੀ ਸ਼ਬਦਾਵਲੀ, ਭਾਸ਼ਾ ਤੇ ਬਿੰਬਾਵਲੀ ਉਸਦੀ ਲਿਖਤ ਤੋਂ ਜ਼ਾਹਿਰ ਹੁੰਦੀ ਹੈ। ਜਾਂ ਫੇਰ ਕਈ ਵਾਰ ਲੇਖਕ ਆਪਣੇ ਪਾਤਰ ਦੇ ਮਗਰ ਸ਼ਬਦਾਵਲੀ ਦੀ ਵਰਤੋਂ ਕਰ ਲੈਂਦੇ ਹਨ ਜਿਸ ਨਾਲ ਪਾਤਰ ਯਾਥਰਥਕ ਹੋ ਉਘੜਦਾ ਹੈ।

ਸ਼ਹਿਰੀ ਤੇ ਪੇਂਡੂ ਸ਼ਬਦਾਵਲੀ ਜਾਂ ਪਾਤਰਾਂ ਦਾ ਫਰਕ ਤੁਸੀਂ ਰਵਿੰਦਰ ਰਵੀ ਤੇ ਪਰਮਜੀਤ ਗਿੱਲ ਦੇ ਸ਼ਹਿਰੀ ਪਾਤਰਾਂ ਅਤੇ ਅਮਰਜੀਤ ਚਾਹਲ ਤੇ ਹੋਰ ਕਈ ਲੇਖਕਾਂ ਦੇ ਪੇਂਡੂ ਪਾਤਰਾਂ ਤੇ ਉਨ੍ਹਾਂ ਦੀ ਸ਼ਬਦਾਵਲੀ ਤੋਂ ਜ਼ਾਹਿਰ ਹੁੰਦਾ ਹੈ।

ਅਮਰਜੀਤ ਚਾਹਲ, ਸਾਧੂ, ਅਵਤਾਰ ਗਿੱਲ ਤੇ ਕੁਝ ਹੋਰ ਲੇਖਕਾਂ ਦੇ ਪਾਤਰ ਸ਼ੁਧ ਪੇਂਡੂ ਬੋਲੀ ਬੋਲਦੇ ਹਨ। ਪਰ ਅਵਤਾਰ ਗਿੱਲ, ਸਾਧੂ ਤੇ ਹਾਂਸ ਦੀਆਂ ਕਹਾਣੀਆਂ ਦੀ ਸ਼ਬਦਾਵਲੀ ਵਿਚ ਦੁਆਬੇ ਦੇ 'ਬ' ਤੇ 'ਵ' ਦਾ ਭੁਲੇਖਾ ਵੀ ਲੁਕ ਨਹੀਂ ਸਕਿਆ। ਜਦੋਂ ਕੋਈ ਪਾਤਰ 'ਵ' ਦੀ ਥਾਂ 'ਬ' ਤੇ 'ਬ' ਦੀ 'ਵ' ਬੋਲਦਾ ਹੈ ਤਾਂ ਉਸਨੂੰ ਮੁਆਫ ਕੀਤਾ ਜਾ ਸਕਦਾ ਹੈ ਪਰ ਜਿਹੜੇ ਲੇਖਕ ਪਿਛਲੇ ਦਸ ਬਾਰਾਂ ਸਾਲ ਤੋਂ ਲਿਖ ਰਹੇ ਹਨ, ਉਨ੍ਹਾਂ ਵਲੋਂ 'ਵਾਰੇ' ਤੇ 'ਬਾਰੇ' ਦੀ ਵਰਤੋਂ ਬਾਰੇ ਅਜੇ ਵੀ ਵਾਰੇ ਵਾਰੇ ਜਾਣ ਨੂੰ ਜੀ ਕਰਦੈ। ਇਸੇ ਤਰ੍ਹਾਂ ਇਥੇ ਆ ਕੇ ਅੰਗਰੇਜ਼ੀ ਭਾਸ਼ਾਂ ਦੇ ਪ੍ਰਭਾਵ ਹੇਠ ਇਥੇ ਵਿਚਰ ਰਹੇ ਪਾਤਰਾਂ ਦੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦਾਵਲੀ ਰਲ ਗਈ ਹੈ ਜਿਵੇਂ ਡਾਲੇ, ਲੰਚ ਟਾਇਮ, ਕਾਫੀ ਟਾਇਮ, ਬੈਸਟ ਵਿਸ਼ਿਜ, ਵਿਜ਼ਿਟਰਜ਼, ਵਾਸ਼ ਰੂਮ, ਡਿਜ਼ਾਇਨ, ਆਦਿ ਇਸੇ ਤਰ੍ਹਾਂ ਜਦੋਂ ਅਸੀਂ ਬਿੰਬਾਵਲੀ ਦੀ ਗੱਲ ਕਰਦੇ ਹਾਂ ਕਈ ਲੇਖਕਾਂ ਨੇ ਕੈਨੇਡਾ ਦੀਆਂ ਕਈ ਸਥਿਤੀਆਂ ਨੂੰ ਬਿਆਨ ਕਰਨ ਲਈ ਪੰਜਾਬ ਦੀ ਧਰਤੀ ਦੇ ਬਿੰਬਾਂ ਦੀ ਵਰਤੋਂ ਕੀਤੀ ਹੈ ਜਿਵੇਂ ਅਮਰਜੀਤ ਸੂਫੀ ਦੀ ਕਹਾਣੀ "ਸਮੇਂ ਦੇ ਬੇਲਣੇ ਵਿਚ" ਕਿਲੋ ਸ਼ਬਦ ਕਿਲੋਮੀਟਰ ਵਾਸਤੇ ਵਰਤਿਆ ਗਿਆ ਹੈ ਅਤੇ ਕੈਨੇਡੀਅਨ ਬਿੰਬਾਵਲੀ ਵਿਚ ਪੰਜਾਬ ਦੀ ਬਿੰਬਾਵਲੀ ਫਿੱਟ ਕੀਤੀ ਗਈ ਹੈ ਜਿਵੇਂ ਕਿ — "ਕੁਝ ਹੀ ਮਿੰਟਾਂ ਵਿਚ ਪੁਲਿਸ ਦੀਆਂ ਕਈ ਗੱਡੀਆਂ ਲਾਲ ਨੀਲੀਆਂ ਲਾਈਟਾਂ ਮਾਰਦੀਆਂ ਇਦਾਂ ਚੰਘਾੜਦੀਆਂ ਆ ਰਹੀਆਂ ਸਨ —" ਇਨ੍ਹਾਂ ਦੀ ਤੁਲਨਾ ਅਤੇ ਪੁਲਿਸ ਵਲੋਂ ਇਕ ਭਗੌੜੇ ਵਿਜ਼ਿਟਰ ਦੀ ਤਲਾਸ਼ ਨੂੰ ਪੰਜਾਬ ਵਿਚ ਹਰੀ ਸਿੰਘ ਨਲੂਏ ਦੀਆਂ ਫੌਜਾਂ ਵਲੋਂ ਜਮਰੌਦ ਦੇ ਕਿਲੇ ਨੂੰ ਘੇਰਾ ਪਾਉਣ ਨਾਲ ਤੁਲਨਾ ਦਿੱਤੀ ਹੈ।

ਇਸੇ ਤਰ੍ਹਾਂ ਅਮਰਜੀਤ ਸੂਫੀ ਨੇ ਉਤਰੀ ਬੀ. ਸੀ. ਦੇ ਜੰਗਲਾਂ ਨੂੰ ਪੰਜਾਬ ਦੇ ਮਾਛੀਵਾੜੇ ਦੇ ਜੰਗਲਾਂ ਨਾਲ ਤੁਲਨਾ ਦਿਤੀ ਹੈ। ਇਸ ਤੋਂ ਇਲਾਵਾ ਪੰਜਾਬ ਦੀ ਇਕ ਆਮ ਕਹਾਵਤ ਹੈ ਕਿ ਜੇ ਭਿਆਨਕ ਤੇ ਡਰੌਣੇ ਸਮੇਂ ਸ਼ਬਦ ਪੜ੍ਹੇ ਜਾਣ ਜਾਂ ਪਾਠ ਕੀਤਾ ਜਾਏ ਤਾਂ ਭੈੜੀ ਕਿਸਮਤ ਜਾਂ ਹਾਦਸੇ ਤੋਂ ਬੰਦਾ ਬਚ ਜਾਂਦਾ ਹੈ ਇਸ ਵਿਚ ਵੀ ਲੇਖਕ ਦਾ ਵਿਜ਼ਿਟਰ ਪਾਤਰ ਇਹ ਤਰੀਕਾ ਇਸਤੇਮਾਲ ਕਰਦਾ ਹੈ।

"ਆਖਰੀ ਦਿਨ" ਵਿਚ ਸਰਦੂਲ ਸਿੰਘ ਤੇ ਉਸਦੀ ਬਜ਼ੁਰਗ ਪਤਨੀ ਨੂੰ ਖੇਤਾਂ ਵਿਚ ਹਰਿਆਲੀ ਅਤੇ ਸਵੇਰੇ ਸਵੇਰੇ ਚਿੜ੍ਹੀਆਂ ਦੀ ਚਹਿਚਹਾਟ ਪੰਜਾਬ ਦੇ ਸਵੇਰੇ ਦੇ ਵਾਤਾਵਰਣ ਦਾ ਆਭਾਸ ਦੇਂਦੀ ਹੈ।

## ਦੇਣ :

ਕੈਨੇਡੀਅਨ ਪੰਜਾਬੀ ਕਹਾਣੀ ਦਾ ਵਿਕਾਸ ਅਜੇ ਏਨਾ ਨਹੀਂ ਹੋਇਆ ਕਿ ਇਸ ਨੂੰ ਪੰਜਾਬੀ ਦੇ ਸਮੁਚੇ ਸਾਹਿਤ ਦੇ ਇਕ ਮਹੱਤਵਪੂਰਣ ਹਿੱਸੇ ਵਜੋਂ ਮਾਣਤਾ ਮਿਲ ਸਕੇ। ਚਾਰ ਪੰਜ ਕਹਾਣੀਕਾਰਾਂ ਨੇ ਆਪਣੀਆਂ ਕਹਾਣੀ ਦੀਆਂ ਪੁਸਤਕਾਂ ਛਾਪੀਆਂ ਹਨ

ਇਹ ਹਨ :

ਰਵਿੰਦਰ ਰਵੀ ਦੀ ਪੁਸਤਕ ਜੁਰਮ ਦੇ ਪਾਤਰ

ਹਰਭਜਨ ਪਵਾਰ ਦੀ ਪੁਸਤਕ — ਪੱਛਮ ਦਾ ਜਾਲ

ਅਮਰਜੀਤ ਚਾਹਲ ਦੀ ਪੁਸਤਕ — ਬਾਹਰੋਂ ਆਇਆ ਆਦਮੀ

ਸਾਧੂ ਦੀ ਪੁਸਤਕ (1983) — ਕਿਸਦਾ ਕਸੂਰ? ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ

ਉਪਰੋਕਤ ਪੁਸਤਕਾਂ ਦੀਆਂ ਰਚਨਾਵਾਂ ਕੈਨੇਡਾ ਵਿਚ ਕੀਤੀਆਂ ਗਈਆਂ ਹਨ।

ਅਵਤਾਰ ਗਿੱਲ ਦੀ ਪੁਸਤਕ (1986) ਸਤੀਂ ਵੀਹੀਂ ਸੌ — ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅੰਮ੍ਰਿਤਸਰ

ਇਨ੍ਹਾਂ ਤੋਂ ਇਲਾਵਾ ਜਿਨ੍ਹਾਂ ਲੇਖਕਾਂ ਦਾ ਇਸ ਖੋਜ ਪੱਤਰ ਵਿਚ ਜ਼ਿਕਰ ਹੈ ਉਨ੍ਹਾਂ ਦੀਆਂ ਕਹਾਣੀਆਂ ਜਾਂ ਤਾਂ ਵਤਨੋਂ ਦੂਰ ਵਿਚ ਛਪੀਆਂ ਹਨ ਜਾਂ ਇੰਡੋ ਕਨੇਡੀਅਨ ਟਾਇਮਜ਼, ਕੈਨੇਡਾ ਦਰਪਣ ਜਾਂ ਪ੍ਰਦੇਸੀ ਪੰਜਾਬ ਵਿਚ ਛਪੀਆਂ ਹਨ।

ਕੈਨੇਡਾ ਵਿਚ ਲਿਖੀ ਜਾ ਰਹੀ ਕਹਾਣੀ ਦਾ ਸੁਭਾ ਪੰਜਾਬ 'ਚ ਲਿਖੀ ਜਾ ਰਹੀ ਕਹਾਣੀ ਤੋਂ ਅਲਹਿਦਾ ਹੈ ਇਥੋਂ ਦੇ ਲੇਖਕਾਂ ਦੀਆਂ ਕਹਾਣੀਆਂ ਦੋਹਾਂ ਸਭਿਆਚਾਰਾਂ ਦੀ ਝਲਕ ਦੇ ਨਾਲ ਨਾਲ ਆਪਣੀ ਭਾਵਾਤਮਕ ਉਲਾਰਤਾ ਵੀ ਰਖਦੀਆਂ ਹਨ। ਜਿਥੇ ਜਿਥੇ ਇਹ ਪਰਵਾਸੀ ਜੀਵਨ ਦੀਆਂ ਮੁਸ਼ਕਲਾਂ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਦਵੰਧ ਤੇ ਔਰਤਾਂ ਨੂੰ ਦਰਪੇਸ਼ ਅਤੇ ਰੋਜ਼ੀ ਦੀ ਆਮ ਸੱਮਸਿਆ ਪੇਸ਼ ਕਰਦੀਆਂ ਹਨ। ਉਥੇ ਇਹ ਸਾਡੇ ਸਮਾਜ ਤੇ ਸਭਿਆਚਾਰ ਦੀ ਤਰਜਮਾਨੀ ਵੀ ਕਰਦੀਆਂ ਹਨ। ਮੈਂ ਨਹੀਂ ਚਾਹੁੰਦੀ ਕਹਾਣੀ ਦੇ ਵਿਕਾਸ ਦੇ ਇਸੇ ਪਹਿਲੇ ਕਦਮ ਤੇ ਇਨ੍ਹਾਂ ਕਹਾਣੀਕਾਰਾਂ ਤੇ ਕਹਾਣੀਆਂ ਦਾ ਮਾਰਕਸਵਾਦ, ਯਥਾਰਥਵਾਦ, ਰੋਮਾਂਸਵਾਦ, ਜਾਂ ਕਿਸੇ ਹੋਰ ਵਾਦ ਨਾਲ ਜੋੜ ਕੇ ਅਧਿਐਨ ਕੀਤਾ ਜਾਏ। ਸਗੋਂ ਕਹਾਣੀ ਆਪਣੇ ਆਪ ਵਿਚ ਇਕ ਸੁਤੰਤਰ ਧਾਰਾ ਹੈ ਅਤੇ ਹਰ ਵਿਅਕਤੀਗਤ ਲੇਖਕ ਦੇ ਖਿਆਲਾਂ ਦੀ ਨਾ ਸਿਰਫ ਤਰਜਮਾਨੀ ਹੈ ਸਗੋਂ ਸਾਡੇ ਪ੍ਰਵਾਸੀ ਜੀਵਨ ਦੀ ਵੀ ਲਿਖਾਇਕ ਹੈ।

ਨੋਟ : ਇਸ ਖੋਜ ਪੱਤਰ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਕੈਨੇਡਾ ਦੇ ਵੱਧ ਤੋਂ ਵੱਧ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਮਾਣਤਾ ਦਿਤੀ ਜਾਏ, ਪਰ ਜੇ ਕੋਈ ਲੇਖਕ ਦੀ ਰਚਨਾ ਇਸ ਪੇਪਰ 'ਚ ਆਉਣੋਂ ਉੱਕ ਗਈ ਹੋਵੇ, ਤਾਂ ਕਾਨਫਰੰਸ ਵਿਚ ਵਿਚਾਰ ਵਟਾਂਦਰੇ ਸਮੇਂ ਸੁਝਾ ਮਿਲਣ ਤੇ ਉਸ ਲੇਖਕ ਦੀ ਰਚਨਾ ਪੁਸਤਕ ਰੂਪ ਵਿਚ ਛਪਣ ਤੋਂ ਪਹਿਲਾਂ ਦਰਜ ਕਰਨ ਦਾਂ ਉਪਰਾਲਾ ਕੀਤਾ ਜਾਏਗਾ।

# ਕੈਨੇਡੀਅਨ ਪੰਜਾਬੀ ਨਾਵਲ

—ਸੁਰਿੰਦਰ ਧੰਜਲ—

ਕੈਨੇਡੀਅਨ ਪੰਜਾਬੀ ਨਾਵਲ ਤੋਂ ਸਾਡਾ ਭਾਵ ਹੈ : ਕੈਨੇਡੀਅਨ ਪੰਜਾਬੀ ਲੇਖਕਾਂ ਦੁਆਰਾ ਕੈਨੇਡਾ ਵਿੱਚ ਵਸਦੇ ਸਮੇਂ ਰਚਿਆ ਗਿਆ ਨਾਵਲ। ਕੇਸਰ ਸਿੰਘ ਤੋਂ ਬਿਨਾਂ ਕਿਸੇ ਹੋਰ ਲੇਖਕ ਦੁਆਰਾ ਕੈਨੇਡਾ ਵਿੱਚ ਹਾਲੇ ਤੱਕ ਕੋਈ ਅਜਿਹਾ ਨਾਵਲ ਰਚਿਆ ਹੀ ਨਹੀਂ ਗਿਆ ਜਿਸਨੂੰ ਜ਼ਿਕਰਯੋਗ ਸਾਹਿਤਕ-ਕਿਰਤ ਮੰਨਿਆ ਜਾ ਸਕੇ। ਸੋ ਇਸ ਲੇਖ ਦਾ ਨਾਮ "ਕੇਸਰ ਸਿੰਘ ਦੀ ਨਾਵਲ-ਕਲਾ" ਵੀ ਹੋ ਸਕਦਾ ਹੈ।

ਕੇਸਰ ਸਿੰਘ ਹੁਣ ਤੱਕ ਦਸ ਨਾਵਲਾਂ — ਲਹਿਰ ਵਧਦੀ ਗਈ (1953), ਜੰਗੀ ਕੈਦੀ (1969), ਸ਼ਹੀਦ ਊਧਮ ਸਿੰਘ (1972), ਬਾਬਾ ਹਰੀ ਸਿੰਘ ਉਸਮਾਨ (1975), ਅਮਰ ਸ਼ਹੀਦ ਮਦਨ ਲਾਲ ਢੀਂਗਰਾ (ਜੁਲਾਈ 1977), ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ (ਮਾਰਚ 1978), ਸਿੰਘ ਸਾਹਿਬ ਦੀ ਸ਼ਹਾਦਤ (ਮਾਰਚ 1982), ਜੰਵ ਲਾੜਿਆਂ ਦੀ (ਅਪਰੈਲ 1982), ਵਾਰੇ ਸ਼ਾਹ ਦੀ ਮੌਤ (1984), ਤੀਜੀ ਪੀੜ੍ਹੀ (ਸਤੰਬਰ 1985) — ਦੀ ਰਚਨਾ ਕਰ ਚੁੱਕਿਆ ਹੈ।

1937 ਤੋਂ 1944 ਤੱਕ ਮਲਾਇਆ, ਬਰਮਾ, ਥਾਈਲੈਂਡ ਵਿੱਚ; 1957 ਤੋਂ 1963 ਤੱਕ ਇੰਗਲੈਂਡ ਵਿੱਚ ਰਹਿਣ ਉਪਰੰਤ ਕੇਸਰ ਸਿੰਘ ਅਕਤੂਬਰ 1963 ਵਿੱਚ ਕੈਨੇਡਾ ਦਾ ਵਸਨੀਕ ਬਣ ਗਿਆ। ਉਪਰੋਕਤ ਪਰਿਭਾਸ਼ਾ ਅਨੁਸਾਰ "ਲਹਿਰ ਵਧਦੀ ਗਈ" ਤੋਂ ਬਿਨਾਂ ਉਸਦੇ ਬਾਕੀ ਸਾਰੇ ਨਾਵਲ "ਕੈਨੇਡੀਅਨ ਪੰਜਾਬੀ ਨਾਵਲ" ਦੇ ਘੇਰੇ ਵਿੱਚ ਆ ਜਾਂਦੇ ਹਨ।

ਕੇਸਰ ਸਿੰਘ ਦੇ ਬਹੁਤੇ ਨਾਵਲ ਇਤਿਹਾਸਕ ਨਾਵਲ ਹਨ। 1937 ਤੋਂ 44 ਤੱਕ ਉਸਦਾ ਆਜ਼ਾਦ ਹਿੰਦ ਫੌਜ ਨਾਲ ਨਿਕਟਵਰਤੀ ਸੰਪਰਕ ਰਿਹਾ ਹੈ। ਏਸ ਸੰਪਰਕ ਦੌਰਾਨ ਗ੍ਰਹਿਣ ਕੀਤੇ ਅਨੁਭਵ ਅਤੇ ਪ੍ਰਭਾਵ ਕੇਸਰ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਬੁਨਿਆਦੀ ਪ੍ਰੇਰਣਾ ਸਰੋਤ ਹਨ। ਇਹ ਨਾਵਲ ਆਜ਼ਾਦ ਹਿੰਦ ਫੌਜ ਨਾਲ, ਦੂਜੀ ਸੰਸਾਰ ਜੰਗ ਦੇ ਜੰਗੀ ਕੈਦੀਆਂ ਨਾਲ, ਹਿੰਦੋਸਤਾਨ ਗ਼ਦਰ ਪਾਰਟੀ ਦੇ ਗ਼ਦਰੀਆਂ ਨਾਲ, ਜਾਂ ਹੋਰ ਦੇਸ਼ ਭਗਤ ਇਨਕਲਾਬੀਆਂ ਨਾਲ ਸੰਬੰਧਤ ਹਨ ਅਤੇ ਸਿੰਘਾਪੁਰ, ਮਲਾਇਆ, ਸਿਆਮ, ਬਰਮਾ, ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਵਿੱਕਸਤ ਹੋਈਆਂ ਹਿੰਦੁਸਤਾਨ-ਸਵਤੰਤਰਤਾ - ਸੰਗਰਾਮੀ - ਲਹਿਰਾਂ ਅਤੇ ਇੰਨ੍ਹਾਂ ਲਹਿਰਾਂ ਦੁਆਰਾ ਪੈਦਾ ਕੀਤੇ ਗਏ ਨਾਇਕਾਂ ਦੇ ਇਤਿਹਾਸਕ ਚਿੱਤਰ ਹਨ।

ਹਿੰਦੁਸਤਾਨ-ਸਵਤੰਤਰਤਾ-ਸੰਗਰਾਮ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀਆਂ ਬਦੇਸ਼ੀ ਲਹਿਰਾਂ ਨਾਲ ਸੰਬੰਧਤ ਇਤਿਹਾਸ ਨੂੰ ਇਕ ਯੋਜਨਾ-ਬੱਧ ਨਾਵਲ-ਲੜੀ ਵਜੋਂ ਪੇਸ਼ ਕਰਨ ਦੀ ਪਹਿਲ ਕਦਮੀ ਕੇਸਰ ਸਿੰਘ ਦੇ ਹੱਥਾਂ ਵਿੱਚ ਕੈਨੇਡੀਅਨ ਪੰਜਾਬੀ ਨਾਵਲ ਨੇ ਹੀ ਕੀਤੀ ਹੈ। ਇਸਤੋਂ ਪਹਿਲਾਂ ਰਚਿਆ ਗਿਆ ਇਤਿਹਾਸਕ-ਪੰਜਾਬੀ-ਨਾਵਲ ਮੁੱਖ ਤੌਰ 'ਤੇ ਸਿੱਖ ਇਤਿਹਾਸ ਦੇ ਧਾਰਮਕ ਨਾਇਕਾਂ ਨਾਲ ਸੰਬੰਧਤ ਹੈ ਜਾਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਵਰਗੇ ਉਘੇ ਨਾਵਾਂ ਵਾਲੇ ਦੇਸ਼ ਭਗਤ ਨਾਇਕਾਂ ਨਾਲ!

ਕੈਨੇਡੀਅਨ ਪੰਜਾਬੀ ਨਾਵਲ ਦੀਆਂ ਸਮੁੱਚੀਆਂ ਪ੍ਰਾਪਤੀਆਂ/ਅਪ੍ਰਾਪਤੀਆਂ ਦਾ ਤਸੱਲੀਬਖਸ਼ ਅਧਿਅਨ ਕਰਨ ਲਈ ਇਕ ਆਲੋਚਨਾ-ਪੁਸਤਕ ਦੀ ਜ਼ਰੂਰਤ ਹੈ।

# ਇਨਸਾਨੀਅਤ ਮਿਟ ਨਹੀਂ ਸਕਦੀ

ਸੁਰਜੀਤ ਕਲਸੀ

ਮੇਰੇ ਸ਼ਹਿਰ ਵਿਚ ਅੱਜ  
ਕਿਸ ਤਰ੍ਹਾਂ ਦਾ ਕੌੜਾ ਧੂੰਆ ਹੈ  
ਕਿਸ ਤਰ੍ਹਾਂ ਦੀ ਖੱਟੀ ਧੁੰਦ ਹੈ ?  
ਇਸ ਧੁੰਧਲਕੇ ਵਿਚ  
ਕੁਝ ਬੋਲ ਗਵਾਚ ਗਏ  
ਇਸ ਮਟਿਆਲੀ ਸ਼ਾਮ ਵਿਚ  
ਸਭ ਪਹਿਚਾਣ ਗਵਾਚ ਗਈ ਹੈ !

ਦੁਨੀਆਂ ਦੀ ਕਿਸੇ ਨੁਕਰ ਵਿਚ  
ਭੁੱਜ ਰਹੇ ਮਨੁੱਖੀ ਗੋਸ਼ਤ ਦੀ  
ਹੋਸ਼ਾ ਸੁੰਨ ਕਰ ਦੇਣ ਵਾਲੀ ਧੁੰਦ ਹੈ  
ਤੋਪਾਂ ਤੇ ਟੈਂਕਾਂ 'ਚੋਂ ਨਿਕਲਦਾ  
ਮਟਿਆਲਾ ਭੂਰਾ ਖੱਟਾ ਧੂੰਆ ਹੈ।  
ਭੁੱਜ ਰਹੀ ਮਨੁੱਖਤਾ ਦੀ ਚੀਸ  
ਉਠ ਰਹੀ ਹੈ ਕੁਝ ਦੇਸਾਂ ਵਿਚੋਂ  
ਪਰ ਕੁਝ ਦਰਿੰਦੇ ਹੱਸ ਰਹੇ ਨੇ  
"ਜੰਗ ਹੋਰ ਤੇਜ਼ ਕਰੋ ਹੋਰ"  
ਦਾ ਹੁਕਮ ਫੁਰਮਾ ਰਹੇ ਨੇ !  
ਸ਼ਾਇਦ ਉਹ ਭੁਲ ਗਏ ਨੇ  
ਕਿ ਮਨੁੱਖ ਸਿਰਫ ਇਕ ਆਦਮ  
ਤੇ ਇਕ ਹੱਵਾ ਦੀ ਔਲਾਦ ਹੈ  
ਉਨ੍ਹਾਂ ਦੀਆਂ ਰਗਾਂ 'ਦਾ ਖ਼ੂਨ ਇਕ ਹੈ  
ਇਕੋ ਜਿਹਾ ਹੀ ਲਾਲ ਹੈ !

ਮਨੁਖੀ ਹੋਂਦ ਨੂੰ ਇੰਞ ਮਿਟਾਣਾ  
ਇਕ ਤੁੱਛ ਜਿਹਾ ਭੁਲੇਖਾ ਹੈ  
ਇਕ ਸਿਰ ਕਟੇਗਾ  
ਹਜ਼ਾਰਾਂ ਲੱਖਾਂ ਕਰੋੜਾਂ ਸਿਰ  
ਤਲੀਆਂ ਉਤੇ ਨਜ਼ਰ ਆਉਣਗੇ

ਜਿਨ੍ਹਾਂ ਸਾਹਮਣੇ ਜ਼ੁਲਮ ਦੇ ਫੰਦੇ  
ਸਿਰ ਝੁਕਾ ਕੇ ਸ਼ਰਮਾਉਣਗੇ।

ਮਨੁੱਖ ਦਾ ਮਨੁੱਖ ਨਾਲ  
ਸਾਂਝੇ ਦੁੱਖ ਜ਼ਰੀਏ ਹੀ ਰਿਸ਼ਤਾ ਹੈ  
ਜੋ ਇਨਸਾਨੀਅਤ ਦਾ ਰਿਸਤਾ ਹੈ  
ਜੋ ਸਭ ਰਿਸ਼ਤਿਆਂ ਤੋਂ  
ਉੱਚਾ ਸੁੱਚਾ ਤੇ ਮਹਾਨ ਹੈ।  
ਆਜ਼ਾਦੀ ਲਈ ਲੜ ਰਹੀ  
ਜ਼ੁਲਮ ਵਿਰੁਧ ਲੜ ਰਹੀ  
ਹਰ ਕੌਮ ਨਾਲ —  
ਪਹਾੜਾਂ, ਧਰਤੀਆਂ, ਸਮੁੰਦਰਾਂ  
ਅਸਮਾਨਾਂ ਦਾ ਰਿਸ਼ਤਾ ਹੋਵੇ ਜਾਂ ਨਾ  
ਸਾਂਝੀ ਮਨੁੱਖਤਾ ਦਾ ਰਿਸ਼ਤਾ ਮਹਾਨ ਹੈ।  
ਮਾਸ ਸਰਵ ਵਿਆਪੀ ਹੈ  
ਇਕ ਦੇਸ਼ 'ਚ ਭੁੱਜਦੇ ਮਾਸ ਦੀ ਗੰਧ  
ਤੜਪਾ ਦੇਂਦੀ ਹੈ ਜਿਉਂਦੀ ਮਨੁੱਖਤਾ ਨੂੰ  
ਇਨਸਾਨੀਅਤ ਦਾ ਦੁੱਖ ਇਕ ਹੈ  
ਦੁੱਖ ਦੀ ਮੂਕ ਜ਼ਬਾਨ ਇਕ ਹੈ  
ਦੁਨੀਆਂ ਤੇ ਫੈਲੇ ਕਈ ਕਰੋੜ ਜੀਵ  
ਸਾਂਝੀ ਇਨਸਾਨੀਅਤ ਦੀ ਇਕ ਆਤਮਾ ਹੈ।

ਇਨਸਾਨੀਅਤ ਮਿਟ ਨਹੀਂ ਸਕਦੀ !  
ਮਨੁੱਖਤਾ ਮਰ ਨਹੀਂ ਸਕਦੀ !!  
ਸਾਂਝੇ ਦੁੱਖ ਦੀ ਖਾਤਰ  
ਸਾਂਝੇ ਘੋਲ ਖ਼ਾਤਰ  
ਇਕ ਸਿਰ ਕੱਟ ਜਾਵੇਗਾ  
ਹਜ਼ਾਰਾਂ ਲੱਖਾਂ ਕਰੋੜਾਂ ਸਿਰ  
ਤਲੀਆਂ ਉਤੇ ਨਜ਼ਰ ਆਉਣਗੇ  
ਜਿਨ੍ਹਾਂ ਸਾਹਮਣੇ ਜ਼ੁਲਮ ਦੇ ਫੰਦੇ  
ਸਿਰ ਝੁਕਾ ਕੇ ਸ਼ਰਮਾਉਣ ਗੇ।

ਇਸ ਵਿਸ਼ਲੇਸ਼ਣ ਵਿੱਚ ਅਸੀਂ ਆਪਣਾ ਧਿਆਨ ਮੁੱਖ ਤੌਰ 'ਤੇ ਕੇਵਲ ਇਕ ਨਾਵਲ 'ਤੇ ਹੀ ਕੇਂਦ੍ਰਤ ਕਰਾਂਗੇ। ਬਾਕੀ ਨਾਵਲਾਂ ਦਾ ਜ਼ਿਕਰ ਹਵਾਲੇ ਮਾਤਰ ਹੀ ਹੋਵੇਗਾ।

ਇਸ ਵਿਸ਼ਲੇਸ਼ਣ ਵਿੱਚ ਆਪਣੇ ਆਲੋਚਨਾਤਮਕ ਦ੍ਰਿਸ਼ਟੀਕੋਣ ਦਾ ਆਧਾਰ-ਬਿੰਦੂ ਅਸੀਂ ਯਥਾਰਥਵਾਦ ਨੂੰ ਮੰਨਕੇ ਚੱਲਾਂਗੇ। ਯਥਾਰਥਵਾਦੀ ਆਲੋਚਨਾ ਨੇ, ਵਿਸ਼ਾਲ ਅਰਥਾਂ ਵਿੱਚ, ਵਿਚਾਰ ਅਧੀਨ ਰਚਨਾ ਵਿੱਚੋਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਢੂੰਡਣੇ ਹੁੰਦੇ ਹਨ :

1. ਜ਼ਿੰਦਗੀ ਦਾ ਪ੍ਰਾਥਮਿਕ ਯਥਾਰਥ ਰਚਨਾ ਦੇ ਦੂਜੈਲੇ ਯਥਾਰਥ ਵਿੱਚ ਤਬਦੀਲ ਹੋ ਕੇ ਕਿਹੋ ਜਿਹਾ ਕਲਾਤਮਕ ਸਰੂਪ ਧਾਰਨ ਕਰਦਾ ਹੈ? ਨਾਵਲੀ-ਵਸਤੂ, ਪਾਤਰ-ਉਸਾਰੀ, ਪਲਾਟ, ਭਾਸ਼ਾ ਅਤੇ ਸ਼ੈਲੀ ਨੂੰ ਏਸੇ ਪ੍ਰਸ਼ਨ ਅਧੀਨ ਹੀ ਸਮਝਿਆ ਜਾ ਸਕਦਾ ਹੈ।
2. ਵਸਤੂ-ਯਥਾਰਥ ਦੀ ਕਲਾਤਮਕ-ਯਥਾਰਥ ਵਿੱਚ ਹੋਈ ਇਸ ਤਬਦੀਲੀ ਵਿੱਚ ਰੂਪਮਾਨ ਰਚਨਾਕਾਰ ਦੀ ਜੀਵਨ ਦ੍ਰਿਸ਼ਟੀ ਕਿਹੜੀਆਂ ਅੰਤਰ-ਮੁਖੀ ਜਾਂ ਬਾਹਰ-ਮੁਖੀ ਸਥਿਤੀਆਂ ਦੀ ਪੈਦਾਵਾਰ ਹੈ?

   ਕਲਾਤਮਕ ਪ੍ਰਯੋਜਨ ਜਾਂ ਉਦੇਸ਼ ਨੂੰ ਏਸੇ ਪ੍ਰਸ਼ਨ ਦੇ ਅੰਤਰਗਤ ਹੀ ਸਮਝਿਆ ਜਾ ਸਕਦਾ ਹੈ।
3. ਇਸ ਯਥਾਰਥ-ਪਰਿਵਰਤਨ ਵਿੱਚ ਰਚਨਾਕਾਰ ਵੱਲੋਂ ਆਪਣੀ ਰਚਨਾ ਨੂੰ ਵਿਲੱਖਣ, ਮੌਲਿਕ ਜਾਂ ਨਿਵੇਕਲੀ ਰੰਗਤ ਦੇਣ ਲਈ ਜੋ ਕਾਲਪਨਿਕ ਵੇਰਵੇ ਜਾਂ ਮਿਥਕੀ ਤੱਤ ਜਾਂ ਸੁਪਨ-ਮਈ ਤੱਤ ਆਪਣੀ ਰਚਨਾ ਵਿੱਚ ਸਮਿਲਤ ਕੀਤੇ ਗਏ ਹਨ, ਉਨ੍ਹਾਂ ਸਦਕਾ ਰਚਨਾ ਸ਼ੁਧ ਯਥਾਰਥ, ਸ਼ੁਧ ਕਲਪਨਾ ਜਾਂ ਇਨ੍ਹਾਂ ਦੋਹਾਂ ਸਿਰਿਆਂ ਦੇ ਦਰਮਿਆਨ ਕਿਹੜੀਆਂ ਰੂਪਕ-ਵਿਧੀਆਂ ਦੁਆਰਾ ਸਿਰਜਤ ਹੋਈ ਹੈ?

ਰੂਪ, ਵਸਤੂ ਅਤੇ ਸਿਰਜਣਾਤਮਕ ਵਿਵੇਕ ਨਾਲ ਸੰਬੰਧਤ ਇਨ੍ਹਾਂ ਤਿੰਨਾਂ ਵਿਰਾਟ ਸਵਾਲਾਂ ਦੇ ਉੱਤਰ ਲੱਭਣ ਲਈ ਗਲਪ-ਕਲਾ/ਨਾਵਲ-ਕਲਾ ਨਾਲ ਸੰਬੰਧਤ ਇਹ ਧਾਰਨਾਵਾਂ ਸਾਡੇ ਵਿਸ਼ਲੇਸ਼ਣ ਦਾ ਆਧਾਰ ਹੋਣਗੀਆਂ :

1. ਨਾਵਲ ਵਾਸਤਵਿਕ-ਜਗਤ ਤੋਂ ਇੱਕ ਗਲਪ-ਜਗਤ ਸਿਰਜਦਾ ਹੈ। ਸਿਰਜਤ ਗਲਪ-ਜਗਤ, ਇਤਿਹਾਸਕ-ਸਾਂਸਕ੍ਰਿਤਕ ਸੰਦਰਭ ਵਿੱਚ, ਵਾਸਤਵਿਕ-ਜਗਤ ਦੇ ਜਿੰਨਾ ਵੱਧ ਤੋਂ ਵੱਧ ਨਜ਼ਦੀਕ ਹੋਵੇਗਾ, ਰਚਨਾ ਉਨੀ ਹੀ ਯਥਾਰਥਕ ਹੋਵੇਗੀ। ਨਾਵਲ ਨੇ ਕਿਸੇ ਵਿਸ਼ੇਸ਼ ਸਥਿਤੀਆਂ ਵਿਚਲੇ ਪ੍ਰਤੀਨਿਧ ਯਥਾਰਥ ਦੀ ਸਿਰਜਣਾ ਕਰਨੀ ਹੁੰਦੀ ਹੈ, ਕਿਸੇ ਵਿਕੋਲਿਤਰੇ ਅਪ੍ਰਤੀਨਿਧ ਯਥਾਰਥ ਦੀ ਨਹੀਂ।
2. ਇਤਿਹਾਸਕ ਨਾਵਲ ਵਿੱਚ ਨਾਵਲਕਾਰ ਦੀਆਂ ਕੁਝ ਸੀਮਾਵਾਂ ਹੁੰਦੀਆਂ ਹਨ, ਕਿਉਂਕਿ ਇਤਿਹਾਸਕ ਪਾਤਰਾਂ ਅਤੇ ਇਤਿਹਾਸਕ ਘਟਨਾਵਾਂ ਦਾ ਸੁਭਾਅ ਪਹਿਲਾਂ ਹੀ ਨਿਰਧਾਰਤ ਹੋ ਚੁੱਕਿਆ ਹੁੰਦਾ ਹੈ। ਉਸਨੇ ਇਤਿਹਾਸ ਨੂੰ ਕਲਪਨਾ ਦੀ ਪੁੱਠ ਦੇਕੇ ਆਪਣੇ ਸਿਰਜਾਣਤਮਕ ਵਿਵੇਕ ਰਾਹੀਂ ਨਾਵਲੀ ਚੌਖਟੇ ਵਿੱਚ ਢਾਲਣਾ ਹੁੰਦਾ ਹੈ।
3. ਆਲੋਚਨਾ ਨੂੰ ਗਲਪ-ਜਗਤ ਦਾ ਵਿਸ਼ਲੇਸ਼ਣ ਕਰਦੇ ਸਮੇਂ ਬਾਹਰੋਂ ਵਾਸਤਵਿਕ ਜਗਤ ਵਿੱਚੋਂ ਕੋਈ ਵੀ ਵੇਰਵਾ ਠੋਸਣ ਦਾ ਅਧਿਕਾਰ ਨਹੀਂ, ਭਾਵ ਨਾਵਲੀ-ਪਾਤਰਾਂ ਬਾਰੇ ਸਾਨੂੰ ਨਾਵਲਕਾਰ ਦੇ ਦੱਸਣ/ਬਿਆਨਣ ਤੋਂ ਬਾਹਰਾ ਹੋਰ ਕੋਈ ਵੇਰਵਾ ਮਾਲੂਮ ਨਹੀਂ ਹੈ — ਪਰ ਇਤਿਹਾਸਕ ਨਾਵਲ ਦੀ ਆਲੋਚਨਾ ਉੱਤੇ ਇਹ ਧਾਰਨਾ ਲਾਗੂ ਨਹੀਂ ਹੋ ਸਕਦੀ — ਇਹ ਜਾਨਣ ਲਈ ਕਿ ਨਾਵਲ ਇਤਿਹਾਸਕ-ਨਾਵਲ ਕਿੰਨਾ ਕੁ ਪ੍ਰਮਾਣਕ ਬਣ ਸਕਿਆ ਹੈ, ਅਸੀਂ ਪ੍ਰਾਪਤ ਇਤਿਹਾਸ ਵਿਚਲੇ ਵੇਰਵੇ ਅਤੇ ਗਲਪ-ਜਗਤ ਨੂੰ ਸਮਾਨੰਤਰ ਰੱਖਕੇ ਹੀ ਪਰਖ ਸਕਦੇ ਹਾਂ।
4. 'ਦਵੰਦ', 'ਤਣਾਓ' ਜਾਂ 'ਵਿਰੋਧਾਭਾਸ' ਨੂੰ ਗਲਪ-ਸਿਰਜਣਾ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ, ਸਿਰਜਣਾ ਭਾਵੇਂ ਲੇਖਕ ਦੇ ਕਿਸੇ ਵੀ ਪ੍ਰਯੋਜਨ/ਉਦੇਸ਼ ਨੂੰ ਮੁੱਖ ਰੱਖਕੇ ਕੀਤੀ ਗਈ ਹੋਵੇ। ਵਿਅਕਤੀਗਤ ਜੀਵਨ ਦੀ ਪੱਧਰ ਉੱਤੇ ਨਵੀਨਤਾ/ਅਪ੍ਰਾਪਤੀਆਂ ਦੇ ਦਵੰਦ ਦੇ ਰੂਪ ਵਿੱਚ; ਸਮਾਜਕ ਪੱਧਰ ਉੱਤੇ ਨਵੀਨਤਾ/ਪੁਰਾਤਨਤਾ ਜਾਂ ਆਧੁਨਿਕਤਾ/ਪਰੰਪਰਾ ਦੇ ਦਵੰਦ ਦੇ ਰੂਪ ਵਿੱਚ; ਸਾਂਸਕ੍ਰਿਤਕ ਪੱਧਰ ਉੱਤੇ ਗਤੀਸ਼ੀਲਤਾ/ਗਤੀਹੀਣਤਾ ਜਾਂ ਸਥਿਰਤਾ/ਅਸਥਿਰਤਾ ਜਾਂ ਖੜੋਤ/ਚਲੰਤ ਦੇ ਦਵੰਦ ਦੇ ਰੂਪ ਵਿੱਚ; ਮਨੋਵਿਗਿਆਨਕ ਪੱਧਰ ਉੱਤੇ ਚੇਤਨ/ਅਵਚੇਤਨ/ਅਰਧ-ਚੇਤਨ ਮਾਨਸਕਤਾ ਦੇ ਦਵੰਦ ਦੇ ਰੂਪ ਵਿੱਚ; ਧਾਰਮਕ ਪੱਧਰ ਉੱਤੇ ਆਸਤਕਤਾ/ਨਾਸਤਕਤਾ ਦੇ ਦਵੰਦ ਦੇ ਰੂਪ ਵਿੱਚ; ਸਦਾਚਾਰਕ ਪੱਧਰ ਉੱਤੇ ਨੇਕੀ/ਬਦੀ ਦੇ ਦਵੰਦ ਦੇ ਰੂਪ ਵਿੱਚ; ਰਾਜਨੀਤਕ ਪੱਧਰ ਉੱਤੇ ਸ਼੍ਰੇਣਿਕ/ਜਮਾਤੀ ਦਵੰਦ ਦੇ ਰੂਪ ਵਿੱਚ; 'ਦਵੰਦ' ਹੀ ਗਲਪ-ਸਿਰਜਣਾ ਦਾ ਪ੍ਰਮੁਖ ਵਿਸ਼ਾ-ਵਸਤੂ ਬਣਦਾ ਹੈ।

   ਗਤੀਸ਼ੀਲਤਾ ਜਾਂ ਅਸਥਿਰਤਾ ਦੀ ਸਥਿਤੀ ਦੇ ਸੰਬੰਧ ਵਿੱਚ ਤਾਂ 'ਦਵੰਦ' ਦਾ ਰੋਲ ਪ੍ਰਤੱਖ ਹੈ ਹੀ, ਸਥਿਰਤਾ ਦਾ ਵਿਵੇਕ ਵੀ ਸੰਬੰਧਤ ਵਿਅਕਤੀਆਂ ਜਾਂ ਸਥਿਤੀਆਂ ਵਿੱਚ ਫੈਲਰੇ ਹੋਏ 'ਦਵੰਦ' ਰਾਹੀਂ ਹੀ ਹੋ ਸਕਦਾ ਹੈ।
5. ਯਥਾਰਥਵਾਦੀ ਸਿਰਜਣਾ ਤਦੇ ਹੀ ਸੰਭਵ ਹੋ ਸਕਦੀ ਹੈ ਜੇਕਰ ਦਵੰਦ ਨੂੰ ਕਲਾਤਮਕ ਸੰਚੇ ਵਿੱਚ ਢਾਲਦੇ ਸਮੇਂ ਸੰਬੰਧਤ ਇਤਿਹਾਸਕ-ਸਾਂਸਕ੍ਰਿਤਕ ਸਥਿਤੀ ਦੀ ਪ੍ਰਮਾਣਕਤਾ ਅਤੇ ਸੰਬੰਧਤ ਸੰਦਰਭ ਦੀ ਪ੍ਰਮਾਣਕਤਾ ਕਦੇ ਵੀ ਅੱਖੋਂ ਪਰੋਖੇ ਨਾ ਹੋਣ। ਇਉਂ ਨਾਵਲਕਾਰ ਦੇ ਸਮੁੱਚੇ ਸਿਰਜਣਾਤਕ ਵਿਵੇਕ ਦੀ ਥਾਹ 'ਦਵੰਦ', 'ਸਥਿਤੀ' ਅਤੇ 'ਸੰਦਰਭ' ਦੀ ਰਚਨਾਤਮਕ ਡੂੰਘਾਈ ਦੀ ਥਾਹ ਨਾਲ ਸੰਬੰਧਤ ਹੈ।

●

ਆਪਣੇ ਇਨ੍ਹਾਂ ਸੰਕਲਪਾਂ ਕਰਕੇ ਨਿਰਸੰਦੇਹ ਸਾਡੀ ਪਹੁੰਚ-ਵਿਧੀ ਇਤਿਹਾਸਕ-ਪਦਾਰਥਵਾਦੀ ਹੈ। ਇਸ ਪਹੁੰਚ-ਵਿਧੀ ਨਾਲ ਸੰਬੰਧਤ ਇਕ ਸ਼ੰਕੇ ਦੀ ਨਵਿਰਤੀ ਜ਼ਰੂਰੀ ਹੈ। ਇਸ ਪਹੁੰਚ-ਵਿਧੀ ਦੇ ਵਿਰੋਧ ਵਿੱਚ ਇਹ ਧਾਰਨਾ ਪਰਚੱਲਤ ਹੈ ਕਿ ਇਹ ਸਾਹਿੱਤ-ਕਿਰਤਾਂ ਵੱਲ ਘੱਟ ਅਤੇ ਸਾਹਿੱਤ-ਪਿਛੋਕੜ ਵੱਲ ਜ਼ਿਆਦਾ ਰੁਚਿਤ ਹੈ। ਸਾਡੀ ਇਹ ਧਾਰਨਾ ਹੈ ਕਿ ਸਾਹਿਤ-ਚਿੰਤਨ ਵਿੱਚ ਸਾਹਿਤ ਦੀ ਸਾਹਿਤਕਤਾ ਹੀ ਭਾਵੇਂ ਪ੍ਰਮੁਖ ਹੈ, ਪਰ ਇਤਿਹਾਸਕ-ਸਥਿਤੀਆਂ ਦੀ ਇਤਿਹਾਸਕਤਾ ਤੋਂ ਉਸਦੀ ਸੰਪੂਰਨ ਨਿਰਲੇਪਤਾ ਸੰਭਵ ਹੀ ਨਹੀਂ ਹੋ ਸਕਦੀ। ਆਪਣੀ ਇਸ ਧਾਰਨਾ ਕਰਕੇ ਅਸੀਂ ਸਾਹਿਤਕਤਾ ਨੂੰ ਪ੍ਰਮੁਖਤਾ ਦਿੰਦੇ ਹੋਏ ਵੀ, ਇਤਿਹਾਸਕਤਾ ਦੀ ਕੁਰਬਾਨੀ ਨਹੀਂ ਦੇ ਸਕਦੇ। ਸੋ ਨਾ ਤਾਂ ਇਤਿਹਾਸਕ-ਪਦਾਰਥਵਾਦੀ ਪਹੁੰਚ-ਵਿਧੀ ਨੂੰ ਇਹ ਹੱਕ ਦਿੱਤਾ ਜਾ ਸਕਦਾ ਹੈ ਕਿ ਉਹ ਆਲੋਚਨਾ-ਅਧੀਨ ਰਚਨਾ ਦੀ ਰਚਨਾਤਮਕ ਪ੍ਰਮੁਖਤਾ ਨੂੰ ਨਜ਼ਰ-ਅੰਦਾਜ਼ ਕਰੇ ਅਤੇ ਨਾ ਹੀ ਹੋਰਨਾਂ ਵਿਧੀਆਂ ਨੂੰ ਇਹ ਹੱਕ ਦਿੱਤਾ ਜਾ ਸਕਦਾ ਹੈ ਕਿ ਉਹ ਸਾਹਿੱਤ-ਵਿੱਦਿਆ ਨੂੰ ਸੁਤੰਤਰ-ਵਿੱਦਿਆ ਬਣਾਉਣ ਦੇ ਆਹਰ ਵਿੱਚ, ਇਤਿਹਾਸਕ-ਸਥਿਤੀਆਂ ਅਤੇ ਸੰਦਰਭ ਤੋਂ ਨਿਰਲੇਪ ਜਾਂ ਨਿਰਪੇਖ ਚਿੰਤਨ ਵਿੱਚ ਲੀਨ ਹੋ ਜਾਣ।

●

"ਅਮਰ ਸ਼ਹੀਦ ਮੇਵਾ ਸਿੰਘ ਲੋਪੋਕੇ" ਨਾਵਲ ਦਾ ਪ੍ਰੇਰਣਾ-ਸਰੋਤ ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ-ਅਮਰੀਕਾ ਵਿੱਚ ਵਿੱਕਸਤ ਹੋਈ ਗ਼ਦਰ ਲਹਿਰ ਦੇ ਕੈਨੇਡਾ ਨਾਲ ਸੰਬੰਧਤ ਕੁਝ ਇਤਿਹਾਸਕ ਅੰਸ਼ ਹਨ। ਕੈਨੇਡਾ ਸਰਕਾਰ ਦੀ ਨਸਲਵਾਦੀ ਰਾਜਨੀਤੀ ਕਾਰਣ ਇਮੀਗਰੇਸ਼ਨ ਮਹਿਕਮੇ ਦੇ ਇੰਸਪੈਕਟਰ ਵਿਲੀਅਮ ਹਾਪਕਿਨਸਨ ਦੀ ਸ਼ਹਿ ਉੱਤੇ ਬੇਲਾ ਸਿੰਘ, ਭਾਗ ਸਿੰਘ ਅਤੇ ਬਤਨ ਸਿੰਘ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੰਦਾ ਹੈ। ਇਹ ਸਾਕਾ ਸਤੰਬਰ 1914 ਵਿੱਚ ਵੈਨਕੂਵਰ ਗੁਰਦੁਆਰੇ ਵਿੱਚ ਵਾਪਰਦਾ ਹੈ। ਸਿੱਟੇ ਵਜੋਂ ਮੇਵਾ ਸਿੰਘ, ਗ਼ਦਰ ਲਹਿਰ ਸਰਗਰਮੀਆਂ ਅਤੇ ਹੁਣੇ ਹੁਣੇ ਵਾਪਰੇ ਕਾਮਾਗਾਟਾ ਮਾਰੂ ਦੁਖਾਂਤ ਕਾਰਨ ਵਿੱਕਸਤ ਹੋ ਰਹੇ ਦੇਸ਼-ਭਗਤ ਜਜ਼ਬਿਆਂ ਦੀ ਪਰਚੰਡਤਾ ਅਧੀਨ ਕਚਹਿਰੀ ਵਿੱਚ ਗਵਾਹੀ ਦੇਣ ਆਏ ਹਾਪਕਿਨਸਨ ਨੂੰ ਮਾਰ ਦਿੰਦਾ ਹੈ ਅਤੇ ਫਾਂਸੀ ਚੜ੍ਹਾ ਦਿੱਤਾ ਜਾਂਦਾ ਹੈ। ਇਤਿਹਾਸਕ ਤੌਰ ਤੇ ਇਸ ਨਾਵਲ ਦੀ ਕਥਾ ਦਾ ਸਮਾਂ ਲੱਗਭੱਗ, ਵੈਨਕੂਵਰ ਗੁਰਦੁਆਰੇ ਦੀ ਸ਼ੁਰੂਆਤ (1906) ਤੋਂ ਲੈ ਕੇ ਮੇਵਾ ਸਿੰਘ ਦੇ ਫਾਂਸੀ ਚੜ੍ਹਨ (11 ਜਨਵਰੀ 1915) ਤੱਕ ਫੈਲਿਆ ਹੋਇਆ ਹੈ। ਕੈਨੇਡਾ ਵਿੱਚ ਰੋਜ਼ੀ-ਰੋਟੀ ਕਮਾਉਣ ਆਏ ਹਿੰਦੁਸਤਾਨੀਆਂ ਦਾ (ਵਿਸ਼ੇਸ਼ ਕਰਕੇ ਪੰਜਾਬੀਆਂ ਦਾ) ਸਿਆਸੀ ਵਿਕਾਸ, ਗੁਰਦੁਆਰੇ ਵਿੱਚ ਹੀ ਵਾਪਰਦਾ ਹੈ, ਜਿਸ ਬਾਰੇ ਬਲਵੰਤ ਸਿੰਘ ਖੁਰਦਪੁਰੀ ਦਾ ਇਤਿਹਾਸਕ-ਪਾਤਰ ਤੀਜੇ ਕਾਂਡ ਵਿੱਚ ਇਸ਼ਾਰਾ ਕਰਦਾ ਹੈ :

"ਸਾਧ ਸੰਗਤ ਬੇਅਦਬੀ ਮਾਫ਼ ਕਰੇ, ਮੈਂ ਤਾਂ ਗੁਰਦੁਆਰੇ ਦੀ ਸੰਗਤ ਨੂੰ
"ਮਜ਼ਦੂਰ ਸਭਾ" ਕਹਿਣ ਨੂੰ ਵੀ ਤਿਆਰ ਹੋ ਰਿਹਾ ਹਾਂ।"

ਇਸ ਇਤਿਹਾਸਕ ਕਥਾ-ਜਗਤ ਨੂੰ ਆਪਣੇ ਸਿਰਜਣਾਤਕ ਵਿਵੇਕ ਅਧੀਨ ਨਾਵਲੀ-ਜਗਤ ਵਿੱਚ ਬੰਨਣ ਲਈ ਮੁਖ ਤੌਰ 'ਤੇ ਇਹ 'ਦਵੰਦ' ਵਰਤੇ ਗਏ ਹਨ :

1. ਸੁਤੰਤਰਤਾ ਅਤੇ ਗੁਲਾਮੀ ਦੀ ਭਾਵਨਾ ਦਾ ਦਵੰਦ

## ਸੂਰਜ ਕਿਵੇਂ ਰਿਝਾਵਾਂ ?

ਜਸਵੰਤ ਸਿੰਘ ਨੇਕੀ

ਦਸੋ ਨੀ, ਮੈਂ ਸੂਰਜ ਕਿਵੇਂ ਰਿਝਾਵਾਂ ?
ਅੰਦਰ ਮੇਰੇ ਤੁਰਿਆ ਫਿਰਦਾ
ਖੋਲੇ ਦਾ ਪਰਛਾਵਾਂ।

ਗਿਰਦ ਉਸਾਰੀ ਕੰਧ ਕੁਆਰੀ
ਅੰਦਰ ਮੇਰੇ ਸੁੰਨਾਂ,
ਸੁੰਨਾਂ ਵਿਚ ਨਿਸਰੰਗੀਆਂ ਛਾਵਾਂ
ਵਿਚ ਪਰਛਾਵਾਂ ਰੁੰਨਾਂ।
ਏਸ ਵਿਲਕਦੀ ਛਾਇਆ ਦਾ ਵੀ
ਸੂਰਜ ਹੀ ਸਿਰਨਾਵਾਂ।

ਜਿਨ ਸੂਰਜ ਇਹ ਛਾਵਾਂ ਘਲੀਆਂ,
ਉਹ ਕੱਚ-ਕੰਧਾਂ ਓਹਲੇ।
ਕੱਚੜੀ ਠੰਡ ਮੇਰੇ ਕਾਲਬ ਵਿਚ
ਪਾਰੋਂ ਬੈਠਾ ਘੋਲੇ।
ਫਿਰ ਜੇ ਧੁੱਪ ਮੇਰੇ ਤੇ ਹੱਸੇ,
ਕਿਸ ਨੂੰ ਦੱਸਣ ਜਾਵਾਂ ?

ਨਾ ਘੱਟ ਫੁਟਦਾ, ਨਾ ਮੱਟ ਤੁਟਦਾ,
ਨਾ ਸੁੰਨ ਅੰਦਰੋਂ ਜਾਂਦੀ।
ਛੂਣੀ ਵੀ ਜੇ ਪਲ ਭਰ ਉਠਦੀ
ਕਿਰਨ ਕੋਈ ਘੁਰ ਆਂਦੀ।
ਅਪਣੇ ਹੀ ਕੱਚ-ਕੱਜਣ ਹੇਠਾਂ
ਕਾਲਾ ਦਰਦ ਹੰਢਾਵਾਂ।

ਇਕੋ ਤਾਂ ਸਾਡਾ ਪਿੰਡਾ ਤਿੜਕੇ
ਖਖੜੀ ਖਖੜੀ ਹੋਵੇ,
ਇਕੋ ਤਾਂ ਸੂਰਜ ਅੰਬਰ ਛਡ ਕੇ
ਅੰਦਰ ਆਣ ਖਲੋਵੇ।
ਭਰ ਭਰ ਬੁੱਕਾਂ ਧੁੱਪਾਂ ਵੰਡਾਂ
ਜਿਥੇ ਕਿਥੇ ਜਾਵਾਂ।

ਪਰ ਹੁਣ ਜ਼ੁਲਫ਼ਾਂ ਦੀ ਛਾਂ ਥੱਲੇ
ਪਿਆਰੀ ਨੀਂਦਰ ਆਂਦੀ ਨਾ।
ਨਿਜੀ ਪਿਆਰ ਦੇ ਠੇਕੇ ਉਤੇ
ਰੂਹ ਮੇਰੀ ਨਸ਼ਿਆਂਦੀ ਨਾ।

ਮੈਂ ਕੁਰਾਲੀ ਇਸ਼ਕ ਵਾਲੀ
ਤੜਪ ਬਦਲੀ ਵੇਗ ਵਿਚ,
ਹੌਲੀ ਹੌਲੀ ਬਣ ਗਿਆ
ਮਿਤਰਾਂ ਦਾ ਗ਼ਮ ਲੋਕਾਂ ਦਾ ਗ਼ਮ

ਹੋਣ ਲਗਾ ਘੋਲ ਯਾਰੋ ਲੋਕਾਂ ਅਤੇ ਜੋਕਾਂ ਦਾ,
ਹੋਵਣਾ ਨਬੇੜਾ ਅਜ ਮਹਿਲਾਂ ਅਤੇ ਢੋਕਾਂ ਦਾ,
ਛਿੰਜ ਵਿਚ ਆਣ ਲਥੇ ਸੱਤ ਤੇ ਕੁੱਸਤ ਜੀ
ਉਠੋ ਕਿਰਸਾਨੋ ਵੇਲਾ ਆਵਣਾ ਨਾ ਵਤ ਜੀ।

Large Selection of
Punjabi Books
For Sale

SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੇਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

2. ਸਿਖ-ਧਾਰਮਕਤਾ ਤੋਂ ਦੇਸ਼-ਭਗਤ ਹਿੰਦੁਸਤਾਨੀਅਤ ਵੱਲ ਵਿਕਾਸ ਨਾਲ ਸੰਬੰਧਤ ਦਵੰਦ
3. ਨਾਵਲੀ-ਜਗਤ ਦੇ ਪਾਤਰ ਮੇਵਾ ਸਿੰਘ, ਬੇਲਾ ਸਿੰਘ ਅਤੇ ਹਾਪਕਿਨਸਨ ਦੇ ਮਾਨਸਕ ਦਵੰਦ
4. ਦੇਸ਼-ਭਗਤੀ ਵੱਲ ਝੁਕ ਰਹੇ ਅਤੇ ਦੇਸ਼-ਭਗਤੀ ਤੋਂ ਨਿਰਲੇਪ ਰਹਿਣ ਵਾਲੇ ਹਿੰਦੁਸਤਾਨੀਆਂ ਦੇ ਦਵੰਦ
5. ਬਦੇਸ਼ੀ ਹਿੰਦੁਸਤਾਨੀ ਗ਼ਦਰੀਆਂ ਉੱਤੇ ਸਮਾਜਵਾਦੀ ਪ੍ਰਭਾਵਾਂ ਦੀ ਸ਼ੁਰੂਆਤ ਨਾਲ ਪੈਦਾ ਹੋਣ ਵਾਲੇ ਰਾਜਨੀਤਕ ਦਵੰਦ
6. ਹਿੰਦੁਸਤਾਨੀ ਕਾਮਿਆਂ ਅਤੇ ਕੈਨੇਡਾ ਦੀ ਨਸਲਵਾਦੀ ਸਰਕਾਰ ਦਾ ਦਵੰਦ
7. ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰ ਅਤੇ ਕੈਨੇਡਾ ਸਰਕਾਰ ਦਾ ਦਵੰਦ
8. ਦੇਸ਼-ਭਗਤ ਗਦਰੀਆਂ ਅਤੇ ਵਿਰੋਧੀ ਗੱਦਾਰਾਂ ਦਾ ਦਵੰਦ
9. ਨਵੇਂ ਦੇਸ਼ ਵਿੱਚ ਆ ਕੇ ਵਸਣ ਵਿੱਚੋਂ ਪੈਦਾ ਹੋਣ ਵਾਲੇ ਸਾਂਸਕ੍ਰਿਤਕ ਦਵੰਦ

ਸਮੁੱਚਾ ਨਾਵਲੀ-ਜਗਤ ਇਨ੍ਹਾਂ ਦਵੰਦਾਂ ਨੂੰ ਸੂਤਰਬੱਧ ਕਰਨ ਵਾਲੇ ਰਚਨਾਤਮਕ ਵਿਵੇਕ ਰਾਹੀਂ ਲੰਘਕੇ ਹੀ ਆਪਣੇ ਅਰਥ ਗ੍ਰਹਿਣ ਕਰਦਾ ਹੈ ।

ਰੂਪਕ ਪੱਧਰ ਉੱਤੇ ਇਹ ਅਰਥ ਇੱਕ ਨਿਰ-ਉਚੇਚ ਯਥਾਰਥਵਾਦੀ ਵਿਧੀ ਦੇ ਰੂਪ ਵਿੱਚ ਵਿੱਕਸਤ ਹੁੰਦੇ ਹਨ । ਟੱਕਰ ਭਾਵੇਂ ਰੂਹ ਮੁਹੰਮਦ ਅਤੇ ਦੇਵੀ ਚੰਦ ਦੇ 'ਡਾਲਿਆਂ' ਨਾਲ ਸੰਬੰਧਤ ਹੋਵੇ; ਮਾਘੀ ਰਾਮ ਅਤੇ ਚੇਤ ਸਿੰਘ ਦੀਆਂ ਟਿੱਚਰਾਂ ਨਾਲ; ਮੇਵਾ ਸਿੰਘ ਦੇ ਹਾਪਕਿਨਸਨ ਉੱਤੇ ਸਿੱਧੀ ਗੋਲੀ ਚਲਾਉਣ ਨਾਲ; ਭਾਵੇਂ ਸੋਹਣ ਲਾਲ ਪਾਠਕ, ਹਸਨ ਰਹੀਮ, ਤਾਰਕ ਨਾਥ ਦਾਸ, ਬਲਵੰਤ ਸਿੰਘ, ਭਗਵਾਨ ਸਿੰਘ, ਭਾਗ ਸਿੰਘ ਦੇ ਰਾਜਸੀ ਵਿਚਾਰਾਂ ਦੇ ਪ੍ਰਗਟਾ ਨਾਲ ਸੰਬੰਧਤ ਹੋਵੇ — ਨਾਵਲ ਵਿਸ਼ੇਸ਼ ਕਿਸਮ ਦੀ ਸਹਿਜਤਾ ਨਾਲ ਤੁਰਦਾ ਰਹਿੰਦਾ ਹੈ । ਨਾਵਲੀ-ਜਗਤ ਦੇ ਪਾਤਰਾਂ ਦੀਆਂ ਮਾਨਸਕ ਤੈਹਾਂ ਹੌਲੀ ਹੌਲੀ ਖੁਲਦੀਆਂ ਅੰਤਮ ਟੱਕਰ (ਮੇਵਾ ਸਿੰਘ ਅਤੇ ਹਾਪਕਿਨਸਨ) ਤੱਕ ਜਾ ਪੁਜਦੀਆਂ ਹਨ । ਕੇਸਰ ਸਿੰਘ ਦੀ ਇਸ ਨਿਰ-ਉਚੇਚ ਰੂਪਕ ਵਿਧੀ ਦਾ ਜ਼ਿਕਰ ਡਾ: ਜੋਗਿੰਦਰ ਸਿੰਘ ਰਾਹੀ ਦੇ ਇੱਕ ਵਿਸ਼ਲੇਸ਼ਣ ਵਿੱਚ ਵੀ ਪ੍ਰਾਪਤ ਹੁੰਦਾ ਹੈ : "ਕੇਸਰ ਸਿੰਘ ਦੀ ਮੁੱਖ ਵਿਧੀ ਵੇਰਵੇ ਦਾ ਯਥਾਰਥ ਹੈ ਜੋ ਵਿਧੀਵਾਦੀ ਉਚੇਚ ਦੀ ਨਹੀਂ, ਸਗੋਂ ਰਚਨਾ-ਵਸਤੂ ਦੇ ਸਿੱਧੇ ਅਨੁਭਵ ਦੀ ਉਪਜ ਹੈ । ਵਿਧੀ ਰਚਨਾ-ਵਸਤੂ ਵਿੱਚੋਂ ਉਪਜੇ ਤਾਂ ਸਾਧਾਰਣ ਹੋਣ ਦੇ ਬਾਵਜੂਦ ਵੀ ਸਾਰਥਕ ਹੋ ਸਕਦੀ ਹੈ । ਇਸ ਅਨੁਭਵ ਲਈ "ਜੰਗੀ ਕੈਦੀ" ਦਾ ਅਧਿਐਨ ਲਾਭਕਾਰੀ ਹੋਵੇਗਾ ।"

ਵਸਤੂ ਦੀ ਪੱਧਰ ਉੱਤੇ ਇਹ ਅਰਥ ਉਸ ਸਮੇਂ ਦੇ ਕੈਨੇਡਾ ਵਿੱਚ ਮੁਖ ਆਰਥਕ, ਰਾਜਨੀਤਕ, ਸਮਾਜਕ ਅਤੇ ਧਾਰਮਕ ਰੁਝਾਨਾਂ ਦੀ ਪੇਸ਼ਕਾਰੀ ਵਿੱਚ ਰੂਪਮਾਨ ਹੁੰਦੇ ਹਨ ਨਾਵਲੀ-ਜਗਤ ਵਿੱਚ ਗ਼ਦਰ ਲਹਿਰ ਨਾਲ ਸੰਬੰਧਤ ਨਾਇਕ-ਪੱਖ ਦਾ ਵਿਕਾਸ ਅਤੇ ਗ਼ਦਰ ਵਿਰੋਧੀ ਖਲਨਾਇਕ-ਪੱਖ ਦਾ ਵਿਕਾਸ, ਇਨ੍ਹਾਂ ਰੁਝਾਨਾਂ ਦੀ ਪੇਸ਼ਕਾਰੀ ਦੇ ਅੰਤਰਗਤ ਹੀ, ਨਿਰੰਤਰ ਵਾਪਰਦਾ ਰਹਿੰਦਾ ਹੈ । ਬੇਲਾ ਸਿੰਘ, ਉਸਦੇ ਸਾਥੀਆਂ ਅਤੇ ਹਾਪਕਿਨਸਨ ਦਾ ਪੱਖ ਉਸੇ ਸ਼ਪੱਸ਼ਟਤਾ ਨਾਲ ਦਿਖਾਇਆ ਗਿਆ ਹੈ, ਜਿੰਨੀ ਸਪੱਸ਼ਟਤਾ ਨਾਲ ਮੇਵਾ ਸਿੰਘ ਅਤੇ ਉਸਦੇ ਸਾਥੀਆਂ ਦਾ ਪੱਖ । ਨਾਇਕ-ਪੱਖ ਅਤੇ ਖਲਨਾਇਕ-ਪੱਖ ਦੀ ਸਮਾਨੰਤਰ ਅਤੇ ਅਨੁਪਾਤ-ਅਨੁਸਾਰ ਪਾਤਰ-ਉਸਾਰੀ ਨਾਵਲਕਾਰ ਦੇ ਸੰਤੁਲਤ ਨਾਵਲੀ-ਵਿਵੇਕ ਦੀ ਸੂਚਕ ਹੈ । ਪੰਜਾਬੀ ਨਾਵਲ ਜ਼ਿਆਦਾਤਰ ਨਾਇਕ-ਮੁਖੀ ਹੈ; ਖਲਨਾਇਕ-ਪੱਖ ਅਕਸਰ ਅਧੂਰਾ ਜਾਂ ਅਣਕਹਿਆ ਛੱਡ ਦਿੱਤਾ ਜਾਂਦਾ ਹੈ ।

ਨਾਵਲ ਦੇ ਨਾਮ ਤੋਂ ਭਾਵੇਂ ਇਸਦੇ ਨਾਇਕ-ਮੁਖੀ ਹੋਣ ਦਾ ਭੁਲੇਖਾ ਪੈਂਦਾ ਹੈ ਪਰ ਸਿਰਜਤ-ਨਾਵਲੀ-ਜਗਤ ਨਾਇਕ-ਮੁਖੀ ਨਹੀਂ ਹੈ । ਮੇਵਾ ਸਿੰਘ ਦੇ ਪਾਤਰ ਨੂੰ ਓਨੀ ਕੁ ਹੀ ਨਾਵਲੀ-ਮਹੱਤਤਾ ਹਾਸਲ ਹੁੰਦੀ ਹੈ, ਜਿੰਨੀ ਕੁ ਇਤਿਹਾਸਕ ਸੱਚ ਨਾਲ ਮੇਲ ਖਾਂਦੀ ਹੈ । ਇਤਿਹਾਸਕ ਸੱਚ ਇਹ ਹੈ ਕਿ ਮੇਵਾ ਸਿੰਘ ਇੱਕ ਸਾਧਾਰਣ ਸੂਝ ਬੂਝ ਵਾਲਾ ਇਨਸਾਨ ਸੀ । ਸਿਧਾਂਤਕ ਸੂਝ ਬੂਝ ਉਸ ਵਿੱਚ ਹੋਰ ਸਿਰਜਤ ਪਾਤਰਾਂ (ਬਲਵੰਤ ਸਿੰਘ ਖੁਰਦਪੁਰ, ਤਾਰਕ ਨਾਥ ਦਾਸ, ਤੇਜਾ ਸਿੰਘ, ਸੋਹਣ ਲਾਲ, ਹਸਨ ਰਹੀਮ, ਹਰਨਾਮ ਸਿੰਘ ਕਾਹਰੀ ਸਾਹਰੀ, ਭਾਗ ਸਿੰਘ ਜਾਂ ਭਗਵਾਨ ਸਿੰਘ) ਜਿੰਨੀ ਨਹੀਂ ਸੀ । ਬੁਨਿਆਦੀ ਤੌਰ 'ਤੇ ਉਹ ਸਿੱਖ-ਇਤਿਹਾਸ ਤੋਂ ਪ੍ਰਭਾਵਤ ਧਾਰਮਕ ਰੁਚੀਆਂ ਦਾ ਮਾਲਕ ਸੀ । ਸਿਧਾਂਤਕਾਰ ਹੋਣ ਦੀ ਥਾਂ ਇੱਕ ਅਮਲੀ ਵਰਕਰ ਹੋਣ ਕਰਕੇ ਉਹ ਗ਼ਦਰ ਲਹਿਰ ਨੂੰ ਸਿਧਾਂਤਕ ਪੱਧਰ 'ਤੇ ਵਿੱਕਸਤ ਕਰਨ ਵਾਲਾ ਰਾਹ ਨਹੀਂ ਚੁਣਦਾ, ਸਗੋਂ ਦਰਪੇਸ਼-ਇਤਿਹਾਸਕ ਸਮੱਸਿਆ ਦਾ ਫੌਰੀ-ਹੱਲ ਵਿਅਕਤੀਗਤ ਕਤਲ ਵਿੱਚ ਦੇਖਦਾ ਹੈ । ਹਾਪਕਿਨਸਨ ਦੇ ਵਿਅਕਤੀਗਤ ਕਤਲ; ਅਤੇ ਇਸਦੇ ਸਿੱਟੇ ਵਜੋਂ ਮਿਲਣ ਵਾਲੀ ਕਿਸੇ ਵੀ ਸਜ਼ਾ ਦੇ ਰੂਪ ਵਿੱਚ ਦਿੱਤੀ ਜਾਣ ਵਾਲੀ ਕੁਰਬਾਨੀ ਤੋਂ ਬਿਨਾਂ ਨਾ ਤਾਂ ਉਹ ਸਮੱਸਿਆ ਦਾ ਕੋਈ ਹੱਲ ਸੋਚਦਾ ਹੀ ਹੈ ਅਤੇ ਨਾ ਹੀ ਸਿਧਾਂਤਕ ਤੌਰ 'ਤੇ ਏਧਰ ਉਸਦਾ ਕੋਈ ਰੁਝਾਨ ਹੈ । ਮੇਵਾ ਸਿੰਘ ਬੁਨਿਆਦੀ ਤੌਰ 'ਤੇ ਖੁਦ ਭਾਵੇਂ ਸਿਧਾਂਤਕਾਰ ਬੁੱਧੀਜੀਵੀ ਨਹੀਂ, ਪਰ ਗ਼ਦਰ-ਲਹਿਰ ਦੇ ਬੁੱਧੀਜੀਵੀਆਂ ਪ੍ਰਤੀ ਉਸਦਾ ਰਵੱਈਆ ਸ਼ਰਧਾਵਾਨਾਂ ਵਾਲਾ ਹੈ । ਠੋਸ, ਸ਼ਾਂਤ, ਮਿਹਨਤੀ ਅਤੇ ਖਾਮੋਸ਼-ਤਬੀਅਤ ਕਾਮੇ ਵਜੋਂ ਸਾਥੀ ਕਾਮਿਆਂ ਵੱਲ ਵੀ ਉਸਦਾ ਰਵੱਈਆ ਸਤਿਕਾਰ ਵਾਲਾ ਹੈ । ਮੇਵਾ ਸਿੰਘ ਦਾ ਇਹੋ ਰਵੱਈਆ ਉਸਦੇ ਪਾਤਰ ਨੂੰ ਨਾਵਲੀ-ਸੂਤਰ ਵਿੱਚ ਬੰਨਣ ਲਈ ਸਿਰਜੇ ਗਏ ਇਤਿਹਾਸਕ ਅਤੇ ਕਲਪਤ ਪਾਤਰਾਂ ਨਾਲ ਉਸਦੇ ਵਿਹਾਰ ਵਿਚੋਂ ਮਿਲਦਾ ਹੈ । ਮੇਵਾ ਸਿੰਘ ਦੇ ਪਾਤਰ ਦਾ ਇਹ ਰਵੱਈਆ ਜਦੋਂ ਨਾਵਲੀ-ਜਗਤ ਵਿੱਚੋਂ ਆਪਣੇ ਅਰਥ ਗ੍ਰਹਿਣ ਕਰਦਾ ਹੈ ਤਾਂ ਨਾਵਲ-ਸੰਰਚਨਾ ਵਿੱਚੋਂ ਕੁਝ ਮਹੱਤਵਪੂਰਨ ਨੁਕਤਿਆਂ ਦੇ ਦਰਸ਼ਨ ਹੁੰਦੇ ਹਨ ।

ਪਹਿਲਾ ਨੁਕਤਾ ਇਹ ਹੈ ਕਿ ਨਾਵਲੀ-ਜਗਤ ਵਿੱਚ ਮੇਵਾ ਸਿੰਘ ਦੇ ਪਾਤਰ ਦਾ ਸੁਭਾਅ ਆਪਣੇ ਗੁਣਾਂ-ਔਗੁਣਾਂ ਸਮੇਤ ਇੱਕ ਮਨੁੱਖ ਵਾਲਾ ਉਘੜਦਾ ਹੈ, ਔਗੁਣ-ਰਹਿਤ ਦੇਵਤਾ-ਸਰੂਪ ਵਿਅਕਤੀ ਵਾਲਾ ਨਹੀਂ । ਕਲਪਤ ਮਾਤਰ ਮਾਘੀ ਜਦੋਂ ਮੇਵਾ ਸਿੰਘ ਦਾ ਮਿਲ ਮਾਲਕ ਦੇ ਪੁੱਤਰ ਫਰੈਂਡ ਨਾਲ ਵਾਈਨ ਪੀ ਲੈਣਾ ਉਸਦਾ ਇੱਕ ਔਗੁਣ ਸਮਝਦਾ ਹੈ (ਕਾਂਡ 11) ਜਾਂ ਇਤਿਹਾਸਕ ਪਾਤਰ ਸੋਹਣ ਲਾਲ ਪਾਠਕ (ਕਾਂਡ 70) ਜਦੋਂ ਮੇਵਾ ਸਿੰਘ ਦੀ ਕਾਮਾਗਾਟਾ ਮਾਰੂ ਵਿੱਚ ਹੀ ਵਾਪਸ ਦੇਸ਼ ਪਰਤ ਜਾਣ ਦੀ ਖਤਰੇ-ਭਰਪੂਰ ਖਾਹਸ਼ ਨੂੰ ਇਕ ਔਗੁਣ ਸਮਝਦਾ ਹੈ ਤਾਂ ਪਾਤਰ ਮੇਵਾ ਸਿੰਘ ਇਨ੍ਹਾਂ ਦੋਹਾਂ ਪਾਤਰਾਂ ਕੋਲ ਆਪਣੇ ਆਪ ਨੂੰ ਅਗੁਣ-ਰਹਿਤ ਸਿੱਧ ਕਰਨ ਦੀ ਕੋਸ਼ਿਸ਼ ਨਹੀਂ ਕਰਦਾ — ਜਾਂ ਸਪੱਸ਼ਟੀਕਰਣ ਦਿੰਦਾ ਹੈ ਜਾਂ ਗਲਤੀ ਸਵੀਕਾਰ ਕਰਦਾ ਹੈ ।

ਦੂਜਾ ਨੁਕਤਾ ਨਾਵਲ ਦੇ ਬਾਕੀ ਇਤਿਹਾਸਕ ਪਾਤਰਾਂ ਨਾਲ ਸੰਬੰਧਤ ਹੈ । ਮੇਵਾ ਸਿੰਘ ਦੇ ਸਮਕਾਲੀ ਇਤਿਹਾਸਕ ਪਾਤਰਾਂ ਸੋਹਣ ਲਾਲ, ਹਸਨ ਰਹੀਮ, ਬਲਵੰਤ ਸਿੰਘ ਅਤੇ ਭਗਵਾਨ ਸਿੰਘ, (ਜਿਹੜੇ ਇਤਿਹਾਸਕ-ਸੱਚ ਅਨੁਸਾਰ ਬਾਅਦ ਵਿਚ ਗ਼ਦਰ ਲਹਿਰ ਵਿੱਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ) ਦਾ ਵਿਕਾਸ ਵੀ ਨਾਵਲ-ਕਥਾ ਵਿੱਚ ਮੇਵਾ ਸਿੰਘ ਦੇ ਸਮਾਨੰਤਰ ਹੀ ਹੁੰਦਾ ਹੈ । ਮੇਵਾ ਸਿੰਘ ਇਸ ਨਾਵਲ-ਕਥਾ ਵਿੱਚ ਭਾਵੇਂ ਮੁਖ ਰੋਲ ਅਦਾ ਕਰਦਾ ਹੈ, ਪਰ ਸਮੁੱਚੀ ਗ਼ਦਰ ਲਹਿਰ ਦੇ ਇਤਿਹਾਸਕ ਸੰਦਰਭ ਵਿੱਚ, ਬਹੁਤ ਸਾਰੇ ਹੋਰ ਵਿਅਕਤੀ ਉਸਤੋਂ ਵਡੇਰਾ ਰੋਲ ਅਦਾ ਕਰਦੇ ਹਨ । ਨਾਵਲੀ-ਜਗਤ ਵਿੱਚ ਮੇਵਾ ਸਿੰਘ ਦਾ ਪਾਤਰ ਨਾ ਤਾਂ ਉਪਰੋਕਤ ਵਡੇਰੀਆਂ ਇਤਿਹਾਸਕ ਸ਼ਖਸ਼ੀਅਤਾਂ ਵਾਲੇ ਪਾਤਰਾਂ ਦੇ ਰੂਬਰੂ ਗ੍ਰਹਿਣਿਆ ਜਾਂਦਾ ਹੈ ਅਤੇ ਨਾ ਹੀ ਇਤਿਹਾਸਕ ਸੱਚ ਦੀ ਉਲੰਘਣਾ ਕਰਕੇ ਉਹਨਾਂ ਦੇ ਰੂਬਰੂ ਉਚਿਆਇਆ ਜਾਂਦਾ ਹੈ ।

ਤੀਜਾ ਨੁਕਤਾ ਨਾਵਲੀ-ਜਗਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਿਰਜੇ ਗਏ ਕਲਪਤ ਪਾਤਰਾਂ ਨਾਲ ਸੰਬੰਧਤ ਹੈ । ਮਾਘੀ ਰਾਮ, ਚੇਤ ਸਿੰਘ, ਦੌਲਤ ਖਾਨ, ਕਿਸ਼ਨ ਸਿੰਘ, ਬਿਸ਼ਨ ਸਿੰਘ, ਦਲੀਪ ਸਿੰਘ, ਨਾਜ਼ਰ ਸਿੰਘ, ਫਰੈਂਡ, ਸੂਜ਼ਨ, ਫੂਜੀਯਾਮਾ, ਚਿਨ ਲੀਅ, ਪਾਦਰੀ ਆਦਿ ਅਜਿਹੇ ਪਾਤਰ ਹਨ, ਜਿੰਨ੍ਹਾਂ ਦੇ ਇਤਿਹਾਸਕ ਹੋਣ ਦਾ ਪ੍ਰਮਾਣ ਲੱਭਣਾ ਕਠਿਨ ਹੈ । ਇਨ੍ਹਾਂ ਕਲਪਤ ਪਾਤਰਾਂ ਵਿੱਚ ਵਿਸ਼ੇਸ਼ ਸਥਾਨ ਮਾਘੀ ਰਾਮ ਦੇ ਪਾਤਰ ਦਾ ਹੈ; ਜੋ ਬੇਪ੍ਰਵਾਹ, ਚਿੰਤਾ-ਰਹਿਤ, ਮਲੰਗ ਕਿਸਮ ਦੇ, "ਰੰਨ ਚੜ੍ਹ ਗਈ ਕਿੱਕਰ ਦੀ ਟੀਸੀ, ਕੰਡਾ ਉਹਨੂੰ ਇਕ ਨਾ ਚੁਭੇ" ਵਰਗੀਆਂ ਬੋਲੀਆਂ ਪਾਉਣ ਵਾਲੇ, ਟਿੱਚਰੀ ਅਤੇ ਸ਼ਰਾਬੀ-ਕਬਾਬੀ ਸੁਭਾਅ ਦਾ ਮਾਲਕ ਹੈ । ਨਾਵਲ ਦੇ 48ਵੇਂ ਕਾਂਡ ਵਿੱਚ ਜਦੋਂ ਪ੍ਰੋਫੈਸਰ ਤੇਜਾ ਸਿੰਘ ਦਾ ਇਤਿਹਾਸਕ-ਪਾਤਰ ਕਹਿੰਦਾ ਹੈ "ਕਿਸੇ ਦਿਨ ਇਸ ਸੱਜਣ ਦੇ ਦਰਸ਼ਨ ਕਰੌਣੇ", ਤਾਂ ਅਸਲ ਵਿੱਚ ਨਾਵਲਕਾਰ ਇਸ ਕਲਪਤ ਪਾਤਰ ਦੀ ਲੋੜ ਨੂੰ ਨਾਵਲੀ-ਸੰਰਚਨਾ ਦਾ ਮਹੱਤਵਪੂਰਨ ਅੰਗ ਮੰਨਣ ਬਾਰੇ ਹੀ ਸੰਕੇਤ ਕਰ ਰਿਹਾ ਹੈ । ਮਾਘੀ ਰਾਮ ਅਤੇ ਹੋਰ ਕਲਪਤ ਪਾਤਰ ਚੁਸਤ ਵਾਰਤਾਲਾਪ, ਹਾਸ-ਰਸ ਅਤੇ ਨਾਟਕੀਅਤ ਰਾਹੀਂ, ਇਸ ਇਤਿਹਾਸਕ-ਨਾਵਲ ਦੀ ਸੀਮਾ-ਬੱਧ ਖੁਸ਼ਕੀ ਨੂੰ ਘਟਾਉਂਦੇ ਹਨ । ਅਜਿਹਾ ਉਹ ਨਾਵਲੀ-ਜਗਤ ਦੀਆਂ ਲੋੜਾਂ ਅਨੁਸਾਰ, ਸਿਰਜਣਾਤਮਕ ਵਿਵੇਕ ਦਾ ਮਹੱਵਪੂਰਨ ਅੰਗ ਬਣਕੇ ਹੀ ਕਰਦੇ ਹਨ ਇਉਂ ਕਰਦੇ ਸਮੇਂ, ਇਹ ਪਾਤਰ ਇਤਿਹਾਸਕ ਪਾਤਰਾਂ ਉੱਤੇ ਭਾਰੂ ਹੋ ਕੇ ਇਤਿਹਾਸਕ ਸੱਚ ਨੂੰ ਗ਼ਲਤ-ਮਲਤ ਨਹੀਂ ਕਰਦੇ । ਨਾਨਕ ਸਿੰਘ ਦੁਆਰਾ 'ਇਕ ਮਿਆਨ ਦੋ ਤਲਵਾਰਾਂ' ਵਿੱਚ ਕਰਤਾਰ ਸਿੰਘ ਸਰਾਭਾ ਦੀ ਪ੍ਰੇਮਕਾ 'ਬੀਰੋ' ਦਾ ਕਲਪਤ ਪਾਤਰ; ਅਤੇ ਤ੍ਰਿਲੋਕ ਸਿੰਘ ਦੁਆਰਾ "ਜਲ੍ਹਿਆਂ ਵਾਲਾ ਬਾਗ" ਵਿੱਚ ਊਧਮ ਸਿੰਘ ਦੀ ਪ੍ਰੇਮਕਾ 'ਗੁਲਾਬ' ਦਾ ਕਲਪਤ ਪਾਤਰ ਜਦੋਂ ਪ੍ਰਾਪਤ ਇਤਿਹਾਸਕ-ਸੱਚ ਦੇ ਅਰਥ ਵਿਗਾੜਨ ਦਾ ਸੋਮਾ ਬਣਦੇ ਪ੍ਰਤੀਤ ਹੁੰਦੇ ਹਨ ਤਾਂ ਉਨ੍ਹਾਂ ਪਾਤਰਾਂ ਨੂੰ ਏਸੇ ਨੁਕਤੇ ਦੇ ਮਹੱਤਵ ਦੇ ਪਿਛੋਕੜ ਵਿੱਚ ਹੀ ਸਮਝਿਆ ਜਾ ਸਕਦਾ ਹੈ । ਇਤਿਹਾਸਕ ਨਾਵਲਾਂ ਵਿੱਚ ਕਲਪਤ ਜਾਂ ਅਣ-ਇਤਿਹਾਸਕ ਪਾਤਰਾਂ ਦੀ ਸਿਰਜਣਾ ਵਰਜਿਤ ਨਹੀਂ, ਸਗੋਂ ਬਹੁਤੀ ਵਾਰ ਜ਼ਰੂਰੀ ਹੁੰਦੀ ਹੈ, ਪਰ ਅਜਿਹੇ ਪਾਤਰਾਂ ਨੂੰ ਇਤਿਹਾਸਕ-ਸੱਚ ਦੀ ਉਲੰਘਣਾ ਕਰਨ ਦੀ ਆਗਿਆ ਦੇਣਾ ਇੱਕ ਗੰਭੀਰ ਕਲਾਤਮਕ ਅਤੇ ਇਤਿਹਾਸਕ ਦੋਸ਼ ਹੈ ।

ਤੀਜੇ ਨੁਕਤੇ ਵਿੱਚ ਨਾਨਕ ਸਿੰਘ ਅਤੇ ਤ੍ਰਿਲੋਕ ਸਿੰਘ ਦੇ ਨਾਵਲਾਂ ਦੇ ਹਵਾਲੇ ਵਿੱਚੋਂ ਇੱਕ ਹੋਰ ਨੁਕਤਾ ਸਹਿਜ-ਸੁਭਾ ਉਭਰਦਾ ਹੈ । ਉਹ ਹੈ ਪੰਜਾਬੀ ਨਾਵਲ ਵਿੱਚ ਪ੍ਰੀਤ-ਕਹਾਣੀਆਂ ਦੀ ਬੇਲੋੜੀ ਮਹੱਤਤਾ । ਪੰਜਾਬੀ ਦਾ ਲੱਗਭੱਗ ਹਰ ਜ਼ਿਕਰ-ਯੋਗ ਨਾਵਲ ਅਕਸਰ ਕਿਸੇ ਨਾ ਕਿਸੇ ਪ੍ਰੀਤ-ਕਹਾਣੀ ਦੁਆਲੇ ਹੀ ਸਿਰਜਿਆ ਜਾਂਦਾ ਰਿਹਾ ਹੈ । ਇਉਂ ਬਹੁਤੀ ਵੇਰ ਜ਼ਿੰਦਗੀ ਨਾਲ ਸੰਬੰਧਤ ਬਹੁਤ ਸਾਰੀਆਂ ਹੋਰ ਸਮੱਸਿਆਵਾਂ ਨੂੰ ਲੋੜੀਂਦਾ ਮਹੱਤਵ ਹਾਸਲ ਨਹੀਂ ਹੁੰਦਾ । ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਦੇ ਬਹੁਤੇ ਨਾਵਲ ਏਸੇ ਧਾਰਾ ਨਾਲ ਸੰਬੰਧਤ ਹਨ । ਪ੍ਰੀਤ, ਜ਼ਿੰਦਗੀ ਦੇ ਯਥਾਰਥ ਦਾ ਇੱਕ ਮਹੱਤਵਪੂਰਨ ਅੰਗ ਤਾਂ ਹੈ, ਪਰ ਇਕਲੌਤਾ ਜਾਂ ਸਮੁੱਚਾ ਯਥਾਰਥ ਨਹੀਂ । ਕੇਸਰ ਸਿੰਘ ਦੇ ਬਹੁਤੇ ਨਾਵਲ ਇਸ ਦੋਸ਼ ਤੋਂ ਮੁਕਤ ਹੋ ਕੇ ਹੀ ਨਾਵਲੀ-ਸੰਗਠਨ ਵਿੱਚ ਬੱਝਦੇ ਹਨ ।

ਚਰਚਾ-ਅਧੀਨ ਨਾਵਲ ਦਾ ਇਕ ਹੋਰ ਜ਼ਿਕਰ ਯੋਗ ਪਹਿਲੂ ਜਿਸ ਵੱਲ ਪਹਿਲਾਂ ਸੰਕੇਤ ਕੀਤਾ ਜਾ ਚੁਕਿਆ ਹੈ, ਉਹ ਹੈ : ਖਲਨਾਇਕ ਪੱਖ ਦੀ ਵਿਸਥਾਰਤ ਪੇਸ਼ਕਾਰੀ । ਕਈ ਕਾਂਡ ਬੇਲਾ ਸਿੰਘ ਅਤੇ ਉਸਦੇ ਸਾਥੀਆਂ ਦੀਆਂ ਰੰਗੀਨ ਮਹਿਫਲਾਂ ਬਾਰੇ ਹਨ । ਗ਼ਦਰ-ਵਿਰੋਧੀਆਂ ਦੀ ਨਿਗਾਹ ਵਿੱਚ ਦੇਸ਼-ਭਗਤੀ ਨਾਲੋਂ ਐਸ਼-ਇਸ਼ਰਤ, ਪੈਸਾ ਅਤੇ ਸ਼ਰਾਬ ਵਧੇਰੇ ਦਿਲ-ਲੁਭਾਣੀਆਂ ਹਨ । ਉਹ ਦੇਸ਼-ਭਗਤਾਂ ਦੇ ਵਿਅਕਤੀਗਤ ਗੁਣਾਂ ਦੇ ਕਦਰਦਾਨ ਹੁੰਦੇ ਹੋਏ ਅਤੇ ਕਾਲੇ ਰੰਗ ਕਾਰਣ ਨਸਲਪ੍ਰਸਤੀ ਦਾ ਸ਼ਿਕਾਰ ਹੁੰਦੇ ਹੋਏ ਵੀ, ਵਿਹਾਰ ਦੀ ਪੱਧਰ 'ਤੇ ਆਜ਼ਾਦੀ, ਦੇਸ਼-ਭਗਤੀ, ਕੁਰਬਾਨੀ ਅਤੇ ਗ਼ਦਰ ਦੇ ਸੰਕਲਪਾਂ ਨੂੰ ਅਪਰਵਾਨ ਕਰਦੇ ਹਨ ਅਤੇ ਗੁਲਾਮੀ, ਨਸਲਪ੍ਰਸਤੀ ਅਤੇ ਸਰਕਾਰ-ਭਗਤੀ ਨੂੰ ਪਰਵਾਨ ਕਰਦੇ ਹਨ । ਉਹਨਾਂ ਦੀਆਂ ਨਾਵਲੀ-ਮਹਿਫ਼ਲਾਂ ਜਿੱਥੇ ਉਨ੍ਹਾਂ ਦਾ ਗ਼ਦਰ-ਵਿਰੋਧੀ ਸਿਧਾਂਤਕ-ਪੱਖ ਉਘਾੜਦੀਆਂ ਹਨ, ਓਥੇ ਆਪਣੇ ਯਥਾਰਥਕ ਅਤੇ ਨਾਟਕ-ਸੁਭਾਅ ਕਾਰਣ ਇਤਿਹਾਸਕ-ਨਾਵਲ ਦੀ ਖੁਸ਼ਕੀ ਨੂੰ ਘਟਾ ਕੇ ਨਾਵਲੀ-ਰੂਪ-ਵਿਧਾਨ ਦੇ ਮਹੱਤਵਪੂਰਨ ਮੋਟਿਫ਼ ਬਣਦੀਆਂ ਹਨ । ਇਨ੍ਹਾਂ ਕਲਪਤ-ਮਹਿਫ਼ਲਾਂ ਵਿੱਚ ਸਿਰਜਿਆ ਗਿਆ ਗਲਪ-ਜਗਤ, ਸਮੁੱਚੇ ਨਾਵਲੀ-ਜਗਤ ਨੂੰ ਵਿਲੱਖਣ ਰੰਗ ਪਰਦਾਨ ਕਰਦਾ ਹੈ । ਨਾਵਲੀ-ਸੰਰਚਨਾ ਦੇ ਕਲਾਤਮਕ-ਸੂਤਰ ਵਿੱਚ ਬੰਨੇ ਹੋਣ ਕਰਕੇ, ਹੇਠ ਲਿਖੇ ਮੋਟਿਫ਼ ਵੀ ਏਸੇ ਦ੍ਰਿਸ਼ਟੀਕੋਣ ਤੋਂ ਸਾਡਾ ਧਿਆਨ ਖਿਚਦੇ ਹਨ :

1. ਟਾਊਟਾਂ ਦੀ ਦੁਰਦਸ਼ਾ (ਹਸਨ ਰਹੀਮ ਉੱਤੇ ਹਮਲਾ ਕਰਨ ਵਾਲੇ ਹੁਕਮਾ ਸਿੰਘ ਦੀ ਤੌਣੀ/ਕਾਂਡ 67 ; ਬੇਲਾ ਸਿੰਘ ਦੇ ਸੂਹੀਏ ਅਤੇ ਹਮਾਇਤੀ ਭਗਤ ਰਾਮ ਨੂੰ ਸਮੁੰਦਰ ਕੰਢੇ ਕੁੱਟ/ਕਾਂਡ 82) ਦੇ ਮੋਟਿਫ਼
2. ਚਰਚ ਦੇ ਪਾਦਰੀ ਦਾ ਧਰਮ ਦੀ ਅਸਲੀਅਤ ਉਘਾੜਨ ਵਾਲਾ ਮੋਟਿਫ਼, ਜੋ ਨਸਲਵਾਦੀ ਅਤੇ ਵਿਹਲੜ ਗੋਰਿਆਂ ਦਾ ਪੱਖ ਪੂਰਦਾ ਹੈ (ਕਾਂਡ 19)
3. ਮਿਲ ਮਾਲਕ ਫਰੈਂਡ ਦੇ ਪਿਤਾ ਦੀ ਮੇਵਾ ਸਿੰਘ ਵੱਲ ਮਨ-ਬਦਲੀ ਦਾ ਮੋਟਿਫ਼ (ਕਾਂਡ 107)

ਗੀਤ

(ਬੱਚੇ ਤੇ ਅਮਨ)

ਗੁਰਬਚਨ ਸਿੰਘ
ਆਜ਼ਾਦ

ਅਸੀਂ ਅਮਨਾਂ ਦੇ ਪਾਂਧੀ ਹਾਂ,
ਅਮਨ ਦੇ ਗੀਤ ਗਾਉਣੇ ਨੇ ।
ਅਸਾਂ ਘੁਗੀਆਂ ਨੇ ਬਾਜ਼ਾਂ ਦੇ,
ਸਿਰਾਂ ਤੇ ਗੀਟ ਢਾਉਣੇ ਨੇ ।

ਕਿਸੇ ਭੈਣਾਂ ਦੇ ਵੀਰਾਂ ਨੂੰ,
ਜੰਗਾਂ ਦਾ ਜਿੰਨ ਨਾ ਖਾਵੇ,
ਉਹਨਾਂ ਰੱਖੜੀ ਦੇ ਦਿਨ ਉਤੇ,
ਵੀਰਾਂ ਦੇ ਗੀਤ ਗਾਉਣੇ ਨੇ ।

ਟੈਂਕਾਂ ਦੀ ਨਰਕ ਅੱਗ 'ਚ,
ਮਾਵਾਂ ਦੇ ਪੁੱਤ ਨਾ ਪੈ ਜਾਵਣ,
ਉਹਨਾਂ ਘੋੜੀ ਤੇ ਚੜ੍ਹਦੇ ਦੇ,
ਸਿਹਰੇ ਦੇ ਗੀਤ ਗਾਉਣੇ ਨੇ ।

ਕਦੇ ਬਾਪੂ ਨੂੰ ਗੋਲੀ ਦਾ,
ਕੱਲਰੀ ਨਾਗ ਨਾ ਡੱਸੇ,
ਜਿਨ੍ਹੇਂ ਸਾਡੇ ਜਨਮ ਦਿਨ ਤੇ,
ਖ਼ੁਸ਼ੀ ਦੇ ਗੀਤ ਗਾਉਣੇ ਨੇ ।

ਇਨ੍ਹਾਂ ਬੰਬਰਾਂ ਦੇ ਬੰਬਾਂ 'ਚ,
ਕਿਸੇ ਦਾ ਕੰਤ ਨਾ ਝੁਲਸੇ,
ਜਿਨ੍ਹਾਂ ਜੀਵਨ ਬਗੀਚੀ 'ਚ,
ਸਾਡੇ ਜਿਹੇ ਫੁੱਲ ਹਸਾਉਣੇ ਨੇ !

ਅਸੀਂ ਰਲ ਕੇ ਜੱਗ ਅੰਦਰ,
ਐਸਾ ਇਕ ਦੌਰ ਲਿਆਵਾਂਗੇ,
ਜਿਥੇ ਬੰਦੇ ਨੇ ਬੰਦੇ ਦੀ,
ਸਾਂਝਾਂ ਦੇ ਯੁਗ ਵਸਾਉਣੇ ਨੇ ।

## ਰੂਹ ਦਾ ਸੁਨੇਹਾ !

ਸੋਹਨ ਸਿੰਘ ਪੁਰੇਵਾਲ

ਇਹ ਜੀਵਨ ਵੀ ਹੈ
ਜਿੱਤ ਕੇ ਵੀ ਹਾਰ ਦੀ
ਜੀਉਂ ਤੁਰੇ ਕਹਾਣੀ
ਕੰਡਿਆਂ ਦੇ ਖਾਰ ਦੀ ।
ਆਪਣੇ ਵਾਂਗੂੰ ਭੁਖੀ
ਸਦੀਆਂ ਦੀ ਖੰਡਰ
ਆਪਣੀ ਹੀ ਰਾਖ ਦੀ
ਇਕ ਆਸ ਟੁੱਟੇ
ਇਕ ਸ਼ਾਖ ਦੀ
ਜਿਸ ਤੋਂ ਬਿਨਾਂ ਪਿਆਸੀ ਹੋਂਦ
ਜਨਾਬ ਹੈ ਆਪ ਦੀ
ਨਜ਼ਰਾਂ 'ਚੋਂ ਹੈ ਤਿਰਛੀ ਨਜ਼ਰ
ਆਸ਼ਕਾਂ ਨੂੰ ਹੈ ਮਾਰਦੀ
ਰੂਹ ਲੱਖਾਂ ਸਨੇਹੇ ਘਲਦੀ
'ਪੁਰੇਵਾਲ' ਬੰਦਗੀ ਗੁਲਜ਼ਾਰ ਦੀ

ਤੁਰਿਆ ਅਮਨ ਦਾ ਕਾਫ਼ਲਾ
ਜਹਾਨ ਨਾਲ ਹੈ,
ਕਾਮਗਾਰ ਨਾਲ ਹੈ,
ਕਿਸਾਨ ਨਾਲ ਹੈ ।

(ਆਵਾਜ਼ਾਂ-ਂ

4. ਕਤਲ ਹੋਣ ਵਾਲੇ ਗੱਦਾਰ ਹਰਨਾਮ ਸਿੰਘ ਦੇ ਭਰਾ ਪਰਤਾਪ ਸਿੰਘ ਦੀ ਗ਼ਦਰੀਆਂ ਵਿਰੁੱਧ ਮਨ-ਬਦਲੀ ਦਾ ਮੋਟਿਫ਼ (ਕਾਂਡ 99)
5. ਮੇਵਾ ਸਿੰਘ ਅਤੇ ਪ੍ਰੋਫ਼ੈਸਰ ਤੇਜਾ ਸਿੰਘ ਦੇ ਵਾਰਤਾਲਾਪ ਵਿੱਚ, ਗੁਰਦੁਆਰਿਆਂ ਵਿੱਚ "ਮੁਗਲਾਂ ਦੇ ਜੰਗਾਂ ਦੇ ਇਤਿਹਾਸ ਦੁਹਰਾਓ" ਸਮੇਂ "ਮੁਸਲਮਾਨ ਭਰਾਵਾਂ ਦੇ ਨੱਕ ਮੂੰਹ ਵੱਟਣ" ਜਾਂ ਗੁਰਦੁਆਰਿਆਂ ਵਿੱਚ "ਬ੍ਰਾਹਮਣਾਂ ਦੀ ਖੱਲ ਲਾਹੇ ਜਾਣ" ਦੇ ਮੋਟਿਫ਼ (ਕਾਂਡ 48)

ਅਜਿਹੀਆਂ ਅਨੇਕਾਂ ਉਦਾਹਰਣਾਂ ਹੋ ਸਕਦੀਆਂ ਹਨ। ਬੁਨਿਆਦੀ ਨੁਕਤਾ ਇਹ ਹੈ ਕਿ ਨਾਵਲਕਾਰ, ਨਾਵਲ-ਜਗਤ ਵਿੱਚ 'ਖੁੱਲੇ' ਅਤੇ 'ਬੱਝੇ' ਮੋਟਿਫ਼ਾ ਦੀ ਹੋਂਦ ਅਤੇ ਲੋੜ ਬਾਰੇ ਸੁਚੇਤ ਹੈ ਜੋ ਲੋੜ ਅਨੁਸਾਰ ਨਾਵਲ-ਗਤੀ ਨੂੰ ਤਿੱਖਾ ਜਾਂ ਮੱਠਾ ਕਰਦੇ ਹਨ। ਨਾਵਲ ਦਾ ਸਭ ਤੋਂ ਛੋਟਾ ਕਾਂਡ (ਕਾਂਡ 82) ਕੇਵਲ ਅੱਠ ਸਤਰਾਂ ਦਾ ਹੈ ਅਤੇ ਟਾਊਟਾਂ ਦੀ ਦੁਰਦਸ਼ਾ ਵਾਲੇ 'ਗਤੀਹੀਣ ਮੋਟਿਫ਼' ਦੀ ਸਿਰਜਣਾ ਨਾਲ ਸੰਬੰਧਤ ਹੈ — ਮੋਟਿਫ਼ ਸਿਰਜਣਾ ਵੱਲ ਨਾਵਲਕਾਰ ਦੇ ਦ੍ਰਿਸ਼ਟੀਕੋਣ ਦਾ ਏਸੇ ਤੋਂ ਅੰਦਾਜ਼ਾ ਲੱਗ ਸਕਦਾ ਹੈ।

ਇਸ ਵਿਸ਼ਲੇਸ਼ਣ ਵਿੱਚ ਅਖੀਰਲਾ ਨੁਕਤਾ ਗਲਪ-ਜਗਤ ਦੇ ਸਿਰਜਤ-ਸੱਚ ਅਤੇ ਪ੍ਰਾਪਤ ਇਤਿਹਾਸਕ-ਸੱਚ ਦੀ ਪ੍ਰਮਾਣਕਤਾ ਨਾਲ ਸੰਬੰਧਤ ਹੈ। ਸਿਰਜਤ ਨਾਵਲ-ਜਗਤ ਵਿੱਚ, ਪਹਿਲਾਂ ਬਿਆਨੇ ਜਾ ਚੁੱਕੇ ਇਤਿਹਾਸਕ-ਚਿੱਤਰਾਂ ਤੋਂ ਇਲਾਵਾ ਹੋਰ ਵੀ ਬਹੁਤੇ ਸਾਰੇ ਇਤਿਹਾਸਕ-ਸੱਚ ਸਮੋਏ ਹੋਏ ਹਨ: ਵੈਨਕੂਵਰ ਗੁਰਦੁਆਰੇ ਦਾ ਹੋਂਦ ਵਿੱਚ ਆਉਣਾ ਅਤੇ ਧਾਰਮਕ ਦੇ ਨਾਲ ਨਾਲ ਸਿਆਸੀ ਕੇਂਦਰ ਬਣਨਾ; ਹਾਂਡੂਰਸ ਘੋਲ; ਟੱਬਰ ਲਿਆਉਣ ਦਾ ਘੋਲ; ਕਾਮਾਗਾਟਾ ਮਾਰੂ; ਗ਼ਦਰੀਆਂ ਉੱਤੇ ਰੂਸ ਦੇ 1905 ਦੇ ਅਸਫਲ ਇਨਕਲਾਬ ਦੇ ਪ੍ਰਭਾਵ; ਸਮਾਜਵਾਦੀ ਪ੍ਰਭਾਵਾਂ ਦਾ ਉਦੈ ਹੋਣਾ; ਜ਼ਖਮੀ ਭਾਈ ਭਾਗ ਸਿੰਘ ਨੂੰ ਕਿਸੇ ਸਾਥੀ ਨਾਲ ਮੁਲਾਕਾਤ ਨਾ ਕਰਨ ਦੇਣ ਦੀ ਸਰਕਾਰੀ ਸਾਜਸ਼; ਗੱਦਾਰ ਹਰਨਾਮ ਸਿੰਘ ਅਤੇ ਅਰਜਨ ਸਿੰਘ ਦੇ ਕਤਲ; ਮੇਵਾ ਸਿੰਘ ਤੋਂ ਬਾਅਦ ਵੈਨਕੂਵਰ ਦੇ ਆਗੂਆਂ ਨੂੰ ਮੁਕੱਦਮਿਆਂ ਵਿੱਚ ਫਸਾਉਣ ਦੀ ਸਰਕਾਰੀ ਚਾਲ; ਕੈਨੇਡਾ ਸਰਕਾਰ ਦਾ ਨਸਲਵਾਦੀ ਪੋਲ; ਪਾੜੋ ਅਤੇ ਰਾਜ ਕਰੋ ਦੀ ਨੀਤੀ ਦੀਆਂ ਝਲਕਾਂ; ਹਾਪਕਿਨਸਨ ਉਲਾਰਪਣ। ਅਜਿਹੀਆਂ ਹੋਰ ਉਦਾਹਰਣਾਂ ਵੀ ਹੋ ਸਕਦੀਆਂ ਹਨ। ਇਹ ਸਭ ਘਟਨਾਵਾਂ ਨਾਵਲੀ-ਸੰਰਚਨਾ ਦੇ ਕਲਾਤਮਕ ਸੂਤਰ ਵਿੱਚ ਬੰਨੀਆਂ ਹੋਣ ਕਰਕੇ ਵੀ ਧਿਆਨਯੋਗ ਹਨ ਅਤੇ ਇਸ ਕਰਕੇ ਵੀ ਕਿ ਨਿੱਕੇ ਤੋਂ ਨਿੱਕੇ ਇਤਿਹਾਸਕ ਵੇਰਵਿਆਂ ਦੀ ਪ੍ਰਮਾਣਕਤਾ ਦੀ ਪੁਸ਼ਟੀ ਹੋਰ ਪ੍ਰਾਪਤ ਇਤਿਹਾਸਕ-ਪੁਸਤਕਾਂ ਵਿੱਚੋਂ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਤਿਹਾਸਕ ਸੱਚ ਦੀ ਪ੍ਰਮਾਣਕਤਾ ਬਾਰੇ ਕੁਝ ਵਿਸ਼ਲੇਸ਼ਣਾਤਮਕ ਨੁਕਤੇ ਧਿਆਨ-ਯੋਗ ਹਨ, ਜਿੰਨ੍ਹਾਂ ਵਿੱਚੋਂ ਕੁਝ ਕੁ ਇਤਿਹਾਸਕ ਖੋਜ ਨਾਲ ਸੰਬੰਧਤ ਹਨ ਅਤੇ ਇਕ ਨੁਕਤੇ ਦਾ ਸੰਬੰਧ ਸਮੁੱਚੇ ਇਤਿਹਾਸਕ ਸੰਦਰਭ ਵਿੱਚ ਲੇਖਕ ਦੇ ਸਿਰਜਾਣਤਮਕ ਵਿਵੇਕ ਨਾਲ ਹੈ:

1. ਕੁਝ ਇਤਿਹਾਸਕ ਵੇਰਵੇ ਲੇਖਕ ਦੇ ਇੱਕ ਹੋਰ ਨਾਵਲ "ਸਿੰਘ ਸਾਹਿਬ ਦੀ ਸ਼ਹਾਦਤ" ਨਾਲ ਮੇਲ ਨਹੀਂ ਖਾਂਦੇ।
   ਚਰਚਾ-ਅਧੀਨ ਨਾਵਲ ਵਿੱਚ ਭਾਈ ਭਾਗ ਸਿੰਘ ਦੀ ਸੰਤਾਨ ਦੇ ਜ਼ਿਕਰ ਸਮੇਂ ਪਹਿਲਾਂ ਦੋ ਪੁਤਰੀਆਂ ਦਾ ਜ਼ਿਕਰ ਹੈ (ਕਾਂਡ 57), ਫੇਰ ਇੱਕੋ ਯਤੀਮ ਪੁਤਰੀ ਦਾ (ਕਾਂਡ 97)। ਇਕ ਪੁੱਤਰ ਜੋਗਿੰਦਰ ਸਿੰਘ ਦਾ ਜ਼ਿਕਰ ਨਾਵਲਕਾਰ ਦੀ ਅੱਖੋਂ ਉਹਲੇ ਹੋ ਗਿਆ ਜੋ "ਸਿੰਘ ਸਾਹਿਬ ਦੀ ਸ਼ਹਾਦਤ" (ਕਾਂਡ 37) ਵਿੱਚ ਪ੍ਰਾਪਤ ਹੈ।
   ਭਾਈ ਬਲਵੰਤ ਸਿੰਘ ਖੁਰਦਪੁਰ ਅਤੇ ਉਸਦੀ ਪਤਨੀ ਕਰਤਾਰ ਕੌਰ ਨੂੰ ਮੇਵਾ ਸਿੰਘ ਦੀ ਫਾਂਸੀ (11 ਜਨਵਰੀ 1915) ਵਾਲੇ ਦਿਨ ਵੈਨਕੂਵਰ ਵਿੱਚ ਹਾਜ਼ਰ ਦਿਖਾਇਆ ਗਿਆ ਹੈ (ਕਾਂਡ 111) ਜਦਕਿ "ਸਿੰਘ ਸਾਹਿਬ ਦੀ ਸ਼ਹਾਦਤ" (ਕਾਂਡ 3) ਵਿੱਚ ਉਨ੍ਹਾਂ ਦੋਹਾਂ ਨੂੰ ਏਸੇ ਸਮੇਂ ਸ਼ੰਘਾਈ ਵਿੱਚ ਦਿਖਾਇਆ ਗਿਆ ਹੈ।
2. ਮੇਵਾ ਸਿੰਘ ਦੀ ਫਾਂਸੀ ਵਾਲੇ ਦਿਨ ਹੀ ਹਸਨ ਰਹੀਮ ਨੂੰ ਵੀ ਹਾਜ਼ਰ ਦਿਖਾਇਆ ਗਿਆ ਹੈ ਜਦਕਿ ਸੋਹਣ ਸਿੰਘ ਜੋਸ਼ ਦੀ ਪੁਸਤਕ "ਕਾਮਾਗਾਟਾ ਮਾਰੂ ਦਾ ਦੁਖਾਂਤ" (ਪੰਨਾ 134) ਅਨੁਸਾਰ "ਉਹਨੂੰ 1914 ਵਿੱਚ ਆਵਾਸ ਦੇ ਮਹਿਕਮੇ ਦੇ ਬੰਦਿਆਂ ਨੇ ਕਤਲ ਕਰ ਦਿੱਤਾ" ਹਸਨ ਰਹੀਮ ਵਰਗੇ ਸਿਧਾਂਤਕਾਰ ਦੀ ਮੌਤ ਕਦੋਂ, ਕਿਵੇਂ ਅਤੇ ਕਿੱਥੇ ਹੋਈ? ਇਹ ਸਾਡੇ ਸਾਰਿਆਂ ਲਈ ਖੋਜ ਦਾ ਵਿਸ਼ਾ ਹੈ।
3. ਨਾਵਲੀ-ਜਗਤ ਵਿੱਚ ਮੇਵਾ ਸਿੰਘ ਦੇ ਸਿਰਜਤ ਪਾਤਰ ਦਾ ਮੁੱਖ-ਪ੍ਰੇਰਕ ਸੋਮਾ ਸਿੱਖ-ਇਤਿਹਾਸ ਹੈ। ਉਸਦੇ ਕਿਰਦਾਰ ਨੂੰ ਦਿੱਤੀ ਗਈ ਧਾਰਮਕ ਰੰਗਣ ਰਾਹੀਂ ਨਾਵਲ-ਸਿਰਜਕ ਦੇ ਸਿਰਜਾਣਤਮਕ ਵਿਵੇਕ ਦੀਆਂ ਸੀਮਾਵਾਂ ਸਹਿਜ-ਸੁਭਾ ਹੀ ਰੂਪਮਾਨ ਹੁੰਦੀਆਂ ਹਨ। ਗ਼ਦਰੀਆਂ ਵਿੱਚ ਧਰਮ-ਨਿਰਪੇਖਤਾ ਦੀ ਸੂਝ-ਬੂਝ ਅਤੇ ਸਮਾਜਵਾਦੀ ਸਿਧਾਂਤ ਦੇ ਵਧ ਰਹੇ ਪ੍ਰਭਾਵ ਬਾਰੇ, ਨਾਵਲੀ-ਜਗਤ ਵਿੱਚ ਬਾਰ ਬਾਰ ਸੰਕੇਤ ਮਿਲਦੇ ਹਨ ਪਰ ਮੇਵਾ ਸਿੰਘ ਦਾ ਪਾਤਰ ਸਿਖੀ ਦੀ ਗੂਹੜੀ ਰੰਗਣ ਵਿੱਚ ਰੰਗਿਆ ਹੀ ਦਿਖਾਇਆ ਗਿਆ। ਬਹੁਤੇ ਗ਼ਦਰੀ ਭਾਵੇਂ ਸਿੱਖ ਸਨ ਅਤੇ ਸਿੱਖ ਇਤਿਹਾਸ ਹੀ ਉਹਨਾਂ ਦਾ ਪ੍ਰੇਰਣਾ-ਸਰੋਤ ਹੋਵੇਗਾ, ਪਰ ਸਮੁੱਚੇ ਇਤਿਹਾਸਕ ਸੰਦਰਭ ਵਿੱਚ ਉਹਨਾਂ ਦੀ ਮੰਜ਼ਲ ਹਿੰਦੁਸਤਾਨ ਦੀ ਆਜ਼ਾਦੀ ਹੋਣ ਕਰਕੇ ਗ਼ਦਰ ਲਹਿਰ ਵਿੱਚ ਉਹ ਹਿੰਦੁਸਤਾਨੀਅਤ ਦੇ ਪ੍ਰਤੀਕ ਸਨ, ਸਿੱਖੀ ਦੇ ਨਹੀਂ। ਸਿਰਜਤ ਪਾਤਰ ਮੇਵਾ ਸਿੰਘ ਹੁਣ ਨਾਵਲ ਦੇ ਅੰਤ ਵਿੱਚ ਗ਼ਦਰ ਲਹਿਰ ਦੇ ਵਡੇਰੇ ਇਤਿਹਾਸਕ ਪਿਛੋਕੜ ਵਿੱਚ ਹਿੰਦੁਸਤਾਨੀਅਤ ਜਾਂ ਧਰਮ-ਨਿਰਪੇਖਤਾ ਦਾ ਪ੍ਰਤੀਕ, ਪ੍ਰਾਪਤ-ਇਤਿਹਾਸਕ-ਸੱਚ ਵਾਲੀ ਸ਼ਿਦਤ ਨਾਲ ਬਣਕੇ ਨਹੀਂ ਉਭਰ ਸਕਿਆ।

●

ਇਸ ਵਿਸ਼ਲੇਸ਼ਣ ਦੇ ਆਧਾਰ 'ਤੇ ਅਸੀਂ ਕੈਨੇਡੀਅਨ ਪੰਜਾਬੀ ਨਾਵਲ ਬਾਰੇ ਇਨ੍ਹਾਂ ਸਿੱਟਿਆਂ 'ਤੇ ਪੁਜਦੇ ਹਾਂ:

1. ਕੈਨੇਡੀਅਨ ਪੰਜਾਬੀ ਨਾਵਲ ਕੇਸਰ ਸਿੰਘ ਦੇ ਹੱਥਾਂ ਵਿੱਚ ਹੀ ਜਨਮਿਆ ਅਤੇ ਵਿੱਕਸਤ ਹੋਇਆ ਹੈ। ਕਿਸੇ ਹੋਰ ਲੇਖਕ ਦੁਆਰਾ ਗਿਣਨ-ਯੋਗ ਕੋਈ ਨਾਵਲ ਹਾਲੇ ਤੱਕ ਕੈਨੇਡਾ ਵਿੱਚ ਰਚਿਆ ਹੀ ਨਹੀਂ ਗਿਆ।
2. ਪੰਜਾਬੀ ਸਾਹਿਤ ਦੀ ਸਮੁੱਚੀ ਪਰੰਪਰਾ ਵਿੱਚ ਵੀ ਕੇਸਰ ਸਿੰਘ ਦਾ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਗਿਣਨਯੋਗ ਯੋਗਦਾਨ ਹੈ। ਉਸਦਾ ਇਹ ਯੋਗਦਾਨ ਪਰਮੁੱਖ ਰੂਪ ਵਿੱਚ ਇਤਿਹਾਸਕ-ਨਾਵਲ ਦੇ ਖੇਤਰ ਵਿੱਚ ਹੈ।
3. ਸਮੁੱਚੇ ਪੰਜਾਬੀ ਨਾਵਲ-ਖੇਤਰ ਵਿੱਚ ਉਸਦਾ ਅਜੋਕਾ ਸਿਰਜਣਾਤਮਕ ਵਿਵੇਕ ਨਾਨਕ ਸਿੰਘ — ਕੰਵਲ ਪਰੰਪਰਾ ਦੇ ਆਦਰਸ਼-ਪ੍ਰੇਰਿਤ ਨਾਵਲਕਾਰਾਂ ਤੋਂ ਅੱਗੇ; ਗੁਰਦਿਆਲ ਸਿੰਘ ਵਾਲੀ ਡੂੰਘੀ ਇਤਿਹਾਸਕ-ਸਾਂਸਕ੍ਰਿਤਕ ਚੇਤਨਾ ਵਾਲੀ ਨਵੀਨ ਧਾਰਾ ਤੋਂ ਪਿਛੇ; ਕਿਤੇ ਸੋਹਣ ਸਿੰਘ ਸੀਤਲ ਦੇ ਬਰਾਬਰ ਜਿਹੇ ਮਿਥਿਆ ਜਾ ਸਕਦਾ ਹੈ।
4. ਕੈਨੇਡੀਅਨ ਪੰਜਾਬੀ ਨਾਵਲ ਨੂੰ ਕਿਸੇ ਅਜਿਹੇ ਨਾਵਲ ਦੀ ਜ਼ਰੂਰਤ ਹੈ ਜੋ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੀ ਅਜੋਕੀ ਜ਼ਿੰਦਗੀ ਨਾਲ ਸੰਬੰਧਤ ਸਮੁੱਚੀਆਂ ਸਮੱਸਿਆਵਾਂ ਨੂੰ ਆਪਣੀ ਗਲਪ-ਰਚਨਾ ਦਾ ਭਰਪੂਰ ਵਿਸ਼ਾ ਬਣਾ ਸਕੇ।

●

(EDMONTON, ALBERTA)


## ਸਰੀ ਵਿਚ ਬਲੂ ਬੇਰੀ ਫਾਰਮ ਸੇਲ 'ਤੇ

ਸਰੀ ਵਿਚ 6.23 ਏਕੜ ਦਾ ਫਾਰਮ ਜਿਸ ਵਿਚ ਤਿੰਨ-ਬੈੱਡ ਰੂਮ ਦਾ ਖੁਲ੍ਹਾ ਘਰ ਹੈ ਤੇ ਸਾਢੇ ਪੰਜ ਏਕੜ ਵਿਚ ਬਲੂ ਬੇਰੀ ਲੱਗੀ ਹੋਈ ਹੈ — ਨਵੇਂ ਸ਼ਾਪਿੰਗ ਸੈਂਟਰ ਦੇ ਬਹੁਤ ਨੇੜੇ ਹੈ

**ਕੀਮਤ ਸਿਰਫ $169,900**

ਹੋਰ ਜਾਣਕਾਰੀ ਲਈ ਫੋਨ ਕਰੋ:

**ਦਲਜੀਤ ਸਿੰਘ ਤੂਰ**
**594-7629 ਜਾਂ**
**ਦਫਤਰ : 590-1321**

ROYAL LePAGE


## ਕਵਿਤਾ

ਉੱਜਲ ਦੋਸਾਂਝ

ਕਵਿਤਾ ਜਨਮੇ
ਅਸਲੀਅਤ ਦੀਆਂ ਕਾਲਖਾਂ ਜਾਂ ਚਾਨਣਾਂ 'ਚੋਂ ਜਾਂ ਫਿਰ ਜਨਮੇ
ਗਾੜ੍ਹਿਆਂ ਪਸੀਨਿਆਂ 'ਚੋਂ, ਲਾਲ ਰੱਤੇ ਖ਼ੂਨਾਂ ਵਿਚੋਂ!
ਇਸ ਤਰ੍ਹਾਂ ਜਨਮੀ ਕਵਿਤਾ—ਕਵਿਤਾ ਹੋਵੇ ਜਿਸ ਨੂੰ ਸੁਣਕੇ
ਹਰ ਜ਼ਾਲਮ ਦੀ ਹਿੱਕ 'ਚੋਂ ਖ਼ੂਨ ਚੋਵੇ!


## J.S. Home Construction Ltd.

7709 - 122A St., Surrey, B.C.

**Residential and Commercial Specialists in Custom Homes**

**ਰਿਹਾਇਸ਼ੀ ਅਤੇ ਵਪਾਰਕ ਬਿਲਡਿੰਗਾਂ ਲਈ ਸਾਨੂੰ ਸੇਵਾ ਦਾ ਮੌਕਾ ਦਿਓ**

ਕਸਟਮ ਹੋਮ ਬਣਾਉਣ ਵਿਚ ਸਾਨੂੰ ਖਾਸ ਮੁਹਾਰਤ ਹਾਸਲ ਹੈ
ਘਰ ਬਣਾਉਣ ਬਾਰੇ ਹੋਰ ਜਾਣਕਾਰੀ ਲਈ ਫੋਨ ਕਰੋ:

**ਸਤਨਾਮ ਸ਼ੇਕਰ**
**596-6517**


## ਜ਼ਰਾ ਸੋਚ

ਡਾ: ਮਹਿੰਦਰ ਗਿੱਲ

ਸੁਪਨਿਆਈ ਰੁੱਤ ਦੀਆਂ
ਸਨ ਰੱਤੜੀਆਂ ਰਾਤਾਂ
ਨੈਣਾਂ ਦਿਆਂ ਝਰਨਿਆਂ ਰਾਹੀਂ
ਸਨ ਹੁੰਦੀਆਂ ਦਿਲ ਦੀਆਂ ਬਾਤਾਂ
ਰੂਹ ਦਾ ਮੋਹ ਸੀ ਤੇ
ਬੱਦਲਾਂ ਦਾ ਸੰਗੀਤ ਹੁੰਦਾ ਸੀ
ਲਹੂ ਵਿਚ ਮੀਂਹ ਵਰਸਦਾ
ਜੇਠ ਠੰਡਾ ਸੀਤ ਹੁੰਦਾ ਸੀ।
ਪਿੰਡੇ ਲਰਜ਼ਦੀਆਂ ਲਹਿਰਾਂ
ਬਿਜਲੀਆਂ ਆਸਮਾਨੀ ਜਿਉਂ
ਨਸਾਂ ਵਿਚ ਨੂਰੀਆਂ ਸੰਗ ਖੇਲਦੇ
ਸੁਪਨੇ ਨੂਰਾਨੀ ਜਿਉਂ।
ਸਦਾ ਚੰਨ-ਤਾਰਿਆਂ ਦੇ ਤੋਹਫੇ
ਜਾਂ ਸਾਗਰ ਸੁਗਾਤਾਂ ਸਨ
ਮੇਰੇ ਹਰ ਬੋਲ ਅੰਦਰ
ਬੰਦ ਜੀਕਣ ਕਾਇਨਾਤਾਂ ਸਨ
ਜ਼ਹਿਰ ਦੇ ਅੰਬਰੀਂ
ਸੋਚਾਂ ਦੀਆਂ ਸਤਰੰਗੀਆਂ ਪੀਂਘਾਂ
ਜਵਾਨੀ ਦੇ ਲਲਾਰੀ ਨੇ
ਲਹੂ ਵਿਚ ਰੰਗੀਆਂ ਪੀਂਘਾਂ।
ਜਿਸਮ ਦੇ ਸਾਗਰਾਂ ਵਿਚ
ਲਹਿੰਦੀਆਂ ਤੇ ਚੜ੍ਹਦੀਆਂ ਛੱਲਾਂ
ਅਨੇਕਾਂ ਵਾਰ ਕਿਸ਼ਤੀ ਸੋਚ ਦੀ
ਲੈ ਖੜਦੀਆਂ ਛੱਲਾਂ।
ਹਿਕ ਦੀ ਤਪਸ਼ ਤੋਂ ਨਿੱਘ ਮੰਗਿਆ
ਸਿੱਲੀਆਂ ਹਵਾਵਾਂ ਨੇ
ਕਿਲੇ ਤੋਂ ਧੜਕਣਾਂ ਸਿਖਿਆ ਸੀ
ਸ਼ਾਇਦ ਕਹਿਕਸ਼ਾਵਾਂ ਨੇ।
ਜਿਵੇਂ ਚੁਪ-ਚਾਪ ਫੰਬੇ ਬਰਫ ਦੇ
ਡਿਗਦੇ ਸਿਆਲਾਂ ਨੂੰ
ਇਵੇਂ ਬਿਨ 'ਵਾਜ਼ ਤੋਂ
ਕੋਈ ਖਾ ਗਿਆ
ਮੇਰੇ ਹੁਨਾਲਾਂ ਨੂੰ।
ਨਮੀ ਜਿੰਦੂ ਦੀ ਸੁਕਦੀ ਵੇਖ ਕੇ
ਚੁਪ-ਚਾਪ ਚੀਕਾਂ ਮੈਂ
ਧਰਤ ਦੇ ਕੰਢਿਆਂ ਤੇ ਬੈਠ
ਪਰਲੋ ਨੂੰ ਉਡੀਕਾਂ ਮੈਂ।

## ਹਰਜੀਤ ਦੌਧਰੀਆ

ਪੋਹ ਦੀ ਕਾਲੀ ਬੋਲੀ ਰਾਤੇ
ਚੁਤਰਫੀਂ ਘੁੱਪ ਹਨੇਰ-ਖਾਤੇ
ਉੱਗੀਆਂ ਕਣਕਾਂ
ਚੁਗੀਆਂ ਕਪਾਹਾਂ ਦੇ
ਲੁਟੇਰਿਆਂ ਦਾ ਲੋਹੜਾ ਪਸਰਿਆ
ਲੁੱਟਾਂ
ਦੱਬਾਂ
ਗੋਲੀਆਂ ਦੇ ਸੀਨਿਆਂ 'ਚ ਲਗਣ ਦੀ
ਹਾਹਾਕਾਰ ਏ।
ਇਸ ਅੱਤ ਦੇ ਰਾਕਸ਼ ਨੂੰ ਸਾੜਨ ਲਈ
ਆਉ
ਲੋਹੜੀ ਲਾਈਏ!
ਸੁੱਕੇ ਸਰਕੜੇ ਦਾ ਪੂਲਾ ਵਿਚਾਲੇ ਟਿਕਾ ਕੇ
ਉਦਾਲੇ-ਪੁਦਾਲੇ ਡੱਕਰੇ ਪਾਥੀਆਂ
ਸੁੱਕਾ-ਗਿੱਲਾ ਬਾਲਣ
ਪਾਈਏ।
ਔਹ ਦੇਖੋ
ਪਿੱਪਲਾਂ-ਬੋਹੜਾਂ ਦੇ ਮੁੱਢ
ਰਾਹਾਂ 'ਚ ਪਏ ਖੁੰਢ
ਇਹਨਾਂ ਨੂੰ ਪਾੜ ਪਾੜ ਕੇ
ਲੋਹੜੀ 'ਤੇ ਪਾਈਏ
ਇਕ ਤੀਲੀ ਸਰਕੜੇ ਨੂੰ ਲਾਈਏ
ਭਾਂਬੜ ਮੱਚ ਪਏਗਾ......।

# AMBIKA FOODS

## 5125 Victoria Drive
## Vancouver, B.C. Canada

**PHONE: 327—0295**

SALE FROM AUG. 1/87 TO AUG. 15/87

# ਰਖਸ਼ਾ ਬੰਧਨ ਸੇਲ

WE RESERVE THE RIGHT TO LIMIT QUANTITIES
THE PRICES ARE SUBJECT TO CHANGE WITHOUT NOTICE

| | | |
|---|---|---|
| ਬਦਾਮ<br>ALMONDS<br>LB. $2.49 | ਵੈਜੀਟੇਬਲ ਤੇਲ<br>VEGETABLE OIL<br>$2.29 3L. | ਦੁੱਧ (MILK)<br>(WITH GROCERY)<br>4 L. $2.89 |
| Whole Wheat Atta<br>ਆਟਾ<br>20 lb. $4.99 | ਚਨਾ ਦਾਲ<br>CHANA DAAL<br>29¢ LB | ਮਾਰਜਰੀਨ<br>MARGARINE<br>LB 49¢ |
| ਚਿਕਨ ਲੈਗਜ਼<br>CHICKEN LEGS<br>99¢ LB. | ਪਚਰੰਗਾ ਅਚਾਰ<br>PACHRANGA PICKLE<br>800 gms. tin 99¢ | ਕਾਲੇ ਛੋਲੇ<br>BLACK CHANA<br>29¢ LB. |
| ਖੰਡ<br>SUGAR<br>10 kg. $4.99 | ਰੂਹਅਫਜ਼ਾ<br>ROOH AFZA<br>$1.99 Bottle | ਸਨਫਲਾਵਰ ਤੇਲ<br>SUNFLOWER OIL<br>3 L. $2.99 |
| ਮਾਂਹ/ਮੂੰਗੀ<br>MANH/MOONGI<br>EA. LB. 37¢ | ਹਲਦੀ, ਮਿਰਚਾਂ, ਮੇਥੇ, ਧਨੀਆਂ<br>Haldi, Mirch, Methe, Dhania<br>99¢ Grind your own Masal<br>LB —EA. | LP Record<br>9 9 ¢<br>with purchase Price |
| ਸ਼ਗਨਾਂ ਦੇ ਥਾਲ<br>With this Coupon<br>$7.99 | ਗੰਢੇ<br>Onions<br>$8.99 50 LB. | ਅੰਬਾਂ ਦਾ ਡੱਬਾ<br>MANGO CASE<br>SPECIAL PRICE |

# GILL AUTO SALES

DLR #8220

7762 - Edmonds St., Burnaby, B.C.

**Ph. 522- 2122**

**LATE MODELS ALL MAKES**

***QUALITY PRE-OWNED CARS & TRUCKS***

**FORTY CARS TO CHOOSE FROM**

**SPECIAL BRAKE JOB**

**Most Cars**

**Front Brakes $69.00**

(Turn Rotars, Repack bearings new pads) CK All Brake hoses

**Rear Brakes $79.00**

(Turn Drums, Re-line brakes)

**Metalic Brakes $15.00 Extra**

**Full Mechanical Repair Facility**
**Certified Mechanic**

## Rate $30/hr. only

**Guaranteed Work**

**SPECIAL TUNE-UP RATES**

**4 cyl. $24+Parts**
**6 cyl. $34+Parts**
**8 cyl. $44+Parts**



# SPECIAL RATE FOR:

**GILL VAN CONVERSION**

Special van interior from **$699.00 each**
Brand new bench seats from **$250.00 each**
Captain chairs from **$195.00 ea.**
Sofa beds from **$425.00 ea.**

*Full line of van accessery also available*
*Come & ask for free estimate*
*No obligation or*

**GILL AUTO REPAIR**

- Certified mechanic
- Cheapest rate
- Guaranteed work

***For more information call:***

**Ph. 522-2122**

# ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122